ਪੰਜਾਬੀਆਂ ਦਾ ਹਰਮਨ ਪਿਆਰਾ ਅਖ਼ਬਾਰ

Website:www.janjagranlive.com

ਦਿੱਲੀ ਤੋਂ ਪ੍ਰਕਾਸ਼ਿਤ



# ਜਨ ਜਾਗਰਣ



R.N.I No. DELPUN/2015/65303

Email- janjagran1988@gmail.com

Daily Jan Jagran Delhi

ਸਾਲ : 11 ਅੰਕ : 135 ਦਿਨ : ਸ਼ੁੱਕਰਵਾਰ ਮਿਤੀ : 16 ਮਈ, 2025 ਮੁੱਲ : 1.00 ਰੁਪਏ ਫੋਨ : 099998-89104 ਕੁੱਲ ਸਫੇ = 8

## ਰਾਸ਼ਟਰਪਤੀ ਨੇ ਸੂਬਿਆਂ ਦੇ ਬਿੱਲਾਂ ਸਬੰਧੀ ਸੁਪਰੀਮ ਕੋਰਟ ਦੇ ਫੈਸਲੇ 'ਤੇ ਇਤਰਾਜ਼ ਉਠਾਇਆ

### ਸੰਵਿਧਾਨ 'ਚ ਕਿਤੇ ਵੀ ਬਿੱਲਾਂ ਸਬੰਧੀ ਫੈਸਲਾ ਲੈਣ ਦੀ ਸਮਾਂ ਸੀਮਾ ਨਿਰਧਾਰਤ ਨਹੀਂ: ਮੁਰਮੂ

ਨਵੀਂ ਦਿੱਲੀ, 15 ਮਈ (ਪੱਤਰ ਪ੍ਰੇਰਕ)–ਸੁਪਰੀਮ ਕੋਰਟ ਨੇ ਅੱਠ ਅਪਰੈਲ ਨੂੰ ਕਿਹਾ ਸੀ ਕਿ ਸੂਬਿਆਂ ਵੱਲੋਂ ਭੇਜੇ ਬਿੱਲਾਂ 'ਤੇ ਰਾਜਪਾਲ ਤੈਅ ਕੀਤੇ ਗਏ ਸਮੇਂ ਵਿੱਚ ਫੈਸਲਾ ਲੈਣ ਤੇ ਰਾਜਪਾਲ ਵਲੋਂ ਭੇਜੇ ਬਿੱਲਾਂ 'ਤੇ ਰਾਸ਼ਟਰਪਤੀ ਤਿੰਨ ਮਹੀਨਿਆਂ ਅੰਦਰ ਫੈਸਲਾ ਲੈਣ। ਦੂਜੇ ਪਾਸੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਅਜਿਹੇ ਹੁਕਮਾਂ ਦੀ ਵੈਧਤਾ 'ਤੇ ਸਵਾਲ ਚੁੱਕੇ ਹਨ। ਰਾਸ਼ਟਰਪਤੀ ਨੇ ਕਿਹਾ ਕਿ ਸੰਵਿਧਾਨ ਵਿਚ ਕਿਤੇ ਵੀ ਇਨ੍ਹਾਂ ਬਿੱਲਾਂ ਬਾਰੇ ਸਮਾਂ ਸੀਮਾ ਤੈਅ ਨਹੀਂ ਕੀਤੀ ਗਈ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੁਪਰੀਮ ਕੋਰਟ ਤੋਂ 14 ਸਵਾਲ ਪੁੱਛਦਿਆਂ ਸਰਵਉਚ ਅਦਾਲਤ ਦੀ ਰਾਇ ਮੰਗੀ ਹੈ। ਇਹ ਸਵਾਲ 200, 201, 361, 143, 142, 145(3), 131 ਆਰਟੀਕਲ ਤਹਿਤ ਪੁੱਛੇ ਗਏ ਹਨ। ਰਾਸ਼ਟਰਪਤੀ ਨੇ ਪੁੱਛਿਆ ਹੈ ਕਿ ਰਾਜਪਾਲ ਕੋਲ ਕੀ ਵਿਕਲਪ ਹੁੰਦਾ ਹੈ ਜਦ ਕੋਈ ਬਿੱਲ ਉਨ੍ਹਾਂ ਕੋਲ ਆਉਂਦਾਹੈ ਕੀ ਰਾਜਪਾਲ ਨੂੰ ਮੰਤਰੀ ਪਰਿਸ਼ਦ ਦੀ ਸਲਾਹ ਮੰਨਣੀ ਪੈਣੀ ਹੈ, ਕੀ ਰਾਜਪਾਲ ਦੇ ਕੰਮਾਂ ਦੀ ਨਿਆਂਇਕ ਸਮੀਖਿਆ ਕੀਤੀ ਜਾ ਸਕਦੀ ਹੈ। ਰਾਸ਼ਟਰਪਤੀ ਦਾ ਜਵਾਬ ਸਪਸ਼ਟ ਕਰਦਾ ਹੈ ਕਿ ਭਾਰਤ ਦੇ ਸੰਵਿਧਾਨ ਦਾ ਆਰਟੀਕਲ 200 ਰਾਜਪਾਲ ਦੀਆਂ ਸ਼ਕਤੀਆਂ ਅਤੇ ਬਿੱਲਾਂ ਨੂੰ ਮਨਜ਼ੂਰੀ ਦੇਣ ਜਾਂ ਰੋਕਣ ਦੀਆਂ ਪ੍ਰਕਿਰਿਆਵਾਂ ਨੂੰ ਦਰਸਾਉਂਦਾਹੈ, ਇਸ ਦੇ ਨਾਲ ਹੀ ਇਹ ਬਿੱਲ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਰੱਖਣ ਦੀ ਸ਼ਕਤੀ ਵੀ ਦਿੰਦਾ ਹੈ। ਹਾਲਾਂਕਿ ਆਰਟੀਕਲ 200 ਰਾਜਪਾਲ ਲਈ ਇਨ੍ਹਾਂ ਸੰਵਿਧਾਨਕ ਵਿਕਲਪਾਂ ਦੀ ਵਰਤੋਂ ਕਰਨ ਲਈ ਕੋਈ ਸਮਾਂ-ਸੀਮਾ ਨਿਰਧਾਰਤ ਨਹੀਂ ਕਰਦਾ। ਇਸੇ ਤਰ੍ਹਾਂ ਆਰਟੀਕਲ 201 ਬਿੱਲਾਂ ਨੂੰ ਮਨਜ਼ੂਰੀ ਦੇਣ ਜਾਂ ਇਸ ਨੂੰ ਰੋਕਣ ਲਈ ਰਾਸ਼ਟਰਪਤੀ ਦੇ ਅਧਿਕਾਰ ਅਤੇ ਪ੍ਰਕਿਰਿਆ ਦੀ ਰੂਪਰੇਖਾ ਉਲੀਕਦਾ ਹੈ ਤੇ ਇਹ ਵੀ ਸੰਵਿਧਾਨਕ ਸ਼ਕਤੀਆਂ ਦੀ ਵਰਤੋਂ ਲਈ ਕੋਈ ਸਮਾਂ ਸੀਮਾ ਜਾਂ ਪ੍ਰਕਿਰਿਆਵਾਂ ਲਾਗੂ ਨਹੀਂ ਕਰਦਾ। ਇਸ ਤੋਂ ਪਹਿਲਾਂ ਆਪਣੀ ਤਰ੍ਹਾਂ ਦੇ ਪਹਿਲੇ ਫੈਸਲੇ ਵਿੱਚ ਸੁਪਰੀਮ ਕੋਰਟ ਨੇ 12 ਅਪਰੈਲ ਨੂੰ ਦੇਸ਼ ਦੇ ਰਾਸ਼ਟਰਪਤੀ ਲਈ



ਵੀ ਸਮਾਂ ਸੀਮਾ ਨਿਰਧਾਰਤ ਕਰ ਦਿੱਤੀ ਸੀ। ਸਰਵਉਚ ਅਦਾਲਤ ਨੇ ਕਿਹਾ ਸੀ ਕਿ ਰਾਜਪਾਲ ਵਲੋਂ ਭੇਜੇ ਗਏ ਬਿੱਲ 'ਤੇ ਰਾਸ਼ਟਰਪਤੀ ਨੂੰ ਤਿੰਨ ਮਹੀਨਿਆਂ ਦੇ ਅੰਦਰ ਫੈਸਲਾ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਅੱਠ ਅਪਰੈਲ ਨੂੰ ਸੁਪਰੀਮ ਕੋਰਟ ਨੇ ਤਾਮਿਲਨਾਡੂ ਸਰਕਾਰ ਤੇ ਰਾਜਪਾਲ ਦੇ ਮਾਮਲੇ ਵਿਚ ਇਤਿਹਾਸਕ ਫੈਸਲਾ ਸੁਣਾਉਂਦਿਆਂਕਿਹਾ ਸੀ ਕਿ ਰਾਜਪਾਲ ਨੂੰ ਵਿਧਾਨ ਸਭਾ ਵਲੋਂ ਭੇਜੇ ਗਏ ਬਿੱਲ 'ਤੇ ਇਕ ਮਹੀਨੇ ਅੰਦਰ ਫੈਸਲਾ ਲੈਣਾ ਪਵੇਗਾ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਰਾਜਪਾਲਾਂ ਵੱਲੋਂ ਭੇਜੇ ਗਏ ਬਿੱਲਾਂ ਦੇ ਮਾਮਲੇ ਵਿਚ ਰਾਸ਼ਟਰਪਤੀ ਕੋਲ ਵੀਟੋ ਦਾ ਅਧਿਕਾਰ ਨਹੀਂ ਹੈ। ਉਨ੍ਹਾਂ ਦੇ ਫੈਸਲੇ ਦੀ ਨਿਆਂਇਕ ਸਮੀਖਿਆ ਕੀਤੀ ਜਾ ਸਕਦੀ ਹੈ। ਸੁਪਰੀਮ ਕੋਰਟ ਨੇ ਨੇ ਨਿਵੇਕਲੀ ਪਹਿਲ ਕਰਦਿਆਂ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ ਗਏ ਬਿੱਲਾਂ ਸਬੰਧੀ ਰਾਜਪਾਲਾਂ ਦੇ ਫ਼ੈਸਲਾ ਲੈਣ ਲਈ ਇੱਕ ਮਹੀਨੇ ਤੋਂ ਤਿੰਨ ਮਹੀਨਿਆਂ ਦੀ ਸਮਾਂ-ਸੀਮਾ ਨਿਰਧਾਰਤ ਕੀਤੀ ਸੀ। ਬੈਂਚ ਨੇ ਕਿਹਾ ਇਨ੍ਹਾਂ ਬਿੱਲਾਂ ਨੂੰ ਉਸੇ ਤਰੀਕ ਤੋਂ ਮਨਜ਼ੂਰ ਮੰਨਿਆ ਜਾਵੇਗਾ ਜਿਸ ਦਿਨ ਇਨ੍ਹਾਂ ਨੂੰ ਮੁੜ ਮਨਜ਼ੂਰੀ ਲਈ ਰਾਜਪਾਲ ਅੱਗੇ ਰੱਖਿਆ ਗਿਆ ਹੋਵੇ।

## ਧਰਤੀ ਹੇਠਲਾ ਪਾਣੀ ਬਚਾਉਣ ਤੇ ਆਮਦਨ ਵਧਾਉਣ ਲਈ ਝੋਨੇ ਦੀ ਸਿੱਧੀ ਬਿਜਾਈ ਕਰੋ: ਭਗਵੰਤ ਮਾਨ ਦੀ ਕਿਸਾਨਾਂ ਨੂੰ ਅਪੀਲ

ਚੰਡੀਗੜ੍ਹ, 15 ਮਈ (ਪੱਤਰ ਪ੍ਰੇਰਕ)- ਧਰਤੀ ਹੇਠਲੇ ਬੇਸ਼ਕੀਮਤੀ ਪਾਣੀ ਦੀ 15 ਤੋਂ 20 ਫੀਸਦੀ ਬੱਚਤ ਕਰਨ ਦੇ ਮੰਤਵ ਨਾਲ ਇਕ ਹੋਰ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅੱਜ ਝੋਨੇ ਦੀ ਸਿੱਧੀ ਬਿਜਾਈ ਦੀ ਸ਼ੁਰੂਆਤ ਕੀਤੀ, ਜਿਹੜੀ ਕਿਸਾਨਾਂ ਦੀ ਆਮਦਨ ਵਿੱਚ ਵੱਡੇ ਵਾਧੇ ਤੋਂ ਇਲਾਵਾ ਧਰਤੀ ਹੇਠਲਾ ਡਿੱਗਦਾ ਪਾਣੀ ਬਚਾਉਣ ਲਈ ਪ੍ਰੇਰਕ ਵਜੋਂ ਕੰਮ ਕਰੇਗੀ। ਇੱਥੇ ਜਾਰੀ ਇਕ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਆਪਣਾ ਕਾਰਜਕਾਲ ਸੰਭਾਲਣ ਮਗਰੋਂ ਸਾਡੀ ਸਰਕਾਰ ਨੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਕਈ ਮਿਸਾਲੀ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਸ ਅਹਿਮ ਕਾਰਜ ਤਹਿਤ ਸੂਬਾ ਸਰਕਾਰ ਨੇ ਝੋਨੇ ਦੀ ਸਿੱਧੀ ਬਿਜਾਈ ਰਾਹੀਂ ਕਾਸ਼ਤ ਕਰਨ ਨੂੰ ਉਤਸ਼ਾਹਤ ਕੀਤਾ ਗਿਆ ਅਤੇ ਅੱਜ ਤੋਂ ਇਸ ਸਕੀਮ ਅਧੀਨ ਝੋਨੇ ਦੀ ਬਿਜਾਈ ਸ਼ੁਰੂ ਹੋਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਦਾ ਟੀਚਾ ਇਸ ਸਾਉਣੀ ਸੀਜ਼ਨ ਦੌਰਾਨ ਪੰਜ ਲੱਖ ਏਕੜ ਰਕਬੇ ਨੂੰ ਝੋਨੇ ਦੀ ਸਿੱਧੀ ਬਿਜਾਈ ਅਧੀਨ ਲਿਆਉਣ ਦਾ ਹੈ। ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਕਿਸਾਨਾਂ ਨੂੰ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਪਹਿਲਕਦਮੀ ਇਕ ਪਾਸੇ ਖੇਤੀਬਾੜੀ ਨੂੰ ਚਿਰਸਥਾਈ ਬਣਾਉਣ ਨੂੰ ਉਤਸ਼ਾਹਤ ਕਰੇਗੀ, ਦੂਜੇ ਪਾਸੇ ਧਰਤੀ ਹੇਠਲਾ ਪਾਣੀ ਬਚਾਉਣ ਵਿੱਚ ਮਦਦਗਾਰ ਹੋਵੇਗੀ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਹ ਉਨ੍ਹਾਂ ਲਈ ਬੇਹੱਦ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਸੂਬਾ ਸਰਕਾਰ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੀ ਵਿੱਤੀ ਮਦਦ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਵਿੱਤੀ



ਵਰ੍ਹੇ 2025-26 ਵਿੱਚ ਇਸ ਮੰਤਵ ਲਈ 40 ਕਰੋੜ ਰੁਪਏ ਦਾ ਬਜਟ ਵੀ ਰੱਖਿਆ ਹੈ। ਉਨ੍ਹਾਂ ਕਿਹਾ ਕਿ ਇੱਛੁਕ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਲਈ 10 ਮਈ ਤੋਂ 30 ਜੂਨ 2025 ਤੱਕ ਆਨਲਾਈਨ ਪੋਰਟਲ ਉਤੇ ਰਜਿਸਟਰ ਕਰ ਸਕਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸਕੀਮ ਨਾਲ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੀ 15 ਤੋਂ 20 ਫੀਸਦੀ ਬੱਚਤ ਹੋਵੇਗੀ। ਇਸ ਤੋਂ ਇਲਾਵਾ ਖੇਤੀਬਾੜੀ ਦੇ ਵਾਧੂ ਖ਼ਰਚੇ ਵੀ ਘਟਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਸੂਬੇ ਲਈ ਵੱਡਾ ਵਰਦਾਨ ਹੈ ਕਿਉਂਕਿ ਇਹ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਬਚਾਉਣ ਵਿੱਚ ਮਦਦਗਾਰ ਹੋਣ ਦੇ ਨਾਲ-ਨਾਲ ਪ੍ਰਤੀ ਏਕੜ ਤਕਰੀਬਨ 3500 ਰੁਪਏ ਦੀ ਮਜ਼ਦੂਰੀ ਦੀ ਵੀ ਬੱਚਤ ਕਰੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਅੱਗੇ ਆ ਕੇ ਇਸ ਸਕੀਮ ਨੂੰ ਅਪਣਾਉਣਾ ਚਾਹੀਦਾ ਹੈ ਤਾਂ ਕਿ ਉਹ ਸਹੀ ਤਰੀਕੇ ਨਾਲ ਧਰਤੀ ਮਾਂ ਪ੍ਰਤੀ ਆਪਣਾ ਫ਼ਰਜ਼ ਨਿਭਾ ਸਕਣ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਮੌਜੂਦਾ ਖੇਤੀ ਸੰਕਟ ਵਿੱਚੋਂ ਕੱਢਣ ਅਤੇ ਸੂਬੇ ਦਾ ਧਰਤੀ ਹੇਠਲਾ ਬੇਸ਼ਕੀਮਤੀ ਪਾਣੀ ਬਚਾਉਣ ਲਈ ਹਮੇਸ਼ਾ ਤੋਂ ਸੰਵੇਦਨਸ਼ੀਲ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਨੇ ਆਪਣੇ ਇਕੋ-ਇਕ ਉਪਲਬਧ ਕੁਦਰਤੀ ਸਰੋਤ ਧਰਤੀ ਤੇ ਪਾਣੀ ਦੀ ਅੰਨ੍ਹੇਵਾਹ ਵਰਤੋਂ ਕਰ ਕੇ ਦੇਸ਼ ਨੂੰ ਅਨਾਜ ਪੱਖੋਂ ਆਤਮ-ਨਿਰਭਰ ਬਣਾਉਣ ਲਈ ਅਹਿਮ ਭੂਮਿਕਾ ਨਿਭਾਈ। ਭਗਵੰਤ ਸਿੰਘ ਮਾਨ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਅਜੋਕੇ ਦੌਰ ਵਿੱਚ ਖੇਤੀਬਾੜੀ ਹੁਣ ਲਾਹੇਵੰਦ ਧੰਦਾ ਨਹੀਂ ਰਿਹਾ ਕਿਉਂਕਿ ਵਧ ਰਹੀਆਂ ਖੇਤੀਬਾੜੀ ਲਾਗਤਾਂ ਅਤੇ ਢੁਕਵਾਂ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਨਾ ਮਿਲਣ ਕਾਰਨ ਕਿਸਾਨ ਗੰਭੀਰ ਖੇਤੀਬਾੜੀ ਸੰਕਟ ਦਾ ਸਾਹਮਣਾ ਕਰ ਰਹੇ ਹਨ।

## ਪਾਕਿਸਤਾਨ ਨਾਲ ਸਾਡੇ ਸਬੰਧੀ ਪੂਰੀ ਤਰ੍ਹਾਂ ਦੁਵੱਲੇ ਹੋਣਗੇ: ਜੈਸ਼ੰਕਰ

ਨਵੀਂ ਦਿੱਲੀ, 15 ਮਈ (ਪੱਤਰ ਪ੍ਰੇਰਕ)–ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਅੱਜ ਇੱਥੇ ਕਿਹਾ ਕਿ ਪਾਕਿਸਤਾਨ ਨਾਲ ਭਾਰਤ ਦੇ ਸਬੰਧ ਅਤੇ ਵਪਾਰ 'ਪੂਰੀ ਤਰ੍ਹਾਂ ਦੁੱਵਲਾ' ਰਹੇਗਾ ਅਤੇ ਇਸ ਸਬੰਧੀ ਕਈ ਸਾਲਾਂ ਤੋਂ ਕੌਮੀ ਸਹਿਮਤੀ ਬਣੀ ਹੋਈ ਹੈ ਅਤੇ ਇਸ 'ਚ 'ਕਦੇ ਕੋਈ ਬਦਲਾਅ ਨਹੀਂ' ਹੋਵੇਗਾ। ਜੈਸ਼ੰਕਰ ਨੇ ਇੱਥੇ ਇੱਕ ਪ੍ਰੋਗਰਾਮ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨੇ ਪਹਿਲਗਾਮ ਹਮਲੇ ਦੇ ਦੋਸ਼ੀਆਂ ਨੂੰ ਜਵਾਬਦੇਹ ਠਹਿਰਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਸੀ ਅਤੇ ਸੱਤ ਮਈ ਦੀ ਸਵੇਰੇ "ਅਸੀਂ ਅਪਰੇਸ਼ਨ ਸਿੰਧੂਰ ਜ਼ਰੀਏ ਉਨ੍ਹਾਂ ਨੂੰ ਜਵਾਬਦੇਹ ਠਹਿਰਾਇਆ।" ਕਸ਼ਮੀਰ ਦੇ ਪਹਿਲਗਾਮ ਅਤਿਵਾਦੀ ਹਮਲੇ ਦੇ ਜਵਾਬ 'ਚ ਭਾਰਤ ਨੇ ਛੇ-ਸੱਤ ਮਈ ਦੀ ਰਾਤ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ (ਪੀਓਕੇ) ਵਿੱਚ ਅਤਿਵਾਦੀ ਟਿਕਾਣਿਆਂ 'ਤੇ ਸਟੀਕ ਹਮਲੇ ਕੀਤੇ ਸੀ, ਜਿਸ ਮਗਰੋਂ ਪਾਕਿਸਤਾਨ ਨੇ 8, 9 ਅਤੇ 10 ਮਈ ਨੂੰ ਭਾਰਤੀ ਫ਼ੌਜੀ ਟਿਕਾਣਿਆਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਪਾਕਿਸਤਾਨ ਦੀ



ਕਾਰਵਾਈ ਦਾ ਭਾਰਤੀ ਵੱਲੋਂ ਸਖ਼ਤ ਜਵਾਬ ਦਿੱਤਾ ਗਿਆ ਸੀ। ਦੋਵਾਂ ਦੇਸ਼ਾਂ ਨੇ 10 ਮਈ ਨੂੰ ਮਿਲਟਰੀ ਅਪਰੇਸ਼ਨ ਦੇ ਡਾਇਰੈਕਟਰ ਜਨਰਲਾਂ ਦਰਮਿਆਨ ਹੋਈ ਗੱਲਬਾਤ ਮਗਰੋਂ ਫ਼ੌਜੀ ਕਾਰਵਾਈਆਂ ਨੂੰ ਰੋਕਣ ਬਾਰੇ ਬਣੀ ਸਹਿਮਤੀ ਨਾਲ ਜੰਗ ਖ਼ਤਮ ਹੋਈ ਸੀ। ਜੈਸ਼ੰਕਰ ਨੇ ਕਿਹਾ, "ਮੇਰੇ ਲਈ ਚੀਜ਼ਾਂ ਬਿਲਕੁਲ ਸਪੱਸ਼ਟ ਹਨ, ਮੈਂ ਇਸ ਮੌਕੇ ਆਪਣੀ ਸਥਿਤੀ ਸਪੱਸ਼ਟ ਕਰਨਾ ਚਾਹੁੰਦਾ ਹਾਂ। ਜਿੱਥੋਂ ਤੱਕ ਪਾਕਿਸਤਾਨ ਦਾ ਸਵਾਲ ਹੈ, ਸਾਡੇ ਸਬੰਧ, ਉਨ੍ਹਾਂ ਨਾਲ ਪੂਰੀ ਤਰ੍ਹਾਂ ਦੁਵੱਲੇ ਰਹਿਣਗੇ।" ਉਨ੍ਹਾਂ ਕਿਹਾ, "ਕਈ ਸਾਲਾਂ ਤੋਂ ਇਹ ਕੌਮੀ ਸਹਿਮਤੀ ਹੈ ਅਤੇ ਇਸ ਸਹਿਮਤੀ 'ਚ ਕੋਈ ਬਦਲਾਅ ਨਹੀਂ ਆਇਆ ਹੈ ਕਿ ਪਾਕਿਸਤਾਨ ਨਾਲ ਸਬੰਧ ਦੁਵੱਲੇ ਹੋਣਗੇ।" ਜੈਸ਼ੰਕਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਗੱਲ 'ਬਹੁਤ ਸਪੱਸ਼ਟ' ਕਰ ਦਿੱਤੀ ਹੈ ਕਿ ਪਾਕਿਸਤਾਨ ਨਾਲ ਕੋਈ ਵੀ ਗੱਲਬਾਤ ਸਿਰਫ਼ ਅਤਿਵਾਦ 'ਤੇ ਹੀ ਹੋਵੇਗੀ। ਵਿਦੇਸ਼ ਮੰਤਰੀ ਨੇ ਕਿਹਾ, "ਪਾਕਿਸਤਾਨ ਕੋਲ ਅਤਿਵਾਦੀਆਂ ਦੀ ਇੱਕ ਸੂਚੀ ਹੈ, ਜਿਸ ਨੂੰ ਸੌਂਪਣ ਦੀ ਲੋੜ ਹੈ। ਉਨ੍ਹਾਂ ਨੂੰ ਅਤਿਵਾਦੀ ਬੁਨਿਆਦੀ ਢਾਂਚੇ ਨੂੰ ਬੰਦ ਕਰਨ ਪਵੇਗਾ, ਉਹ ਜਾਣਦੇ ਹਨ ਕਿ ਕੀ ਕਰਨਾ ਹੈ।" ਜੈਸ਼ੰਕਰ ਨੇ ਕਿਹਾ, "ਅਤਿਵਾਦੀ 'ਤੇ ਕੀ ਕੀਤਾ ਜਾਣਾ ਚਾਹੀਦਾ ਹੈ, ਅਸੀਂ ਇਸ ਸਬੰਧੀ ਚਰਚਾ ਕਰਨ ਲਈ ਤਿਆਰ ਹਾਂ।" ਕਸ਼ਮੀਰ ਮੁੱਦੇ 'ਤੇ ਗੱਲਬਾਤ ਕਰਦਿਆਂ ਜੈਸ਼ੰਕਰ ਨੇ ਕਿਹਾ, "ਕਸ਼ਮੀਰ 'ਤੇ ਚਰਚਾ ਲਈ ਸਿਰਫ਼ ਇੱਕ ਹੀ ਗੱਲ ਬਚੀ ਹੈ, ਉਹ ਹੈ ਮਕਬੂਜ਼ਾ ਕਸ਼ਮੀਰ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਕਬਜ਼ਾ ਹੇਠ ਲਏ ਗਏ ਭਾਰਤੀ ਖੇਤਰ ਨੂੰ ਖ਼ਾਲੀ ਕਰਵਾਉਣਾ। ਅਸੀਂ ਇਸ 'ਤੇ ਪਾਕਿਸਤਾਨ ਨਾਲ ਚਰਚਾ ਕਰਨ ਲਈ ਤਿਆਰ ਹਾਂ, ਸਰਕਾਰ ਦੀ ਸਥਿਤੀ ਬਹੁਤ ਸਪੱਸ਼ਟ ਹੈ।"

## ਮੈਂ ਇਕ ਡਾਕੀਆ ਹਾਂ, ਜੰਮੂ ਅਤੇ ਕਸ਼ਮੀਰ ਦੇ ਲੋਕਾਂ ਲਈ ਪੂਰੀ ਦੁਨੀਆ ਦਾ ਸੁਨੇਹਾ ਲੈ ਕੇ ਆਇਆ ਹਾਂ: ਰਾਜਨਾਥ ਸਿੰਘ

ਸ੍ਰੀਨਗਰ , 15 ਮਈ (ਪੱਤਰ ਪ੍ਰੇਰਕ)-ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਸ੍ਰੀਨਗਰ ਦੇ ਬਦਾਮੀ ਬਾਗ ਛਾਉਣੀ ਵਿਖੇ ਆਪਣੇ ਸੰਬੋਧਨ ਦੌਰਾਨ ਜ਼ੋਰ ਦੇ ਕੇ ਕਿਹਾ ਕਿ ਉਹ ਇਕ ਡਾਕੀਆ ਹਨ ਜੋ ਜੰਮੂ ਅਤੇ ਕਸ਼ਮੀਰ ਦੇ ਲੋਕਾਂ ਲਈ ਪੂਰੀ ਦੁਨੀਆ ਦਾ ਸੁਨੇਹਾ ਲੈ ਕੇ ਆਏ ਹਨ। ਰਾਜਨਾਥ ਸਿੰਘ ਨੇ ਕਿਹਾ ਉਹ ਪੂਰੇ ਦੇਸ਼ ਦੀਆਂ ਸ਼ੁਭਕਾਮਨਾਵਾਂ, ਪ੍ਰਾਰਥਨਾਵਾਂ ਅਤੇ ਧੰਨਵਾਦ ਲੈ ਕੇ ਆਏ ਹਨ। ਜ਼ਿਕਰਯੋਗ ਹੈ ਕਿ ਰੱਖਿਆ ਮੰਤਰੀ ਨੇ



ਪਹਿਲਗਾਮ ਅਤਿਵਾਦੀ ਹਮਲੇ ਅਤੇ ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਪਹਿਲੀ ਵਾਰ ਜੰਮੂ ਅਤੇ ਕਸ਼ਮੀਰ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੀਆਂ ਹਥਿਆਰਬੰਦ ਫੌਜਾਂ 'ਤੇ ਮਾਣ ਹੈ। ਰੱਖਿਆ ਮੰਤਰੀ ਨੇ ਪਾਕਿਸਤਾਨ ਦੇ ਪਰਮਾਣੂ ਹਥਿਆਰਾਂ ਨੂੰ ਸੰਭਾਲਣ ਸਬੰਧੀ ਉਸ ਦੀ ਯੋਗਤਾ ਦੀ ਵੀ ਨਿੰਦਾ ਕੀਤੀ। ਉਨ੍ਹਾਂ ਨੇ ਆਲਮੀ ਭਾਈਚਾਰੇ ਨੂੰ ਪੁੱਛਿਆ ਕਿ ਕੀ ਪਾਕਿਸਤਾਨ ਵਰਗੇ ਮਾੜੇ ਦੇਸ਼ ਦੇ ਹੱਥਾਂ ਵਿਚ ਪਰਮਾਣੂ ਹਥਿਆਰ ਸੁਰੱਖਿਅਤ ਹਨ। ਉਨ੍ਹਾਂ ਕਿਹਾ ਕਿ, "ਦੁਨੀਆ ਜਾਣਦੀ ਹੈ ਕਿ ਸਾਡੀ ਫੌਜ ਦਾ ਨਿਸ਼ਾਨਾ ਸਹੀ ਹੈ ਅਤੇ ਜਦੋਂ ਉਹ ਨਿਸ਼ਾਨੇ 'ਤੇ ਹਮਲਾ ਕਰਦੇ ਹਨ, ਤਾਂ ਗਿਣਤੀ ਦੁਸ਼ਮਣਾਂ 'ਤੇ ਛੱਡ ਦਿੰਦੇ ਹਨ।" ਉਨ੍ਹਾਂ ਕਿਹਾ, "ਅਤਿਵਾਦ ਵਿਰੁੱਧ ਭਾਰਤ ਦਾ ਇਰਾਦਾ ਕਿੰਨਾ ਮਜ਼ਬੂਤ ??ਹੈ, ਇਹ ਇਸ ਤੱਥ ਤੋਂ ਜਾਣਿਆ ਜਾ ਸਕਦਾ ਹੈ ਕਿ ਅਸੀਂ ਉਨ੍ਹਾਂ ਦੇ ਪਰਮਾਣੂ ਬਲੈਕਮੇਲ ਦੀ ਪਰਵਾਹ ਵੀ ਨਹੀਂ ਕੀਤੀ। ਪੂਰੀ ਦੁਨੀਆ ਨੇ ਦੇਖਿਆ ਹੈ ਕਿ ਪਾਕਿਸਤਾਨ ਨੇ ਭਾਰਤ ਨੂੰ ਕਿੰਨੀ ਗੈਰ-ਜ਼ਿੰਮੇਵਾਰਾਨਾ ਢੰਗ ਨਾਲ ਧਮਕੀ ਦਿੱਤੀ ਹੈ।" ਕੇਂਦਰੀ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਦੇ ਪ੍ਰਮਾਣੂ ਹਥਿਆਰਾਂ ਨੂੰ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (9151) ਦੀ ਨਿਗਰਾਨੀ ਹੇਠ ਲਿਆ ਜਾਣਾ ਚਾਹੀਦਾ ਹੈ। ਇਸ ਦੌਰਾਨ ਉਨ੍ਹਾਂ ਆਪ੍ਰੇਸ਼ਨ ਸਿੰਧੂਰ ਦੀ ਸਫਲਤਾ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹਥਿਆਰਬੰਦ ਸੈਨਾਵਾਂ ਦੀ ਅਗਵਾਈ ਨੂੰ ਸਿਹਰਾ ਦਿੱਤਾ।

## ਪਾਕਿਸਤਾਨ ਵੱਲੋਂ ਭਾਰਤ ਨੂੰ ਸਿੰਧੂ ਜਲ ਸੰਧੀ 'ਤੇ ਮੁੜ ਵਿਚਾਰ ਕਰਨ ਦੀ ਅਪੀਲ

ਨਵੀਂ ਦਿੱਲੀ, 15 ਮਈ (ਪੱਤਰ ਪ੍ਰੇਰਕ)- ਪਾਕਿਸਤਾਨ ਨੇ ਭਾਰਤ ਨੂੰ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ।



ਪਾਕਿਸਤਾਨ ਨੇ ਕਿਹਾ ਹੈ ਕਿ1960 ਦੀ ਸੰਧੀ ਰਾਹੀਂ ਨਿਯੰਤ੍ਰਿਤ ਕੀਤੇ ਜਾ ਰਹੇ ਪਾਣੀ 'ਤੇ ਦੇਸ਼ ਦੇ ਕਰੋੜਾਂ ਲੋਕ ਨਿਰਭਰ ਹਨ। ਭਾਰਤ ਨੇ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਇਕ ਦਿਨ ਬਾਅਦ 23 ਅਪਰੈਲ ਨੂੰ ਸੁਰੱਖਿਆ ਬਾਰੇ ਕੈਬਨਿਟ ਕਮੇਟੀ (ਸੀਸੀਐਸ) ਦੇ ਫੈਸਲੇ ਦੇ ਆਧਾਰ 'ਤੇ ਸੰਧੀ ਨੂੰ ਮੁਅੱਤਲ ਕਰ ਦਿੱਤਾ ਸੀ। ਇਸ ਹਮਲੇ ਵਿਚ 26 ਭਾਰਤੀ ਮਾਰੇ ਗਏ ਸਨ। ਇਹ ਅਪੀਲ ਪਾਕਿਸਤਾਨ ਦੇ ਜਲ ਸਰੋਤ ਮੰਤਰਾਲੇ ਦੇ ਸਕੱਤਰ ਸਈਅਦ ਅਲੀ ਮੁਰਤਜ਼ਾ ਵਲੋਂ ਭਾਰਤ ਦੇ ਜਲ ਸ਼ਕਤੀ ਮੰਤਰਾਲੇ ਦੀ ਸਕੱਤਰ ਦੇਬਾਸ਼੍ਰੀ ਮੁਖਰਜੀ ਨੂੰ ਲਿਖੇ ਪੱਤਰ ਵਿੱਚ ਕੀਤੀ ਗਈ ਹੈ। ਭਾਰਤ ਨੇ ਫਿਲਹਾਲ ਇਸ ਪੱਤਰ 'ਤੇ ਰਸਮੀ ਤੌਰ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਹਾਲਾਂਕਿ, ਸੂਤਰਾਂ ਨੇ ਕਿਹਾ ਕਿ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਵੱਲੋਂ 23 ਅਪਰੈਲ ਨੂੰ ਪਹਿਲਗਾਮ ਵਿੱਚ ਸੈਲਾਨੀਆਂ ਦੀ ਹੱਤਿਆ ਦੇ ਬਦਲੇ ਵਜੋਂ ਸੰਧੀ ਨੂੰ ਰੋਕਣ ਲਈ ਲਏ ਗਏ ਫੈਸਲੇ 'ਤੇ ਇਸ ਦਾ ਕੋਈ ਅਸਰ ਨਹੀਂ ਹੋਵੇਗਾ। ਸੁਰੱਖਿਆ ਸਬੰਧੀ ਕੈਬਨਿਟ ਕਮੇਟੀ ਨੇ ਪਹਿਲਗਾਮ ਅਤਿਵਾਦੀ ਹਮਲੇ ਦੇ ਮੱਦੇਨਜ਼ਰ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ, ਪਾਕਿਸਤਾਨੀ ਨਾਗਰਿਕਾਂ ਦੇ ਵੀਜ਼ਾ ਰੱਦ ਕਰਨ ਸਣੇ ਕਈ ਫ਼ੈਸਲੇ ਲਏ ਸਨ।

## ਸ੍ਰੀਨਗਰ 'ਚ ਫਰੀਦਕੋਟ ਦਾ ਅਗਨੀਵੀਰ ਅਕਾਸ਼ਦੀਪ ਸਿੰਘ ਸ਼ਹੀਦ

ਕੋਟਕਪੂਰਾ, 15 ਮਈ (ਪੱਤਰ ਪ੍ਰੇਰਕ)-ਜ਼ਿਲ੍ਹੇ ਦੇ ਪਿੰਡ ਚਾਹਿਲ ਨਾਲ ਸਬੰਧਤ ਅਗਨੀਵੀਰ ਅਕਾਸ਼ਦੀਪ ਸਿੰਘ ਦੇ ਸ੍ਰੀਨਗਰ ਵਿੱਚ ਗੋਲੀ ਲੱਗਣ ਕਰਕੇ



ਸ਼ਹੀਦ ਹੋ ਗਿਆ। ਇਸ ਖਬਰ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਹੈ ਅਤੇ ਅੱਜ ਸਵੇਰੇ ਤੋਂ ਹੀ ਇਲਾਕੇ ਭਰ ਦੇ ਪਤਵੰਤੇ ਸ਼ਹੀਦ ਦੇ ਪਿਤਾ ਬਲਵਿੰਦਰ ਸਿੰਘ ਨਾਲ ਦੁੱਖ ਪ੍ਰਗਟਾਉਣ ਲਈ ਪਹੁੰਚ ਰਹੇ ਹਨ। ਪਰਿਵਾਰ ਅਨੁਸਾਰ ਅਕਾਸ਼ਦੀਪ ਦੀ ਲਾਸ਼ ਸ਼ੁੱਕਰਵਾਰ ਤੱਕ ਪਿੰਡ ਪਹੁੰਚੇਗੀ।ਅਕਾਸ਼ਦੀਪ ਜ਼ਿਲ੍ਹੇ ਨਾਲ ਸਬੰਧਿਤ ਪਹਿਲਾਂ ਅਗਨੀਵੀਰ ਸ਼ਹੀਦ ਹੈ। ਅਕਾਸ਼ਦੀਪ ਦੇ ਪਿਤਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੌਣੇ ਦੋ ਸਾਲ ਪਹਿਲਾਂ ਉਹ ਭਾਰਤੀ ਫ਼ੌਜ ਵਿੱਚ ਬਤੌਰ ਅਗਨੀਵੀਰ ਭਰਤੀ ਹੋਇਆ ਸੀ ਅਤੇ ਕੁਝ ਸਮਾਂ ਹਿਸਾਰ ਡਿਊਟੀ 'ਤੇ ਕਹਿਣ ਮਗਰੋਂ ਉਸ ਨੂੰ ਹੁਣ ਸ੍ਰੀਨਗਰ ਡਿਊਟੀ 'ਤੇ ਭੇਜ ਦਿੱਤਾ। ਉਨ੍ਹਾਂ ਦੱਸਿਆ ਕਿ ਬੁੱਧਵਾਰ ਸ਼ਾਮ ਨੂੰ ਅਕਾਸ਼ਦੀਪ ਨਾਲ ਪਰਿਵਾਰ ਦੀ ਗੱਲ ਹੋਈ ਸੀ ਅਤੇ ਸਭ ਠੀਕ'ਠਾਕ ਸੀ ਪਰ ਅੱਜ ਸਵੇਰ ਤੋਂ ਉਸ ਨਾਲ ਸੰਪਰਕ ਨਹੀਂ ਸੀ ਹੋ ਰਿਹਾ ਸੀ। ਉਨ੍ਹਾਂ ਦੱਸਿਆ ਕਿ 12 ਅਪਰੈਲ ਨੂੰ ਅਕਾਸ਼ਦੀਪ ਛੁੱਟੀ ਆਇਆ ਸੀ ਅਤੇ 27 ਅਪਰੈਲ ਨੂੰ ਹੀ ਵਾਪਸ ਗਿਆ ਸੀ। ਉਨ੍ਹਾਂ ਦੱਸਿਆ ਕਿ ਕੰਪਨੀ ਕਮਾਂਡਰ ਨੇ ਫੋਨ 'ਤੇ ਸੂਚਨਾ ਦਿੱਤੀ ਕਿ ਅਕਾਸ਼ਦੀਪ ਦੇ ਸਿਰ ਵਿੱਚ ਗੋਲੀ ਲੱਗਣ ਕਰਕੇ ਉਸ ਦੀ ਮੌਤ ਹੋ ਗਈ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਪੀਆਰਓ ਮਨਪ੍ਰੀਤ ਸਿੰਘ ਮਨੀ ਧਾਲੀਵਾਲ ਨੇ ਸੋਸ਼ਲ ਮੀਡੀਆ ਰਾਹੀਂ ਅਗਨੀਵੀਰ ਅਕਾਸ਼ਦੀਪ ਸਿੰਘ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ ਅਤੇ ਦੱਸਿਆ ਕਿ ਸ਼ੁੱਕਰਵਾਰ ਨੂੰ ਅਕਾਸ਼ਦੀਪ ਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ।




## ਕਰਨਲ ਸੋਫੀਆ ਕੁਰੈਸ਼ੀ ਖ਼ਿਲਾਫ਼ ਟਿੱਪਣੀ: ਮੱਧ ਪ੍ਰਦੇਸ਼ ਦੇ ਮੰਤਰੀ ਵੱਲੋਂ ਹਾਈ ਕੋਰਟ ਦੇ ਹੁਕਮਾਂ ਖ਼ਿਲਾਫ਼ ਸੁਪਰੀਮ ਕੋਰਟ ਦਾ ਰੁਖ਼

### ਸਰਵਉਚ ਅਦਾਲਤ ਨੇ ਪਟੀਸ਼ਨ 'ਤੇ ਸੁਣਵਾਈ ਕਰਨ ਦੀ ਸਹਿਮਤੀ ਜਤਾਈ; 16 ਮਈ ਨੂੰ ਹੋਵੇਗੀ ਸੁਣਵਾਈ

ਨਵੀਂ ਦਿੱਲੀ, 15 ਮਈ (ਪੱਤਰ ਪ੍ਰੇਰਕ)–ਮੱਧ ਪ੍ਰਦੇਸ਼ ਸਰਕਾਰ ਵਿੱਚ ਕਬਾਇਲੀ ਮਾਮਲਿਆਂ ਦੇ ਮੰਤਰੀ ਅਤੇ ਭਾਜਪਾ ਆਗੂ ਵਿਜੈ ਸ਼ਾਹ ਨੇ ਕਰਨਲ ਕੁਰੈਸ਼ੀ ਬਾਰੇ ਅਪਮਾਨਜਨਕ ਟਿੱਪਣੀ ਕੀਤੀ ਸੀ, ਜਿਸ ਦਾ ਦੇਸ਼ ਭਰ ਵਿਚ ਵਿਰੋਧ ਹੋਇਆ ਸੀ। ਇਸ ਤੋਂ ਬਾਅਦ ਹਾਈ ਕੋਰਟ ਨੇ ਮੰਤਰੀ ਖ਼ਿਲਾਫ਼ ਐਫਆਈਆਰ ਦਰਜ ਕਰਨ ਲਈ ਕਿਹਾ ਸੀ। ਇਸ ਤੋਂ ਬਾਅਦ ਅੱਜ ਵਿਜੈ ਸ਼ਾਹ ਨੇ ਸੁਪਰੀਮ ਕੋਰਟ ਦਾ ਰੁਖ਼ ਕਰਦਿਆਂ ਐਫਆਈਆਰ 'ਤੇ ਰੋਕ ਲਾਉਣ ਦੀ ਮੰਗ ਕੀਤੀ ਹੈ। ਦੂਜੇ ਪਾਸੇ ਸੁਪਰੀਮ ਕੋਰਟ ਨੇ ਵੀ ਇਸ ਮਾਮਲੇ 'ਤੇ ਸੁਣਵਾਈ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਇਸ ਮਾਮਲੇ 'ਤੇ ਸਰਵਉਚ ਅਦਾਲਤ ਵਿਚ ਭਲਕੇ ਸੁਣਵਾਈ ਹੋਵੇਗੀ। ਕਰਨਲ ਕੁਰੈਸ਼ੀ ਨੇ ਭਾਰਤੀ ਹਥਿਆਰਬੰਦ ਸੈਨਾਵਾਂ ਵੱਲੋਂ ਕੀਤੇ ਗਏ 'ਅਪਰੇਸ਼ਨ ਸਿੰਧੂਰ' ਦਾ ਵੇਰਵਾ ਮੀਡੀਆ ਕਾਨਫਰੰਸ ਦੌਰਾਨ ਸਾਂਝਾ ਕੀਤਾ ਸੀ, ਜਿਸ ਵਿੱਚ ਵਿਦੇਸ਼ ਸਕੱਤਰ ਵਿਕਰਮ ਮਿਸਰੀ ਅਤੇ ਵਿੰਗ ਕਮਾਂਡਰ ਵਿਓਮਿਕਾ ਸਿੰਘ ਸ਼ਾਹ ਵੀ ਸ਼ਾਮਲ ਹੋਏ ਸੀ। ਮੱਧ ਪ੍ਰਦੇਸ਼ ਸਰਕਾਰ ਵਿੱਚ ਕਬਾਇਲੀ ਮਾਮਲਿਆਂ ਦੇ ਮੰਤਰੀ ਅਤੇ ਭਾਜਪਾ ਨੇਤਾ ਵਿਜੈ ਸ਼ਾਹ ਨੇ ਕਰਨਲ ਕੁਰੈਸ਼ੀ 'ਤੇ ਅਪਮਾਨਜਨਕ ਟਿੱਪਣੀ ਕੀਤੀ ਸੀ, ਜਿਸ ਨੇ ਇੱਕ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ। ਉਨ੍ਹਾਂ ਕਰਨਲ ਕੁਰੈਸ਼ੀ ਨੂੰ 'ਅਤਿਵਾਦੀਆਂ ਦੀ ਭੈਣ' ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਵਿਵਾਦਤ ਬਿਆਨ ਦਾ ਨੋਟਿਸ ਲੈਂਦਿਆਂ ਹਾਈ ਕੋਰਟ ਦੇ ਜਸਟਿਸ ਅਤੁਲ ਸ੍ਰੀਧਰਨ ਅਤੇ ਅਨੁਰਾਧਾ ਸ਼ੁਕਲਾ ਦੇ ਬੈਂਚ ਨੇ ਪੁਲੀਸ ਨੂੰ ਮੰਤਰੀ ਖ਼ਿਲਾਫ਼ ਐੱਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ ਸੀ। ਸ਼ਾਹ ਦੀ ਟਿੱਪਣੀ ਦੀ ਵਿਆਪਕ ਪੱਧਰ 'ਤੇ ਨਿਖੇਧੀ ਹੋਈ ਅਤੇ ਕਾਂਗਰਸ ਨੇ ਉਨ੍ਹਾਂ ਨੂੰ ਮੱਧ ਪ੍ਰਦੇਸ਼ ਦੇ ਮੰਤਰੀ ਮੰਡਲ ਤੋਂ ਤੁਰੰਤ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਬਾਅਦ ਵਿਜੈ ਸ਼ਾਹ ਨੇ ਕਿਹਾ ਸੀ ਕਿ ਜੇਕਰ ਕਿਸੇ ਨੂੰ ਉਨ੍ਹਾਂ ਦੇ ਬਿਆਨ ਕਾਰਨ ਠੇਸ ਪਹੁੰਚੀ ਹੈ ਤਾਂ ਉਹ 10 ਵਾਰ ਮੁਆਫ਼ੀ ਮੰਗਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਉਹ ਕਰਨਲ ਕੁਰੈਸ਼ੀ ਦਾ ਆਪਣੀ ਭੈਣ ਤੋਂ ਵੀ ਵੱਧ ਸਨਮਾਨ ਕਰਦੇ ਹਨ। ਦੂਜੇ ਪਾਸੇ ਵਿਰੋਧੀ ਪਾਰਟੀਆਂ ਨੇ ਮੰਗ ਕੀਤੀ ਕਿ ਵਿਜੈ ਸ਼ਾਹ ਨੂੰ ਮੰਤਰੀ ਮੰਡਲ ਵਿਚੋਂ ਬਾਹਰ ਕੱਢਿਆ ਜਾਵੇ।



# ਅਕਸ਼ਿਤਾ ਗਰਗ ਦੀ ਪ੍ਰਾਪਤੀ ਤੋਂ ਪਰਿਵਾਰ ਬਾਗ਼ੋਬਾਗ਼



ਭੁੱਚੋ ਮੰਡੀ, 15 ਮਈ (ਪੱਤਰ ਪ੍ਰੇਰਕ)-ਭੁੱਚੋ ਮੰਡੀ ਦੇ ਮਸ਼ਹੂਰ ਡਾਕਟਰ ਮਰਹੂਮ ਵੇਦ ਪ੍ਰਕਾਸ਼ ਗਰਗ ਦੀ ਪੋਤਰੀ ਅਕਸ਼ਿਤਾ ਗਰਗ ਨੇ ਸੀਬੀਐਸਈ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜੇ ਵਿੱਚ 98 ਫੀਸਦੀ ਅੰਕ ਹਾਸਲ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਖੁਸ਼ੀ ਵਿੱਚ ਪਿਤਾ ਡਾ. ਵਿਵੇਕ ਗਰਗ, ਮਾਤਾ ਡਾ. ਸੀਮਾ ਬਾਂਸਲ ਅਤੇ ਭਰਾ ਆਰਵ ਗਰਗ ਨੇ ਅਕਸ਼ਿਤਾ ਗਰਗ ਦਾ ਮੂੰਹ ਮਿੱਠਾ ਕਰਵਾਇਆ। ਅਕਸ਼ਿਤਾ ਗਰਗ ਨੇ ਦੱਸਿਆ ਕਿ ਉਸ ਨੇ 98 ਫੀਸਦੀ ਅੰਕ ਹਾਸਲ ਕਰਕੇ ਸੇਂਟ ਜ਼ੇਵੀਅਰ ਸਕੂਲ ਬਠਿੰਡਾ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ ਹੈ। ਉਸ ਨੇ ਇਸ ਪ੍ਰਾਪਤੀ ਦਾ ਸਿਹਰਾ ਸਕੂਲ ਸਟਾਫ ਅਤੇ ਮਾਪਿਆਂ ਸਿਰ ਬੰਨਿਆ। ਸਕੂਲ ਸਟਾਫ ਨੇ ਅਕਸ਼ਿਤਾ ਗਰਗ ਨੂੰ ਵਧਾਈ ਦਿੱਤੀ।

### ਜ਼ਹਿਰੀਲੀ ਸ਼ਰਾਬ ਕਾਰਨ ਮੌਤਾਂ ਲਈ 'ਆਪ' ਸਰਕਾਰ ਦੀ ਆਬਕਾਰੀ ਨੀਤੀ ਜ਼ਿੰਮੇਵਾਰ: ਧੀਮਾਨ

ਹੁਸ਼ਿਆਰਪੁਰ, 15 ਮਈ (ਪੱਤਰ ਪ੍ਰੇਰਕ)-ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਮਜੀਠਾ ਵਿਖੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਪੰਜਾਬ ਦੇ ਆਬਕਾਰੀ ਮੰਤਰੀ ਅਤੇ ਆਬਕਾਰੀ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਧੀਮਾਨ ਨੇ ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਸ਼ਰਾਬ ਦੇ ਧੰਦੇ 'ਚ ਕੀਤੇ ਵਿਸਥਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਇਕ ਪਾਸੇ ਪੰਜਾਬ ਸਰਕਾਰ ਸ਼ਰਾਬ ਦੇ ਧੰਦੇ ਵਿਚ ਵਾਧਾ ਕਰ ਰਹੀ ਹੈ ਤੇ ਦੂਜੇ ਪਾਸੇ ਮੁੱਠੀ ਭਰ ਲੋਕ ਸ਼ਹੀਦ ਭਗਤ ਸਿੰਘ ਤੇ ਡਾਕਟਰ ਅੰਬੇਦਕਰ ਦਾ ਨਾਂਅ ਵਰਤ ਕੇ ਆਪਣੀਆਂ ਜੇਬਾਂ ਮੋਟੀਆਂ ਕਰਨ ਲੱਗੇ ਹੋਏ ਹਨ। ਧੀਮਾਨ ਨੇ ਕਿਹਾ ਕਿ ਪੰਜਾਬ ਅੰਦਰ ਵਾਪਰ ਰਹੀਆਂ ਜਾਨਲੇਵਾ ਘਟਨਾਵਾਂ ਲਈ ਮਾਨ ਸਰਕਾਰ ਦੀਆਂ ਘਟੀਆਂ ਨੀਤੀਆਂ ਹੀ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਕੇ ਸਟੇਟ ਹਾਈਵੇਜ਼ ਦੇ ਆਲੇ-ਦੁਆਲੇ ਤੇ ਪਿੰਡਾਂ ਵਿਚ ਸ਼ਰੇਆਮ ਸ਼ਰਾਬ ਦੇ ਠੇਕੇ ਖੁੱਲ੍ਹਵਾਏ ਹਨ।

# ਐੱਨਪੀਸੀਬੀ ਪ੍ਰੋਗਰਾਮ ਲਾਗੂ ਕਰਨ 'ਚ ਮਾਲੇਰਕੋਟਲਾ ਮੋਹਰੀ

## ਸਿਹਤ ਮੰਤਰੀ ਵੱਲੋਂ ਜ਼ਿਲ੍ਹੇ ਦੀ ਕਾਰਗੁਜ਼ਾਰੀ ਲਈ ਸਿਵਲ ਸਰਜਨ ਦਾ ਸਨਮਾਨ

ਮਾਲੇਰਕੋਟਲਾ, 15 ਮਈ (ਪੱਤਰ ਪ੍ਰੇਰਕ)-ਪੰਜਾਬ ਸਰਕਾਰ ਵੱਲੋਂ



ਚਲਾਏ ਜਾ ਰਹੇ ਨੈਸ਼ਨਲ ਪ੍ਰੋਗਰਾਮ ਫਾਰ ਕੰਟਰੋਲ ਆਫ਼ ਬਲਾਈਂਡਨੈੱਸ (ਐੱਨਪੀਸੀਬੀ) ਤਹਿਤ ਸਕੂਲੀ ਬੱਚਿਆਂ ਨੂੰ ਮੁਫ਼ਤ ਐਨਕਾਂ ਉਪਲਬਧ ਕਰਵਾਉਣ ਲਈ ਟੀਚੇ ਤੋਂ ਵੱਧ ਪ੍ਰਦਰਸ਼ਨ ਕਰ ਕੇ ਪੰਜਾਬ ਭਰ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਸਿਹਤ ਵਿਭਾਗ ਮਾਲੇਰਕੋਟਲਾ ਦੀ ਸ਼ਾਨਦਾਰ ਕਾਰਗੁਜ਼ਾਰੀ ਦੀ ਭਰਵੀਂ ਸ਼ਲਾਘਾ ਕਰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਸਿਵਲ ਸਰਜਨ ਮਾਲੇਰਕੋਟਲਾ ਡਾ. ਸੰਜੇ ਗੋਇਲ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਿਹਤ ਮੰਤਰੀ ਬਲਬੀਰ ਸਿੰਘ ਨੇ ਪੰਜਾਬ ਸਰਕਾਰ ਦੇ ਸਿਹਤ ਪ੍ਰੋਗਰਾਮਾਂ ਦੀ ਸਮੀਖਿਆ ਲਈ ਰਾਜ ਭਰ ਦੇ ਸਿਵਲ ਸਰਜਨਾਂ ਦੀ ਮੀਟਿੰਗ ਦੌਰਾਨ ਜ਼ਿਲ੍ਹਾ ਮਾਲੇਰਕੋਟਲਾ ਦੇ ਸਿਹਤ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਕਾਰਗੁਜ਼ਾਰੀ ਨੂੰ ਦੂਜੇ ਜ਼ਿਲ੍ਹਿਆਂ ਲਈ ਪ੍ਰੇਰਨਾ ਸਰੋਤ ਦੱਸਦਿਆਂ ਕਿਹਾ ਕਿ ਜ਼ਿਲ੍ਹਾ ਮਾਲੇਰਕੋਟਲਾ ਨੇ 25 ਮਾਰਚ ਤੱਕ ਮਿੱਥੇ ਟੀਚੇ ਤੋਂ ਵੱਧ 112 ਪ੍ਰਤੀਸ਼ਤ ਪ੍ਰਾਪਤੀ ਕੀਤੀ ਹੈ। ਇਸ ਮੌਕੇ ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਜਿਨ੍ਹਾਂ ਵਿਦਿਆਰਥੀਆਂ ਦੀਆਂ ਅੱਖਾਂ ਵਿੱਚ ਦੂਰ ਅਤੇ ਨੇੜੇ ਦੀ ਨਿਗਾਹ ਸਬੰਧੀ ਸਮੱਸਿਆ ਮਿਲਦੀ ਹੈ, ਉਨ੍ਹਾਂ ਨੂੰ ਵਿਭਾਗ ਵੱਲੋਂ ਬਿਲਕੁਲ ਮੁਫ਼ਤ ਐਨਕਾਂ ਤਿਆਰ ਕਰ ਕੇ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਸਕੂਲਾਂ ਦੇ ਅਧਿਆਪਕਾਂ ਅਤੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੀਆਂ ਅੱਖਾਂ ਦਾ ਮੁਆਇਨਾ ਕਰਵਾ ਕੇ ਸਰਕਾਰ ਦੇ ਐੱਨਪੀਸੀਬੀ ਪ੍ਰੋਗਰਾਮ ਤਹਿਤ ਐਨਕਾਂ ਲਗਵਾਉਣ ਤਾਂ ਜੋ ਕਮਜ਼ੋਰ ਨਜ਼ਰ ਵਿਦਿਆਰਥੀਆਂ ਦੇ ਵਿੱਦਿਅਕ ਜੀਵਨ ਵਿੱਚ ਰੁਕਾਵਟ ਨਾ ਬਣੇ ਅਤੇ ਉਹ ਆਪਣੀ ਜ਼ਿੰਦਗੀ ਦੇ ਮਿੱਥੇ ਟੀਚੇ ਪ੍ਰਾਪਤ ਕਰ ਸਕਣ।

# ਜੋਧਪੁਰ ਰੋਮਾਣਾ ਤੇ ਗੁਰੂਸਰ ਸੈਣੇ ਵਾਲਾ ਦੇ ਸਕੂਲਾਂ 'ਚ ਵਿਕਾਸ ਕਾਰਜਾਂ ਦੇ ਉਦਘਾਟਨ



ਬਠਿੰਡਾ, 15 ਮਈ (ਪੱਤਰ ਪ੍ਰੇਰਕ)-ਸ਼ੂਗਰਫ਼ੈੱਡ ਦੇ ਚੇਅਰਮੈਨ ਐਡਵੋਕੇਟ ਨਵਦੀਪ ਸਿੰਘ ਜੀਦਾ ਨੇ ਪਿੰਡ ਜੋਧਪੁਰ ਰੋਮਾਣਾ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ 23.26 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਬਣੇ ਅਧੁਨਿਕ ਕਲਾਸ ਰੂਮ, ਸਾਇੰਸ ਲਾਇਬਰੇਰੀ ਅਤੇ ਸਕੂਲ ਦੀ ਚਾਰਦੀਵਾਰੀ ਦਾ ਉਦਘਾਟਨ ਕੀਤਾ। ਸ੍ਰੀ ਜੀਦਾ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰ ਰਹੀ ਹੈ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਲਗਾਤਾਰ ਹੋਰ ਮਜ਼ਬੂਤ ਕਰ ਰਹੀ ਹੈ, ਤਾਂ ਜੋ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਮੁਹਿੰਮ, ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਵਿੱਚ ਮਦਦਗਾਰ ਸਾਬਤ ਹੋਵੇਗੀ ਅਤੇ ਸਕੂਲਾਂ ਵਿੱਚ ਸਹੂਲਤਾਂ ਮਿਲਣ ਨਾਲ ਵਿਦਿਆਰਥੀਆਂ ਦਾ ਮਨੋਬਲ ਵੀ ਉੱਚਾ ਹੋਵੇਗਾ। ਚੇਅਰਮੈਨ ਜੀਦਾ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਧੁਨਿਕਤਾ ਨਾਲ ਭਰਪੂਰ ਸਿੱਖਿਆ ਪ੍ਰਦਾਨ ਕਰਨ ਲਈ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਭੇਜ ਕੇ ਸਿਖਲਾਈ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਤੋਂ ਬਾਅਦ ਸ੍ਰੀ ਜੀਦਾ ਨੇ ਪਿੰਡ ਗੁਰੂਸਰ ਸੈਣੇਵਾਲਾ ਦੇ ਸਰਕਾਰੀ ਸਕੂਲਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਵੀ ਕੀਤਾ। ਇਨ੍ਹਾਂ ਮੌਕਿਆਂ 'ਤੇ ਸਕੂਲਾਂ ਦਾ ਸਮੁੱਚਾ ਸਟਾਫ, ਵਿਦਿਆਰਥੀ ਅਤੇ ਪਿੰਡਾਂ ਦੇ ਪਤਵੰਤੇ ਹਾਜ਼ਰ ਸਨ।

# ਪੰਜਾਬ ਦੇ ਪਾਣੀਆਂ 'ਤੇ ਡਾਕਾ ਨਹੀਂ ਪੈਣ ਦਿਆਂਗੇ: ਭੱਲਾ



ਬਠਿੰਡਾ, 15 ਮਈ (ਪੱਤਰ ਪ੍ਰੇਰਕ)-ਨਗਰ ਸੁਧਾਰ ਟਰੱਸਟ ਬਠਿੰਡਾ ਦੇ ਚੇਅਰਮੈਨ ਜਤਿੰਦਰ ਭੱਲਾ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਨ ਦੇ ਯਤਨ 'ਚ ਹੈ, ਪਰ ਪੰਜਾਬ ਸਰਕਾਰ ਅਜਿਹਾ ਹਰਗਿਜ਼ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਭਾਜਪਾ ਦੀ ਨੀਤੀ ਸਦਾ ਪੰਜਾਬ ਵਿਰੋਧੀ ਰਹੀ ਹੈ। ਉਸ ਨੇ ਪਹਿਲਾਂ ਤਿੰਨ ਕਾਲੇ ਖੇਤੀ ਕਾਨੂੰਨ ਲਿਆ ਕੇ ਕਿਸਾਨਾਂ ਤੋਂ ਜ਼ਮੀਨਾਂ ਖੋਹਣ ਦਾ ਯਤਨ ਕੀਤਾ ਅਤੇ ਹੁਣ ਪਾਣੀਆਂ 'ਤੇ ਡਾਕਾ ਮਾਰਨ ਦੀ ਤਾਕ 'ਚ ਹੈ। ਭੱਲਾ ਨੇ ਆਖਿਆ ਕਿ ਕੇਂਦਰ ਸਰਕਾਰ ਹਰਿਆਣੇ ਨੂੰ 8500 ਕਿਊਸਿਕ ਵਾਧੂ ਪਾਣੀ ਦੇਣਾ ਚਾਹੁੰਦੀ ਹੈ, ਪਰ ਪੰਜਾਬ ਕੋਲ ਇੱਕ ਵੀ ਬੂੰਦ ਵਾਧੂ ਪਾਣੀ ਨਹੀਂ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਆਪਣੇ ਸੱਤਾ ਕਾਲ ਸਮੇਂ ਪੰਜਾਬ ਦੇ ਪਾਣੀਆਂ ਦੀ ਲੁੱਟ ਕਰਵਾਉਂਦੀਆਂ ਰਹੀਆਂ ਹਨ ਪਰ ਪਾਣੀ ਦੇ ਮਾਮਲੇ 'ਚ ਕੇਂਦਰ ਦਾ ਪੰਜਾਬ ਨਾਲ ਮਤਰੇਆ ਸਲੂਕ ਬਰਦਾਸ਼ਤ ਤੋਂ ਬਾਹਰੀ ਗੱਲ ਹੈ। ਇਸ ਮੌਕੇ ਜੰਗਲਾਤ ਵਿਭਾਗ ਦੇ ਚੇਅਰਮੈਨ ਰਾਕੇਸ਼ ਪੁਰੀ, ਕਿੰਦਰਪਾਲ ਕੌਰ, ਜਸਵੰਤ ਸਿੰਘ ਸੋਮਾ, ਹਰਦੇਵ ਸਿੰਘ, ਜਸਕਰਨ ਸਿੰਘ, ਸੁਖਰਾਜ ਸਿੰਘ ਸਰਪੰਚ ਬੱਲੂਆਣਾ, ਲਖਬੀਰ ਸਿੰਘ, ਗੁਰਵਿੰਦਰ ਸਿੰਘ ਡੂੰਮਵਾਲੀ, ਜਗਜੀਤ ਸਿੰਘ ਬਹਿਮਣ ਦੀਵਾਨਾ, ਇੰਦਰਜੀਤ ਸਿੰਘ ਸਰਦਾਰਗੜ੍ਹ, ਕਰਤਾਰ ਸਿੰਘ ਘੁੱਦਾ ਅਤੇ ਜਰਨੈਲ ਸਿੰਘ ਕੋਟਫੱਤਾ ਹਾਜ਼ਰ ਸਨ।

# ਲਿਫ਼ਟਿੰਗ ਸਮੱਸਿਆ: ਮੰਡੀਆਂ 'ਚੋਂ 25 ਫੀਸਦ ਦੀ ਕਣਕ ਦੀ ਚੁਕਾਈ ਬਕਾਇਆ

ਤਲਵੰਡੀ ਭਾਈ, 15 ਮਈ (ਪੱਤਰ ਪ੍ਰੇਰਕ)-ਪੰਜਾਬ ਭਰ ਦੀਆਂ ਮੰਡੀਆਂ ਵਿੱਚ ਭਲਕੇ 15 ਮਈ ਨੂੰ ਕਣਕ ਦੀ ਖ਼ਰੀਦ ਬੰਦ ਹੋ ਜਾਵੇਗੀ, ਪਰ ਅੱਜ 15 ਮਈ ਤੱਕ ਖ਼ਰੀਦ ਹੋਈ ਫ਼ਸਲ ਦਾ ਵੱਡਾ ਭੰਡਾਰ ਅਜੇ ਵੀ ਮੰਡੀਆਂ 'ਚ ਖੁੱਲ੍ਹੇ ਆਸਮਾਨ ਹੇਠਾਂ ਪਿਆ ਹੈ। ਅੱਜ ਸਥਾਨਕ ਮੰਡੀ ਵਿੱਚ ਹੀ ਸਿਰਫ਼ 722.5 ਕੁਇੰਟਲ ਕਣਕ ਦੀ ਖ਼ਰੀਦ ਹੋਈ ਹੈ। ਲਿਫ਼ਟਿੰਗ ਦੀ ਸਮੱਸਿਆ ਕਾਰਨ ਆੜ੍ਹਤੀ ਤੇ ਮੰਡੀ ਮਜ਼ਦੂਰ ਵੱਡੀ ਪਰੇਸ਼ਾਨੀ 'ਚ ਹਨ। ਤਲਵੰਡੀ ਭਾਈ ਮਾਰਕੀਟ ਕਮੇਟੀ ਦੇ ਨੋਟੀਫਾਈਡ ਏਰੀਏ 'ਚ ਪੈਂਦੇ 14 ਪੇਂਡੂ ਖ਼ਰੀਦ ਕੇਂਦਰਾਂ, 31 ਨਿੱਜੀ ਫੜ੍ਹਾਂ ਤੇ ਮੁੱਖ ਮੰਡੀ ਤਲਵੰਡੀ ਭਾਈ 'ਚ ਅੱਜ 15 ਮਈ ਦੇ ਅੰਕੜਿਆਂ ਮੁਤਾਬਕ ਅਜੇ ਕਰੀਬ 25 ਫੀਸਦ ਮਾਲ ਦੀ ਚੁਕਾਈ ਹੋਣੀ ਬਾਕੀ ਹੈ। ਇਨ੍ਹਾਂ ਖ਼ਰੀਦ ਕੇਂਦਰਾਂ 'ਚੋਂ ਖ਼ਰੀਦੀ ਗਈ ਕੁੱਲ 1231683 ਕੁਇੰਟਲ ਕਣਕ ਵਿੱਚੋਂ ਅਜੇ ਤੱਕ 928024 ਕੁਇੰਟਲ ਮਾਲ ਦੀ ਹੀ ਲਿਫ਼ਟਿੰਗ ਹੋ ਸਕੀ ਹੈ। ਦਿਲਚਸਪ ਪਹਿਲੂ ਇਹ ਹੈ ਕਿ ਪ੍ਰਾਈਵੇਟ ਵਪਾਰੀਆਂ ਵੱਲੋਂ ਖ਼ਰੀਦੀ ਕੁੱਲ 39081 ਕੁਇੰਟਲ ਵਿੱਚੋਂ 38681 ਕੁਇੰਟਲ (99 ਫੀਸਦ) ਦੀ ਲਿਫ਼ਟਿੰਗ ਕਰ ਲਈ ਗਈ ਹੈ ਪਰ ਇਸ ਦੇ ਉਲਟ ਮੰਡੀਆਂ 'ਚ ਸਰਕਾਰੀ ਖ਼ਰੀਦੀ ਕਣਕ ਦੇ ਅੰਬਾਰ ਲੱਗੇ ਪਏ ਹਨ। ਕੋਟ



ਕਰੋੜ ਕਲਾਂ ਅਤੇ ਬੂਈਆਂ ਵਾਲਾ ਪੇਂਡੂ ਖ਼ਰੀਦ ਕੇਂਦਰਾਂ 'ਚੋਂ ਅਜੇ ਤੱਕ ਕ੍ਰਮਵਾਰ ਸਿਰਫ਼ 46.5 ਅਤੇ 51 ਫੀਸਦ ਮਾਲ ਦੀ ਲਿਫ਼ਟਿੰਗ ਹੋਈ ਹੈ ਜੋ ਕਿ ਸਰਕਾਰ ਦੇ ਖ਼ਰੀਦ ਉਪਰੰਤ 72 ਘੰਟਿਆਂ ਵਿੱਚ ਮਾਲ ਲਿਫ਼ਟ ਕਰਨ ਦੇ ਦਾਅਵਿਆਂ ਦੀ ਪੋਲ ਖੋਲ੍ਹ ਰਹੇ ਹਨ। ਜ਼ਿਲ੍ਹਾ ਆੜ੍ਹਤੀ ਸੰਘ ਦਾ ਇੱਕ ਵਫ਼ਦ ਜ਼ਿਲ੍ਹਾ ਪ੍ਰਧਾਨ ਅੰਮ੍ਰਿਤ ਲਾਲ ਛਾਬੜਾ ਦੀ ਪ੍ਰਧਾਨਗੀ ਹੇਠ ਜ਼ਿਲ੍ਹੇ ਦੀ ਡੀਸੀ ਦੀਪ ਸ਼ਿਖਾ ਸ਼ਰਮਾ ਨੂੰ ਮਿਲਿਆ ਤੇ ਲਿਖਤੀ ਸ਼ਿਕਾਇਤ ਪੱਤਰ ਸੌਂਪ ਕੇ ਤੁਰੰਤ ਲਿਫ਼ਟਿੰਗ ਤੇਜ਼ ਕਰਨ ਦੀ ਮੰਗ ਕੀਤੀ ਅਨਾਜ ਮੰਡੀ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਸਤੀਸ਼ ਕੁਮਾਰ ਕਾਇਤ ਨੂੰ ਗਿਲ੍ਹਾ ਹੈ ਕਿ ਕਿਸਾਨ ਫ਼ਸਲ ਵੇਚ ਕੇ ਵਿਹਲਾ ਹੋ ਗਿਆ ਤੇ ਆੜ੍ਹਤੀ ਵੀ ਰਾਤਾਂ ਆਪਣੇ ਪਰਿਵਾਰਾਂ 'ਚ ਬਿਤਾ ਰਹੇ ਹਨ, ਪਰ ਮੰਡੀਆਂ 'ਚ ਫਸੇ ਹਜ਼ਾਰਾਂ ਮਜ਼ਦੂਰ ਫ਼ਾਕੇ ਤੇ ਰਾਤਾਂ ਦੇ ਝਾਕੇ ਕੱਟਣ ਨੂੰ ਮਜਬੂਰ ਹਨ। ਮਜ਼ਦੂਰਾਂ ਨੂੰ ਫ਼ਸਲ ਦੀ ਮੁਫ਼ਤ ਰਾਖੀ ਦੇ ਨਾਲ-ਨਾਲ ਬੇਮੌਸਮੀ ਵਰਖਾ ਕਾਰਨ ਬੋਰੀਆਂ ਦੀ ਲੱਦ-ਪੁਲੱਦ ਵੀ ਮੁਫ਼ਤੋ-ਮੁਫ਼ਤੀ ਕਰਨੀ ਪੈ ਰਹੀ ਹੈ। ਦਹਾਕਿਆਂ ਤੋਂ ਉਹ ਇਸੇ ਵਰਤਾਰੇ ਨੂੰ ਆਪਣੇ ਹੱਡਾਂ 'ਤੇ ਹੰਢਾ ਰਹੇ ਹਨ।

### ਹਨੂਮਤ ਸਕੂਲ ਦੇ ਨਤੀਜੇ ਸੌ ਫ਼ੀਸਦ ਰਹੇ

ਗੁਰਾਇਆ, 15 ਮਈ (ਪੱਤਰ ਪ੍ਰੇਰਕ)-ਸੀਬੀਐੱਸਈ ਦੇ 10ਵੀਂ ਤੇ 12ਵੀਂ ਦੇ ਨਤੀਜਿਆਂ ਵਿੱਚ ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਦਾ ਨਤੀਜਾ 100 ਫੀਸਦ ਰਿਹਾ। ਦਸਵੀਂ 'ਚ ਕੁੱਲ 79 ਅਤੇ 12ਵੀਂ ਦੇ ਕੁੱਲ 103 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ। 12ਵੀਂ ਵਿੱਚ ਵਿਸ਼ਵਾਸ ਬੇਦੀ ਨੇ ਕਾਮਰਸ ਸਟ੍ਰੀਮ ਵਿੱਚ 95.8 ਫੀਸਦ ਅੰਕਾਂ ਨਾਲ ਸਕੂਲ ਵਿੱਚ ਪਹਿਲਾ ਤੇ ਲਵਜੋਤ ਨੇ (93.8 ਫੀਸਦ) ਦੂਜਾ ਸਥਾਨ ਪ੍ਰਾਪਤ ਕੀਤਾ। ਆਰਟਸ ਦੇ ਹਰਨੂਰ ਸਿੰਘ ਨੇ 88.8 ਫੀਸਦ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਪਲਕ ਨੇ 88.6, ਚਾਹਤ ਮਹਿਰਾ ਨੇ 87.8, ਜੈਸਿਕਾ ਨੇ 87.6, ਦੇਵਾਂਸ਼ੀ ਨੇ 87.4, ਜਸਦੀਪ ਨੇ 84.8, ਮਨਰੂਪ ਨੇ 84.4, ਮਨਸਿਮਰ ਨੇ 84.2, ਦਿਨਕ ਨੇ 83.8, ਮਨਪ੍ਰੀਤ ਨੇ 83.6, ਸੁਹਾਨੀ ਨੇ 83.6, ਮੁਸਕਾਨਦੀਪ ਨੇ 82.8, ਸਿੱਧੀ ਨੇ 83, ਰੁਧਰਵੀਰ ਨੇ 82.6, ਜੈਸਿਕਾ ਸ਼ੇਰਗਿੱਲ ਨੇ 82.6, ਅਰਸ਼ੀਆ ਨੇ 82 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਅਰਸ਼ਵੀਰ ਨੇ 81.6 ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸੇ ਤਰ੍ਹਾਂ ਦਸਵੀਂ 'ਚ ਦੀਪੇਨ ਨੇ 97.6 ਫੀਸਦ ਅੰਕਾਂ ਨਾਲ ਪਹਿਲਾ, ਅਰਮਾਨਜੋਤ ਨੇ (94.4 ਫੀਸਦ) ਦੂਜਾ ਅਤੇ ਅਰਸ਼ਪ੍ਰੀਤ (90 ਫੀਸਦ) ਨੇ ਤੀਜਾ ਸਥਾਨ ਹਾਸਲ ਕੀਤਾ।

# ਚੋਰੀ ਦੇ 10 ਮੋਟਰਸਾਈਕਲਾਂ ਸਣੇ 2 ਕਾਬੂ

ਮਹਿਲ ਕਲਾਂ, 15 ਮਈ (ਪੱਤਰ ਪ੍ਰੇਰਕ)-ਥਾਣਾ ਟੱਲੇਵਾਲ ਦੀ ਪੁਲੀਸ ਨੇ ਮੋਟਰਸਾਈਕਲ ਚੋਰੀ ਕਰਨ ਵਾਲੇ ਗਰੋਹ ਦੇ ਮੈਂਬਰਾ ਨੂੰ ਚੋਰੀ ਦੇ 10 ਮੋਟਰਸਾਈਕਲਾਂ ਸਮੇਤ ਕਾਬੂ ਕੀਤਾ ਹੈ। ਟੱਲੇਵਾਲ ਦੇ ਐੱਸਐੱਚਓ ਜਗਜੀਤ ਸਿੰਘ ਨੇ ਦੱਸਿਆ ਕਿ ਪਿੰਡ ਬੀਹਲਾ ਖੁਰਦ ਵਿੱਚ ਨਾਕਾਬੰਦੀ ਦੌਰਾਨ ਇੱਕ ਕਾਲੇ ਰੰਗ ਦੇ ਸੀਟੀ 100 ਮੋਟਰਸਾਈਕਲ ਸਵਾਰ ਨੌਜਵਾਨ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਗਿਆ ਤਾਂ ਉਸ ਦਾ ਮੋਟਰਸਾਈਕਲ ਚੋਰੀ ਦਾ ਪਾਇਆ ਗਿਆ। ਮੋਟਰਸਾਈਕਲ ਸਵਾਰ ਬਾਰੂ ਸਿੰਘ ਨਿਵਾਸੀ ਮਹਿਲ ਕਲਾਂ ਨੂੰ ਕਾਬੂ ਕਰਕੇ ਉਸ ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ। ਇਸ ਉਪਰੰਤ ਜਾਂਚ ਦੌਰਾਨ ਉਸ ਦੇ ਸਾਥੀ ਭਵਨਜੀਤ ਸਿੰਘ ਨਿਵਾਸੀ ਮਹਿਲ ਖੁਰਦ ਨੂੰ ਵੀ ਕੇਸ ਵਿੱਚ ਨਾਮਜ਼ਦ ਕਰਕੇ ਉਨ੍ਹਾਂ ਤੋਂ 10 ਹੋਰ ਚੋਰੀ ਦੇ ਮੋਟਰਸਾਈਕਲ ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਵਲੋਂ ਇਹ ਮੋਟਰਸਾਈਕਲ ਵੱਖ-ਵੱਖ ਜ਼ਿਲ੍ਹਿਆਂ ਤੋਂ ਚੋਰੀ ਕੀਤੇ ਹੋਏ ਹਨ।

# ਬਠਿੰਡਾ ਛਾਉਣੀ ਵਿਚ ਸ਼ੱਕੀ ਗਤੀਵਿਧੀਆਂ ਦੇ ਦੋਸ਼ਾਂ ਹੇਠ ਦਰਜ਼ੀ ਗ੍ਰਿਫਤਾਰ




ਬਠਿੰਡਾ, 15 ਮਈ (ਪੱਤਰ ਪ੍ਰੇਰਕ)-ਚਅਹ ਟਕਮਤ: ਬਠਿੰਡਾ ਛਾਉਣੀ ਵਿਚ ਲੰਮੇ ਸਮੇਂ ਤੋਂ ਕੰਮ ਕਰ ਰਿਹਾ ਇਕ ਦਰਜ਼ੀ ਸ਼ੱਕੀ ਹਾਲਾਤਾਂ 'ਚ ਪੁਲੀਸ ਦੇ ਹੱਥੇ ਚੜ੍ਹਿਆ ਹੈ। ਫੌਜ ਨੂੰ ਉਸ ਦੀਆਂ ਗਤੀਵਿਧੀਆਂ 'ਤੇ ਸ਼ੱਕ ਸੀ। ਐੱਸਪੀ ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਦਰਜ਼ੀ ਦੀਆਂ ਗਤੀਵਿਧੀਆਂ ਦੇ ਚਲਦਿਆਂ ਆਰਮੀ ਨੇ ਪਹਿਲਾਂ ਇਸ ਨੂੰ ਆਪਣੀ ਹਿਰਾਸਤ ਵਿਚ ਲਿਆ ਸੀ ਅਤੇ ਬਾਅਦ ਵਿਚ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਵਿਅਕਤੀ ਉਤਰਾਖੰਡ ਦਾ ਰਹਿਣ ਵਾਲਾ ਹੈ ਅਤੇ ਛਾਉਣੀ ਵਿਚ ਲੰਮੇ ਸਮੇਂ ਤੋਂ ਕੰਮ ਕਰ ਰਿਹਾ ਸੀ। ਜ਼ਿਕਰਯੋਗ ਹੈ ਕਿ ਥਾਣਾ ਕੈਂਟ 'ਚ ਪੁਲੀਸ ਨੇ ਮਾਮਲ ਦਰਜ ਕਰਦਿਆਂ ਉਸ (ਦਰਜ਼ੀ) ਦੇ ਮੋਬਾਇਲ ਫੋਨਾਂ ਨੂੰ ਕਬਜ਼ੇ 'ਚ ਲੈ ਲਿਆ ਹੈ। ਜਿਸ ਨੂੰ ਫੋਰੈਂਸਿਕ ਜਾਂਚ ਲਈ ਭੇਜਿਆ ਜਾਵੇਗਾ। ਐੱਸਪੀ ਨੇ ਕਿਹਾ ਕਿ ਜੇ ਮੋਬਾਇਲਾਂ ਤੋਂ ਮਿਲੀ ਜਾਣਕਾਰੀ ਸ਼ੱਕ ਪੱਕਾ ਕਰਦੀ ਹੈ ਤਾਂ ਹੋਰ ਗੰਭੀਰ ਧਾਰਾਵਾਂ ਲਗਾ ਕੇ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ। ਯਾਦ ਰਹੇ ਕਿ ਇਸ ਤੋਂ ਦੋ ਹਫ਼ਤੇ ਪਹਿਲਾਂ ਬਠਿੰਡਾ ਕੈਂਟ 'ਚੋਂ ਇੱਕ ਮੋਚੀ ਨੂੰ ਵੀ ਜਾਸੂਸੀ ਦੇ ਸ਼ੱਕ 'ਚ ਗ੍ਰਿਫਤਾਰ ਕੀਤਾ ਗਿਆ ਸੀ।

### ਇਯਾਲੀ ਵੱਲੋਂ ਅਕਾਲੀ ਦਲ ਦੀ ਭਰਤੀ ਮੀਟਿੰਗ

ਬਾਘਾ ਪੁਰਾਣਾ, 15 ਮਈ (ਪੱਤਰ ਪ੍ਰੇਰਕ)-ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਗਈ ਕਮੇਟੀ ਵੱਲੋਂ ਪਿੰਡ ਰਾਜਿਆਣਾ ਵਿਚ ਮੀਟਿੰਗ ਕਰਕੇ ਭਰਤੀ ਵਿੱਚ ਸਹਿਯੋਗ ਕਰਨ ਅਤੇ ਪਾਰਟੀ ਦੀ ਮਜ਼ਬੂਤੀ ਲਈ ਚਰਚਾ ਕੀਤੀ ਗਈ। ਇਹ ਮੀਟਿੰਗ ਕਮੇਟੀ ਦੇ ਮੈਂਬਰ ਅਤੇ ਵਿਧਾਇਕ ਮਨਪ੍ਰੀਤ ਇਯਾਲੀ ਦੀ ਪ੍ਰਧਾਨਗੀ ਹੇਠ ਹੋਈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਉਹ ਪਾਰਟੀ ਹੈ, ਜਿਸ ਨੂੰ ਪੰਥ ਦਰਦੀਆਂ ਨੇ ਖ਼ੂਨ ਨਾਲ ਸਿੰਜਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਕੀਤੀ ਜਾ ਰਹੀ ਹੈ ਅਤੇ ਇਸ ਭਰਤੀ ਮੁਹਿੰਮ ਨੂੰ ਹਰ ਪਾਸਿਓਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਇਸ ਸਬੰਧ ਵਿੱਚ ਵਿੰਡਸਰ ਪੈਲਸ ਮੋਗਾ ਵਿੱਚ ਸਵੇਰੇ 11 ਵਜੇ ਵਿਸ਼ੇਸ਼ ਇਕੱਤਰਤਾ ਕੀਤੀ ਜਾ ਰਹੀ ਹੈ, ਜਿਸ ਵਿੱਚ ਵੱਡਾ ਇਕੱਠ ਜਟਾਉਣ ਲਈ ਵੱਡੇ ਪਿੰਡਾਂ ਵਿੱਚ ਲਾਗਲੇ ਛੋਟੇ- ਛੋਟੇ ਪਿੰਡਾਂ ਦੇ ਵਰਕਰਾਂ ਦੇ ਸਾਂਝੇ ਇਕੱਠ ਕਰਕੇ ਲਾਮਬੰਦੀ ਮੁਹਿੰਮ ਤੇਜ਼ ਕੀਤੀ ਜਾ ਰਹੀ ਹੈ।

# ਡੀਐੱਸਪੀ ਦਫ਼ਤਰ ਅੱਗੇ ਲਾਸ਼ ਰੱਖ ਕੇ ਦਿੱਤਾ ਧਰਨਾ

## ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ; ਪੁਲੀਸ ਦੇ ਭਰੋਸੇ ਮਗਰੋਂ ਸ਼ਾਂਤ ਹੋਏ ਲੋਕ

ਤਲਵੰਡੀ ਸਾਬੋ, 15 ਮਈ (ਪੱਤਰ ਪ੍ਰੇਰਕ)-ਬੀਤੇ ਦਿਨੀਂ ਜ਼ਮੀਨੀ




ਵਿਵਾਦ ਸਬੰਧੀ ਪਿੰਡ ਗੁਰੂਸਰ ਜਗ੍ਹਾ ਦੇ ਕਿਸਾਨ ਆਗੂ ਦਵਿੰਦਰ ਸਿੰਘ ਸਰਾ ਦਾ ਉਸ ਦੇ ਪੁੱਤਰ ਮਨਿੰਦਰ ਸਿੰਘ ਵੱਲੋਂ ਆਪਣੇ ਦੋ ਸਾਥੀਆਂ ਨਾਲ ਮਿਲ ਕੇ ਕਤਲ ਕਰਨ ਦੇ ਮਾਮਲੇ ਵਿੱਚ ਮੁਲਜ਼ਮਾਂ ਨੂੰ ਅਜੇ ਤੱਕ ਗ੍ਰਿਫਤਾਰ ਨਾਲ ਕਰਨ ਦੇ ਰੋਸ ਵਜੋਂ ਮ੍ਰਿਤਕ ਦੇ ਵਾਰਸਾਂ ਤੇ ਰਿਸ਼ਤੇਦਾਰਾਂ ਨੇ ਵੱਖ-ਵੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਅੱਜ ਡੀਐੱਸਪੀ ਦਫ਼ਤਰ ਤਲਵੰਡੀ ਸਾਬੋ ਅੱਗੇ ਦਵਿੰਦਰ ਸਿੰਘ ਸਿੰਘ ਦੀ ਲਾਸ਼ ਰੱਖ ਕੇ ਧਰਨਾ ਦਿੱਤਾ ਤੇ ਪੁਲੀਸ ਲਾਫ਼ ਨਾਅਰੇਬਾਜ਼ੀ ਕੀਤੀ। ਤਲਵੰਡੀ ਸਾਬੋ ਪੁਲੀਸ ਨੇ ਮ੍ਰਿਤਕ ਦੀ ਪਤਨੀ ਸੁਖਵਿੰਦਰ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਪੁੱਤਰ ਮਨਿੰਦਰ ਸਿੰਘ ਵਾਸੀ ਗੁਰੂਸਰ, ਤਰਲੋਕ ਸਿੰਘ ਅਤੇ ਹੈਮਲੀ ਸਿੰਘ ਖ਼ਿਲਾਫ਼ ਮਾਮਲਾ ਤਾਂ ਦਰਜ ਕਰ ਲਿਆ ਸੀ, ਪਰ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ। ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਮ੍ਰਿਤਕ ਦੇ ਵਾਰਸਾਂ ਤੇ ਰਿਸ਼ਤੇਦਾਰਾਂ ਵੱਖ-ਵੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਇਸਦੇ ਸਬੰਧ ਵਿੱਚ ਬਣੀ ਅੱਠ ਮੈਂਬਰੀ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਡੀਐੱਸਪੀ ਦਫਤਰ ਦੇ ਮੁੱਖ ਗੇਟ ਅੱਗੇ ਸੜਕ ਉਪਰ ਕਿਸਾਨ ਆਗੂ ਦਵਿੰਦਰ ਸਿੰਘ ਦੀ ਲਾਸ਼ ਰੱਖ ਕੇ ਧਰਨਾ ਦਿੱਤਾ ਤੇ ਪੁਲੀਸ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਧਰਨਾਕਾਰੀਆਂ ਨੇ ਐਲਾਨ ਕੀਤਾ ਕਿ ਜਦ ਤੱਕ ਮੁਲਜ਼ਮਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ ਉਦੋਂ ਤੱਕ ਧਰਨਾ ਜਾਰੀ ਰਹੇਗਾ ਤੇ ਮ੍ਰਿਤਕ ਦਾ ਸਸਕਾਰ ਨਹੀਂ ਕੀਤਾ ਜਾਵੇਗਾ। ਦੂਜੇ ਪਾਸੇ ਧਰਨਾਕਾਰੀਆਂ ਨਾਲ ਗੱਲਬਾਤ ਕਰਨ ਲਈ ਜਸਮੀਤ ਸਿੰਘ ਸਾਹੀਵਾਲ ਐੱਸਪੀ (ਡੀ) ਬਠਿੰਡਾ ਅਤੇ ਹੋਰ ਅਧਿਕਾਰੀ ਮੌਕੇ 'ਤੇ ਪੁੱਜੇ। ਪੁਲੀਸ ਅਧਿਕਾਰੀਆਂ ਨੇ ਸੰਘਰਸ਼ ਕਮੇਟੀ ਤੇ ਵਾਰਸਾਂ ਨਾਲ ਗੱਲਬਾਤ ਕਰਕੇ 16 ਮਈ ਤੱਕ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਦਾ ਭਰੋਸਾ ਦਿਵਾਇਆ ਜਿਸ ਤੋਂ ਬਾਅਦ ਧਰਨਾਕਾਰੀਆਂ ਨੇ ਧਰਨਾ ਸਮਾਪਤ ਕਰ ਦਿੱਤਾ।

# ਮਾਨਸਾ ਪੁਲੀਸ ਨੇ ਹਰਿਆਣਾ 'ਚੋਂ ਆਉਂਦੇ ਨਸ਼ਿਆਂ ਨੂੰ ਰੋਕਿਆ: ਡੀਆਈਜੀ



ਮਾਨਸਾ, 15 ਮਈ (ਪੱਤਰ ਪ੍ਰੇਰਕ)-ਬਠਿੰਡਾ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲੀਸ (ਡੀਆਈਜੀ) ਹਰਜੀਤ ਸਿੰਘ ਨੇ ਕਿਹਾ ਕਿ ਮਾਨਸਾ ਪੁਲੀਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅੱਜ ਤੱਕ ਜ਼ਿਲ੍ਹੇ ਵਿੱਚ ਮੁਹਿੰਮ ਤਹਿਤ 260 ਮੁਕਦੱਮੇ ਦਰਜ ਕਰਕੇ 385 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਹੱਦ ਨਾਲ ਲੱਗਦੇ ਇਸ ਜ਼ਿਲ੍ਹੇ ਵਿੱਚ ਪੁਲੀਸ ਵੱਲੋਂ ਬਾਹਰਲੇ ਰਾਜਾਂ ਤੋਂ ਵਿਕਣ ਲਈ ਆਉਂਦੇਨਸ਼ਿਆਂ ਨੂੰ ਰੋਕ ਕੇ ਇੱਕ ਵੱਡੀ ਪ੍ਰਾਪਤੀ ਕੀਤੀ ਹੈ। ਉਹ ਅੱਜ ਕਸਬਾ ਭੀਖੀ ਵਿਖੇ ਲੋਕ ਮਿਲਣੀ ਦੌਰਾਨ ਇੱਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਮਾਨਸਾ ਦੇ ਐੱਸਐੱਸਪੀ ਭਾਗੀਰਥ ਸਿੰਘ ਮੀਨਾ, ਡੀਐਸਪੀ ਬੂਟਾ ਸਿੰਘ ਗਿੱਲ ਸਮੇਤ ਪੁਲੀਸ ਅਤੇ ਸਿਵਲ ਦੇ ਉਚ ਅਧਿਕਾਰੀ ਮੌਜੂਦ ਸਨ। ਡੀਆਈਜੀ ਹਰਜੀਤ ਸਿੰਘ ਨੇ ਆਪਣੀ ਤਕਰੀਰ ਦੌਰਾਨ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਗਈ ਕਰਦਿਆਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਾਇਆ ਗਿਆ ਅਤੇ ਪੁਲੀਸ ਪ੍ਰਸਾਸਨ ਦਾ ਸਾਥ ਦੇਣ ਦੀ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਆਪਣੀ ਦੁਖ-ਤਕਲੀਫਾਂ ਅਤੇ ਸੁਝਾਅ ਪ੍ਰਸ਼ਾਸਨ ਨਾਲ ਸਾਂਝਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਮਾਨਸਾ ਦੇ ਐੱਸਐੱਸਪੀ ਭਾਗੀਰਥ ਸਿੰਘ ਮੀਨਾ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸਖ਼ਤ ਨੀਤੀ ਅਪਣਾਈ ਗਈ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਅੰਦਰ ਕਿਸੇ ਵੀ ਸ਼ਰਾਰਤੀ ਅਤੇ ਮਾੜੇ ਅਨਸਰਾਂ ਨੂੰ ਸਿਰ ਚੁੱਕਣ ਨਹੀ ਦਿੱਤਾ ਜਾਵੇਗਾ, ਅਮਨ ਕਾਨੂੰਨ ਵਿਵਸਥਾ ਨੂੰ ਹਰ ਹਾਲ ਕਾਇਮ ਰੱਖਿਆ ਜਾਵੇਗਾ।

# ਨਾਜਾਇਜ਼ ਸ਼ਰਾਬ: ਫ਼ਿਰੋਜ਼ਪੁਰ 'ਚ ਸਤਲੁਜ ਕਿਨਾਰੇ ਚੱਲ ਰਿਹਾ ਮੌਤ ਦਾ ਕਾਰੋਬਾਰ

ਫ਼ਿਰੋਜ਼ਪੁਰ, 15 ਮਈ (ਪੱਤਰ ਪ੍ਰੇਰਕ)-ਅੰਮ੍ਰਿਤਸਰ ਦੇ ਮਜੀਠਾ ਵਿਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਹੋਈਆਂ ਦਰਦਨਾਕ ਮੌਤਾਂ ਨੇ ਪੰਜਾਬ ਵਿਚ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਦੀ ਭਿਆਨਕ ਸੱਚਾਈ ਨੂੰ ਇਕ ਵਾਰ ਫਿਰ ਤੋਂ ਜੱਗ ਜ਼ਾਹਿਰ ਕਰ ਦਿੱਤਾ ਹੈ। ਇਸ ਦੁਖਦਾਈ ਘਟਨਾ ਤੋਂ ਬਾਅਦ ਸਰਹੱਦੀ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਸਤਲੁਜ ਦਰਿਆ ਦੇ ਕੰਢੇ 'ਤੇ ਚੱਲ ਰਹੇ ਨਾਜਾਇਜ਼ ਸ਼ਰਾਬ ਦੇ ਧੰਦੇ ਨੂੰ ਲੈ ਕੇ ਲੋਕਾਂ ਵਿਚ ਚਿੰਤਾ ਹੋਰ ਵੀ ਵੱਧ ਗਈ ਹੈ। ਜ਼ਿਕਰਯੋਗ ਹੈ ਕਿ ਦਰਿਆ ਦੇ ਨਾਲ ਲੱਗਦੇ ਦਰਜਨਾਂ ਪਿੰਡਾਂ ਵਿਚ ਇਹ ਕਾਰੋਬਾਰ ਸਾਲਾਂ ਤੋਂ ਬੇਰੋਕ ਚੱਲ ਰਿਹਾ ਹੈ। ਇਸ ਨਾਲ ਨਾ ਸਿਰਫ਼ ਪੰਜਾਬ ਸਰਕਾਰ ਅਤੇ ਠੇਕੇਦਾਰਾਂ ਨੂੰ



ਵਿੱਤੀ ਨੁਕਸਾਨ ਹੋ ਰਿਹਾ ਹੈ, ਸਗੋਂ ਆਮ ਲੋਕਾਂ ਦੀ ਜਾਨ ਵੀ ਖ਼ਤਰੇ ਵਿਚ ਪੈ ਰਹੀ ਹੈ। ਇਸੇ ਸਬੰਧੀ ਅੱਜ ਤੜਕਸਾਰ ਪੁਲੀਸ ਅਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨੇ ਵੱਡੀ ਗਿਣਤੀ ਪੁਲੀਸ ਮੁਲਾਜ਼ਮਾਂ ਦੇ ਨਾਲ ਸਤਲੁਜ ਦਰਿਆ ਤੇ ਛਾਪੇਮਾਰੀ ਕੀਤੀ ਅਤੇ ਉੱਥੇ ਚੱਲ ਰਹੀਆਂ ਨਾਜਾਇਜ਼ ਸ਼ਰਾਬ ਦੀਆਂ ਭੱਠੀਆਂ ਨੂੰ ਢਾਹ ਦਿੱਤਾ ਗਿਆ। ਇਸ ਦੌਰਾਨ ਸਤਲੁਜ ਦਰਿਆ ਵਿੱਚੋਂ ਲੱਖਾਂ ਲੀਟਰ ਲਾਹਣ ਵੀ ਬਰਾਮਦ ਹੋਇਆ, ਜਿਸ ਨੂੰ ਮੌਕੇ ਤੇ ਹੀ ਨਸ਼ਟ ਕਰ ਦਿੱਤਾ ਗਿਆ। ਇਸ ਆਪਰੇਸ਼ਨ ਦੌਰਾਨ ਸ਼ਰਾਬ ਤਸਕਰਾਂ ਅਤੇ ਸਰਕਾਰੀ ਮੁਲਾਜ਼ਮਾਂ ਵਿਚਾਲੇ ਹੋਈ ਝੜਪ ਦੌਰਾਨ ਸ਼ਰਾਬ ਠੇਕੇਦਾਰਾਂ ਦਾ ਇਕ ਮੁਲਾਜ਼ਮ ਗੰਭੀਰ ਜ਼ਖ਼ਮੀਂ ਹੋ ਗਿਆ ਹੈ।

# ਐੱਸਕੇਐੱਮ ਦੇ ਸੱਦੇ 'ਤੇ ਕਿਸਾਨ ਜਥੇਬੰਦੀਆਂ ਵੱਲੋਂ ਅਮਨ ਮਾਰਚ

## ਲੋਕਾਂ ਨੂੰ ਭਾਈਚਾਰਕ ਸਾਂਝ ਬਣਾਈ ਰੱਖਣ ਅਤੇ ਜੰਗਬਾਜ਼ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ

ਸੰਗਰੂਰ, 15 ਮਈ (ਪੱਤਰ ਪ੍ਰੇਰਕ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਦੇਸ਼ ਵਿੱਚ ਬਣੇ ਜੰਗ ਦੇ ਮਾਹੌਲ ਖ਼ਿਲਾਫ਼ ਸ਼ਹਿਰ 'ਚ ਵਿਸ਼ਾਲ ਅਮਨ ਮਾਰਚ ਕੱਢਿਆ ਗਿਆ ਜਿਸ ਵਿੱਚ ਵੱਡੀ ਗਿਣਤੀ 'ਚ ਕਿਸਾਨਾਂ ਅਤੇ ਬੀਬੀਆਂ ਨੇ ਸ਼ਮੂਲੀਅਤ ਕੀਤੀ। ਕਿਸਾਨ ਆਗੂਆਂ ਨੇ ਲੋਕਾਂ ਨੂੰ ਭਾਈਚਾਰਕ ਸਾਂਝ ਬਣਾਈ ਰੱਖਣ ਅਤੇ ਜੰਗਬਾਜ਼ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ। ਇਸ ਤੋਂ ਪਹਿਲਾਂ ਅਨਾਜ ਮੰਡੀ ਵਿੱਚ ਵਿਸ਼ਾਲ ਰੋਸ ਰੈਲੀ ਕੀਤੀ ਗਈ ਜਿਸ ਮਗਰੋਂ ਸ਼ਹਿਰ ਦੇ ਬਾਜ਼ਾਰਾਂ ਵਿੱਚ ਅਮਨ ਮਾਰਚ ਕੱਢਿਆ ਗਿਆ। ਰੈਲੀ ਨੂੰ ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਬੀ.ਕੇ.ਯੂ. ਏਕਤਾ ਡਕੌਂਦਾ ਦੇ ਸੂਬਾ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਮੇਜਰ ਸਿੰਘ ਪੁੰਨਾਵਾਲ, ਬੀ.ਕੇ.ਯੂ. ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕਪਿਆਲ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਊਧਮ ਸਿੰਘ ਸੰਤੋਖਪੁਰਾ, ਬੀ.ਕੇ.ਯੂ. ਡਕੌਂਦਾ ਧਨੇਰ ਦੇ ਜ਼ਿਲ੍ਹਾ ਸਕੱਤਰ ਜਗਤਾਰ ਸਿੰਘ ਦੁੱਗਾਂ ਤੇ ਕੁੱਲ ਹਿੰਦ ਕਿਸਾਨ ਫੈੱਡਰੇਸ਼ਨ ਦੇ ਜ਼ਿਲ੍ਹਾ ਆਗੂ ਨਿਰੰਜਨ ਸਿੰਘ ਸਫੀਪੁਰ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਪਹਿਲਗਾਮ ਵਿੱਚ ਮਾਰੇ ਗਏ ਸੈਲਾਨੀਆਂ ਦੇ ਕਤਲੇਆਮ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮੰਗ ਕੀਤੀ ਕਿ




ਇਸ ਘਟਨਾ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਕਿ ਸੁਰੱਖਿਆ ਏਜੰਸੀਆਂ ਦੀ ਚਿਤਾਵਨੀ ਦੇ ਬਾਵਜੂਦ ਵੱਡੀ ਗਿਣਤੀ ਸੈਲਾਨੀਆਂ ਦੀ ਆਮਦ ਵਾਲੇ ਖੇਤਰ ਵਿੱਚੋਂ ਸੁਰੱਖਿਆ ਕਿਉਂ ਹਟਾਈ ਗਈ? ਬੁਲਾਰਿਆਂ ਨੇ ਦੋਸ਼ ਲਾਇਆ ਕਿ ਪਿਛਲੇ ਦਿਨੀਂ ਦੇਸ਼ ਵਿੱਚ ਜੰਗ ਦਾ ਮਾਹੌਲ ਬਣਾਉਣ ਲਈ ਦੇਸ਼ ਦੇ ਹਾਕਮਾਂ ਦੀਆਂ ਜੰਗਬਾਜ਼ ਨੀਤੀਆਂ ਜ਼ਿੰਮੇਵਾਰ ਹਨ ਜਿਨ੍ਹਾਂ ਆਪਣੇ ਸੌੜੇ ਸਿਆਸੀ ਹਿੱਤਾਂ ਨੂੰ ਪੂਰਾ ਕਰਨ ਲਈ ਦੇਸ਼ ਵਿੱਚ ਜੰਗ ਦਾ ਮਾਹੌਲ ਬਣਾਇਆ ਅਤੇ ਸੋਸ਼ਲ ਮੀਡੀਆ ਉੱਪਰ ਇੱਕ ਵਿਸ਼ੇਸ਼ ਫਿਰਕੇ ਦੇ ਲੋਕਾਂ ਖਿਲਾਫ਼ ਨਫ਼ਰਤ ਦਾ ਮਾਹੌਲ ਪੈਦਾ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਜੰਗਬਾਜ਼ ਸਾਮਰਾਜੀ ਤਾਕਤਾਂ ਖਿਲਾਫ਼ ਇੱਕਜੁੱਟ ਸੰਘਰਸ਼ ਦੀ ਲੋੜ ਹੈ। ਰੈਲੀ ਨੂੰ ਬੀਕੇਯੂ ਏਕਤਾ ਉਗਰਾਹਾਂ ਦੇ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ, ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਮੀਤ ਪ੍ਰਧਾਨ ਕਸ਼ਮੀਰ ਸਿੰਘ ਘਰਾਚੋਂ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਇੰਦਰਪਾਲ ਸਿੰਘ ਪੁੰਨਾਵਾਲ, ਬੀਕੇਯੂ ਡਕੌਂਦਾ ਬੁਰਜਗਿੱਲ ਦੇ ਜ਼ਿਲ੍ਹਾ ਪ੍ਰਧਾਨ ਕਰਮ ਸਿੰਘ ਬਲਿਆਲ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਜਿਲਾ ਆਗੂ ਨਿਰਮਲ ਸਿੰਘ ਬਟੜਿਆਣਾ, ਹਰਮੇਲ ਸਿੰਘ ਮਹਿਰੋਕ, ਦਰਬਾਰਾ ਸਿੰਘ ਛਾਜਲਾ, ਦਰਸ਼ਨ ਸਿੰਘ ਕੁੰਨਰਾਂ, ਰਣਧੀਰ ਸਿੰਘ ਭੱਟੀਵਾਲ, ਮਹਿੰਦਰ ਸਿੰਘ ਭੱਠਲ ਤੇ ਡੀਟੀਐੱਫ ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਵੀ ਸੰਬੋਧਨ ਕੀਤਾ।

ਪਟਿਆਲਾ (ਪੱਤਰ ਪ੍ਰੇਰਕ)-ਸੰਯੁਕਤ ਕਿਸਾਨ ਮੋਰਚਾ ਪਟਿਆਲਾ ਵੱਲੋਂ ਹਿੰਦ-ਪਾਕਿ ਜੰਗ ਦੇ ਵਿਰੁੱਧ ਅਨਾਜ ਮੰਡੀ ਤੋਂ ਫੁਆਰਾ ਚੌਕ ਤੱਕ ਵਹੀਕਲ ਮਾਰਚ ਕੀਤਾ ਗਿਆ। ਇਹ ਮਾਰਚ ਖੰਡਾ ਚੌਕ ਅਤੇ ਲੀਲਾ ਭਵਨ ਚੌਕ ਤੋਂ ਹੁੰਦਾ ਹੋਇਆ ਫੁਹਾਰਾ ਚੌਕ ਅਤੇ ਮਾਲ ਰੋਡ 'ਤੇ ਪਹੁੰਚਿਆ। ਜੀਪਾਂ, ਕਾਰਾਂ ਅਤੇ ਮੋਟਰਸਾਈਕਲਾਂ 'ਤੇ ਸਵਾਰ ਕਿਸਾਨਾਂ ਵੱਲੋਂ ਹਿੰਦ-ਪਾਕਿ ਜੰਗ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਇਸ ਤੋਂ ਪਹਿਲ ਅਨਾਜ ਮੰਡੀ ਵਿਚ ਹੋਈ ਇਕੱਤਰਤਾ ਦੌਰਾਨ ਡਾ. ਦਰਸ਼ਨਪਾਲ, ਰਮਿੰਦਰ ਸਿੰਘ ਪਟਿਆਲਾ, ਮਾਸਟਰ ਬਲਰਾਜ ਜੋਸ਼ੀ, ਦਵਿੰਦਰ ਸਿੰਘ ਪੂਨੀਆ, ਦਰਸ਼ਨ ਬੇਲੂਮਾਜਰਾ, ਹਰਭਜਨ ਸਿੰਘ ਬੁੱਟਰ, ਸੁਖਵਿੰਦਰ ਤੁੱਲੇਵਾਲ, ਬੂਟਾ ਸਿੰਘ ਸ਼ਾਦੀਪੁਰ, ਜਗਪਾਲ ਸਿੰਘ ਊਧਾ, ਚਰਨਜੀਤ ਕੌਰ, ਗੁਰਮੀਤ ਸਿੰਘ ਤੇ ਜਸਬੀਰ ਸਿੰਘ ਖੇੜੀ ਆਦਿ ਕਿਸਾਨ ਆਗੂਆਂ ਨੇ ਵੀ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚੋਂ ਕਈਆਂ ਨੇ ਇਕੱਠ ਨੂੰ ਸੰਬੋਧਨ ਵੀ ਕੀਤਾ। ਬੁਲਾਰਿਆਂ ਦਾ ਕਹਿਣਾ ਸੀ ਕਿ ਜੰਗਾਂ ਕਦੇ ਵੀ ਮਸਲਿਆਂ ਤੇ ਝਗੜਿਆਂ ਦਾ ਹੱਲ ਨਹੀਂ ਹੁੰਦੀਆਂ ਜਿਸ ਕਰਕੇ ਦੇਸ਼ ਨੂੰ ਜੰਗ ਦੇ ਰਾਹ ਨਹੀਂ ਪੈਣਾ ਚਾਹੀਦਾ। ਉਨ੍ਹਾਂ ਕਿਹਾ ਕਿ ਗੁਆਂਢੀ ਮੁਲਕ ਨਾਲ ਕੂਟਨੀਤਕ ਢੰਗ ਨਾਲ ਮਿਲ ਬੈਠ ਕੇ ਲਟਕਦੇ ਮਸਲਿਆਂ ਦਾ ਹੱਲ ਕੱਢਣਾ ਚਾਹੀਦਾ ਹੈ ਬੁਲਾਰਿਆਂ ਨੇ ਪਹਿਲਗਾਮ ਘਟਨਾ ਦੀ ਨਿਰਪੱਖ ਜਾਂਚ ਦੀ ਮੰਗ ਕਰਦਿਆਂ ਕਥਿਤ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਅਪੀਲ ਵੀ ਕੀਤੀ।

# ਡੀਐੱਮ ਸਕੂਲ ਦਾ ਸਾਇੰਸ ਗਰੁੱਪ 'ਚ ਜ਼ਿਲ੍ਹੇ 'ਚੋਂ ਪਹਿਲਾ ਸਥਾਨ



ਰਾਮਪੁਰਾ ਫੂਲ, 15 ਮਈ (ਪੱਤਰ ਪ੍ਰੇਰਕ)-ਸੀਬੀਐੱਸਈ ਬੋਰਡ ਨਵੀਂ ਦਿੱਲੀ ਵੱਲੋਂ ਐਲਾਨੇ ਗਏ ਦਸਵੀਂ ਅਤੇ ਬਾਰ੍ਹਵੀਂ ਕਲਾਸ ਦੇ ਨਤੀਜਿਆਂ ਵਿੱਚ ਡੀਐੱਮ ਗਰੁੱਪ ਕਰਾੜ ਵਾਲਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਾਣਕਾਰੀ ਅਨੁਸਾਰ ਬਾਰ੍ਹਵੀਂ ਕਲਾਸ ਦੇ ਨਤੀਜਿਆਂ ਮੁਤਾਬਿਕ ਵਿਦਿਆਰਥੀ ਕੇਸ਼ਵ ਮਿੱਤਲ ਨੇ ਸਾਇੰਸ ਗਰੁੱਪ ਵਿਚੋਂ 98 ਪ੍ਰਤੀਸ਼ਤ ਅੰਕ ਹਾਸਲ ਕਰ ਕੇ ਬਠਿੰਡੇ ਜ਼ਿਲ੍ਹੇ 'ਚੋਂ ਅੱਵਲ ਰਿਹਾ, ਜਸਪਾਲ ਸਿੰਘ ਅਤੇ ਗੁਰਕੀਰਤ ਸਿੰਘ ਨੇ ਸਾਇੰਸ ਗਰੁੱਪ ਵਿਚੋਂ 95 ਪ੍ਰਤੀਸ਼ਤ ਅੰਕ, ਪਰਮਵੀਰ ਸਿੰਘ ਨੇ 92 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਫਾਈਨ ਆਰਟਸ ਦੇ ਵਿਦਿਆਰਥੀਆਂ ਸਬਜੋਤ ਸਿੰਘ, ਮਨਜੋਤ ਕੌਰ, ਰਮਨਦੀਪ ਕੌਰ ਅਤੇ ਸਮਰੀਤ ਕੌਰ ਨੇ 100 ਪ੍ਰਤੀਸ਼ਤ ਅਤੇ ਸੰਗੀਤ ਵਿਸ਼ੇ ਵਿਚੋਂ ਪ੍ਰਭਵੀਰ ਸਿੰਘ ਢਿੱਲੋਂ ਨੇ 96 ਪ੍ਰਤੀਸ਼ਤ ਅੰਕ ਹਾਸਿਲ ਕੀਤੇ ਅਤੇ ਇਸ ਦੇ ਨਾਲ ਹੀ ਦਸਵੀਂ ਕਲਾਸ ਦੇ ਵਿਦਿਆਰਥੀਆਂ ਵਿਚੋਂ ਤਨਵੀਰ ਕੌਰ ਨੇ 95 ਪ੍ਰਤੀਸ਼ਤ, ਦੀਪਇੰਦਰ ਕੌਰ ਨੇ 92 ਪ੍ਰਤੀਸ਼ਤ ਅਤੇ ਗੁਰਮਨਪ੍ਰੀਤ ਕੌਰ ਨੇ 91 ਪ੍ਰਤੀਸ਼ਤ ਅੰਕ ਹਾਸਿਲ ਕੀਤੇ। ਸੰਸਥਾ ਦੇ ਚੇਅਰਮੈਨ ਅਵਤਾਰ ਸਿੰਘ ਢਿੱਲੋਂ ਨੇ ਸ਼ਾਨਦਾਰ ਨਤੀਜਿਆਂ ਲਈ ਸਾਰਿਆਂ ਨੂੰ ਵਧਾਈ ਦਿੱਤੀ।

# ਵਿਦਿਆਰਥਣਾਂ ਤੇ ਔਰਤਾਂ ਦੀ ਸੁਰੱਖਿਆ ਲਈ ਪੁਲੀਸ ਵੱਲੋਂ 'ਸ਼ੀ ਸਕੁਐਡ' ਮੁਹਿੰਮ ਸ਼ੁਰੂ



ਮਾਛੀਵਾੜਾ, 15 ਮਈ (ਪੱਤਰ ਪ੍ਰੇਰਕ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਹੁਣ ਇਲਾਕੇ ਵਿੱਚ ਵਿਦਿਆਰਥਣਾਂ ਤੇ ਔਰਤਾਂ ਦੀ ਸੁਰੱਖਿਆ ਲਈ ਪੁਲੀਸ ਨੇ 'ਸ਼ੀ ਸਕੁਐਡ' ਮੁਹਿੰਮ ਸ਼ੁਰੂ ਕੀਤੀ ਹੈ। ਇਸ ਤਹਿਤ ਸਕੂਲਾਂ, ਕਾਲਜਾਂ ਅਤੇ ਮੁਹੱਲਿਆਂ ਵਿੱਚ ਮਹਿਲਾ ਪੁਲੀਸ ਕਰਮਚਾਰੀ ਆਪਣੇ ਵਿਸ਼ੇਸ਼ ਵਾਹਨ ਰਾਹੀਂ ਗਸ਼ਤ ਕਰਨਗੀਆਂ ਅਤੇ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਉਣਗੀਆਂ। ਅੱਜ ਮਾਛੀਵਾੜਾ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੇ ਬਾਹਰ ਵੀ ਮਹਿਲਾ ਪੁਲੀਸ ਕਰਮਚਾਰੀ ਰਾਜ ਕੌਰ ਤੇ ਪੂਜਾ ਰਾਣੀ ਆਪਣੇ ਵਿਸ਼ੇਸ਼ ਵਾਹਨ ਨਾਲ ਤਾਇਨਾਤ ਦਿਖਾਈ ਦਿੱਤੀਆਂ। ਉਹ ਅਨਾਊਂਸਮੈਂਟ ਕਰ ਰਹੇ ਸਨ ਕਿ ਸਕੂਲ ਦੇ ਨੇੜੇ ਕੋਈ ਵੀ ਨੌਜਵਾਨ ਗੇੜੀਆਂ ਨਾ ਮਾਰੇ ਅਤੇ ਹੂਟਰ ਵਜਾ ਕੇ ਇਸ ਸਬੰਧੀ ਮੁਸਤੈਦੀ ਵਰਤੀ ਜਾ ਰਹੀ ਸੀ। ਮਹਿਲਾ ਪੁਲੀਸ ਕਰਮਚਾਰੀ ਰਾਜ ਕੌਰ ਤੇ ਪੂਜਾ ਰਾਣੀ ਨੇ ਦੱਸਿਆ ਕਿ ਪੁਲੀਸ ਜ਼ਿਲ੍ਹਾ ਖੰਨਾ ਦੀ ਐੱਸ.ਐੱਸ.ਪੀ. ਜੋਤੀ ਯਾਦਵ ਦੇ ਨਿਰਦੇਸ਼ਾਂ ਤਹਿਤ ਉਹ ਸਕੂਲਾਂ- ਕਾਲਜਾਂ ਦੇ ਬਾਹਰ ਗਸ਼ਤ ਕਰਦੇ ਹਨ ਅਤੇ ਜੇਕਰ ਕੋਈ ਵਿਦਿਆਰਥਣ ਉਨ੍ਹਾਂ ਨੂੰ ਛੇੜਛਾੜ ਸਬੰਧੀ ਸ਼ਿਕਾਇਤ ਕਰਦੀ ਹੈ ਤਾਂ ਉਸ ਉੱਪਰ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਕੂਲ, ਕਾਲਜ ਖੁੱਲ੍ਹਣ ਤੇ ਬੰਦ ਹੋਣ ਤੋਂ ਇਲਾਵਾ ਉਨ੍ਹਾਂ ਦੀ 'ਸ਼ੀ ਸਕੁਐਡ' ਗਸ਼ਤ ਗਲੀਆਂ, ਮੁਹੱਲਿਆਂ ਵਿੱਚ ਵੀ ਨਿਗਰਾਨੀ ਕਰਦੀ ਹੈ ਅਤੇ ਜੇਕਰ ਕੋਈ ਸ਼ੱਕੀ ਵਿਅਕਤੀ ਘੁੰਮਦਾ ਨਜ਼ਰ ਆਉਂਦਾ ਹੈ ਤਾਂ ਉਸਦੀ ਜਾਂਚ ਕੀਤੀ ਜਾਂਦੀ ਹੈ। ਪੁਲੀਸ ਕਰਮਚਾਰੀਆਂ ਨੇ ਕਿਹਾ ਕਿ ਇਸ ਤੋਂ ਇਲਾਵਾ ਔਰਤਾਂ ਨੂੰ ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਥਾਣਿਆਂ 'ਚ ਆਉਣ ਦੀ ਕੋਈ ਜ਼ਰੂਰਤ ਨਹੀਂ ਬਲਕਿ ਨੇੜੇ ਹੀ ਖੁੱਲ੍ਹੇ ਸਾਂਝ ਕੇਂਦਰ ਜਿੱਥੇ ਮਹਿਲਾ ਮਿੱਤਰ ਡੈਸਕ ਖੋਲ੍ਹਿਆ ਗਿਆ ਹੈ, ਆਪਣੀ ਸ਼ਿਕਾਇਤ ਦਰਜ ਕਰਵਾਏ।

ਵਿਦਿਆਰਥਣਾਂ ਦੇ ਮਾਪੇ ਪੁਲੀਸ ਦੀ ਮੁਹਿੰਮ ਤੋਂ ਖੁਸ਼

ਸਕੂਲਾਂ-ਕਾਲਜਾਂ ਦੇ ਬਾਹਰ ਵਿਦਿਆਰਥਣਾਂ ਦੀ ਸੁਰੱਖਿਆ ਲਈ ਸਥਾਪਤ ਕੀਤੀ ਗਈ 'ਸ਼ੀ ਸਕੁਐਡ' ਦੀ ਕਾਰਗੁਜ਼ਾਰੀ ਦੇਖ ਕੇ ਅੱਜ ਮਾਪੇ ਖੁਸ਼ ਨਜ਼ਰ ਆਏ। ਉਨ੍ਹਾਂ ਕਿਹਾ ਕਿ ਅਕਸਰ ਸ਼ਿਕਾਇਤਾਂ ਮਿਲਦੀਆਂ ਹਨ ਕਿ ਸਕੂਲ 'ਚ ਛੁੱਟੀ ਦੌਰਾਨ ਕੁਝ ਮਨਚਲੇ ਨੌਜਵਾਨ ਵਿਦਿਆਰਥਣਾਂ ਨੂੰ ਪ੍ਰੇਸ਼ਾਨ ਕਰਦੇ ਹਨ ਪਰ ਹੁਣ ਪੁਲੀਸ ਦੀ ਮੁਸਤੈਦੀ ਵੱਡੀ ਰਾਹਤ ਦੇਵੇਗੀ। ਇੱਕ ਵਿਦਿਆਰਥਣ ਦੀ ਮਾਤਾ ਰਣਵੀਰ ਕੌਰ ਨੇ ਕਿਹਾ ਕਿ ਉਹ ਆਪਣੀ ਲੜਕੀ ਨੂੰ ਰੋਜ਼ਾਨਾ ਸਕੂਲ ਤੋਂ ਲੈਣ ਆਉਂਦੀ ਹੈ ਅਤੇ ਅਕਸਰ ਦੇਖਦੇ ਹਨ ਕਿ ਨੌਜਵਾਨ ਆਸ-ਪਾਸ ਗੇੜੀਆਂ ਮਾਰਦੇ ਰਹਿੰਦੇ ਹਨ ਪਰ ਹੁਣ ਮਹਿਲਾ ਪੁਲੀਸ ਦੀ ਤਾਇਨਾਤੀ ਕਾਰਨ ਵਿਦਿਆਰਥਣਾਂ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਦੀਆਂ ਹਨ। ਇੱਕ ਵਿਦਿਆਰਥਣ ਦੇ ਪਿਤਾ ਜਸਵੰਤ ਸਿੰਘ ਨੇ ਦੱਸਿਆ ਕਿ ਇਹ ਪੁਲੀਸ ਦਾ ਬਹੁਤ ਵਧੀਆ ਉਪਰਾਲਾ ਹੈ ਜੋ ਔਰਤਾਂ ਦੀ ਸੁਰੱਖਿਆ ਲਈ ਯਤਨ ਕੀਤਾ ਹੈ।

# ਪਟਿਆਲਾ 'ਚੋਂ ਜਪਨੀਤ ਕੌਰ ਤੇ ਈਸ਼ਪ੍ਰੀਤ ਕੌਰ ਅੱਵਲ

## ਪਲੇਅ ਵੇਜ਼ ਸਕੂਲ ਦੀ ਝੰਡੀ; ਜ਼ਿਲ੍ਹੇ ਦੇ 30 ਵਿਦਿਆਰਥੀਆਂ ਨੇ ਮੈਰਿਟ ਸੂਚੀ 'ਚ ਥਾਂ ਬਣਾਈ



ਪਟਿਆਲਾ, 15 ਮਈ (ਚਰਨਜੀਤ ਚੰਨੀ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜੇ ਦੌਰਾਨ ਜ਼ਿਲ੍ਹੇ ਭਰ ਦੇ 30 ਵਿਦਿਆਰਥੀ ਮੈਰਿਟ ਸੂਚੀ ਵਿੱਚ ਸ਼ਾਮਲ ਹਨ। ਪਟਿਆਲਾ ਦੇ ਪਲੇਅ ਵੇਅਜ਼ ਸਕੂਲ ਦੀ ਚੜ੍ਹਤ ਰਹੀ ਕਿਉਂਕਿ ਇੱਥੋਂ ਦੇ ਦੋ ਵਿਦਿਆਰਥੀਆਂ ਨੇ ਜਿੱਥੇ ਪਹਿਲੀ ਅਤੇ ਤੀਜੀ ਪੁਜ਼ੀਸ਼ਨ ਮੱਲੀ ਹੈ, ਉੱਥੇ ਹੀ ਇਸ ਸਕੂਲ ਦੇ ਸਭ ਤੋਂ ਵੱਧ 10 ਵਿਦਿਆਰਥੀ ਮੈਰਿਟ ਸੂਚੀ 'ਚ ਵੀ ਸ਼ਾਮਲ ਹਨ। ਪਲੇਅ ਵੇਅਜ਼ ਸਕੂਲ ਦੀ ਵਿਦਿਆਰਥਣ ਜਪਨੀਤ ਕੌਰ ਪੁੱਤਰੀ ਕੁਲਪ੍ਰੀਤ ਸਿੰਘ ਅਤੇ ਮਾਲਵਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਤੇਜ਼ ਐਨਕਲੇਵ ਨਾਭਾ ਦੀ ਈਸ਼ਪ੍ਰੀਤ ਕੌਰ ਪੁੱਤਰੀ ਸੁਦਾਗਰ ਸਿੰਘ 500 ਵਿੱਚੋਂ 495 (99 ਫ਼ੀਸਦੀ) ਅੰਕ ਲੈ ਕੇ ਸਾਂਝੇ ਤੌਰ 'ਤੇ ਪਟਿਆਲਾ ਜ਼ਿਲ੍ਹੇ ਵਿੱਚੋਂ ਟਾਪਰ ਰਹੀਆਂ ਹਨ। ਪਲੇਅ ਵੇਜ਼ ਦੇ ਯੁਵਰਾਜ ਸਿੰਘ ਨੇ 494 (98.80 ਫੀਸਦੀ) ਅੰਕਾਂ ਨਾਲ ਜ਼ਿਲ੍ਹੇ ਤੀਜਾ ਸਥਾਨ ਹਾਸਲ ਕੀਤਾ ਹੈ। ਮੈਰਿਟ ਸੂਚੀ ਵਿੱਚ ਸ਼ਾਮਲ ਬਾਕੀਆਂ ਵਿੱਚੋਂ ਪਲੇਅ ਵੇਜ਼ ਸਕੂਲ ਦੀ ਜਸਲੀਨ ਕੌਰ 492, ਪੀ.ਐੱਮ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਦੀ ਮਨੀਸ਼ਾ ਪੁੱਤਰੀ ਹਰਬੰਸ ਸਿੰਘ 492, ਮਾਲਵਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਤੇਜ ਐਨਕਲੇਵ ਨਾਭਾ ਦੀ ਪਰਨੀਤ ਕੌਰ ਪੁੱਤਰੀ ਸੁਖਵਿੰਦਰ ਸਿੰਘ 492, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਦਸ਼ਾਹਪੁਰ ਕਾਲੇਕੀ ਦੀ ਹੁਸਨਪ੍ਰੀਤ ਕੌਰ ਪੁੱਤਰੀ ਬਲਵਿੰਦਰ ਸਿੰਘ 490, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੁਲਾਰਾਂ ਦੀ ਨਰਿੰਦਰਪਾਲ ਕੌਰ ਪੁੱਤਰੀ ਹਰਜੀਤ ਸਿੰਘ 490, ਪਲੇਅ ਵੇਜ਼ ਦੀ ਪੁਸ਼ਮਹਿਕ ਕੌਰ ਪੁੱਤਰੀ ਮਨਜਿੰਦਰ ਸਿੰਘ 490, ਸਕੂਲ ਆਫ਼ ਐਮੀਨੈਂਸ ਫੀਲਖਾਨਾ ਪਟਿਆਲਾ ਦੀ ਹਰਜੋਤ ਕੌਰ ਪੁੱਤਰੀ ਗੁਰਭੇਜ ਸਿੰਘ 490, ਪਲੇਅਵੇਜ਼ ਦਾ ਮੁਕੇਸ਼ ਰਾਮ ਜਾਨੀ ਪੁੱਤਰ ਟਿੰਕੂ ਰਾਮ ਜਾਨੀ 490, ਮਾਲਵਾ ਪਬਲਿਕ ਸਕੂਲ ਨਾਭਾ ਦੀ ਅਰਸ਼ਪ੍ਰੀਤ ਕੌਰ ਪੁੱਤਰੀ ਜਗਤਾਰ ਸਿੰਘ 490 ਸ.ਸੀ.ਸ ਮੈਰੀਟੋਰੀਅਸ ਪਟਿਆਲਾ ਦੇ ਜਸ਼ਨਦੀਪ ਸਿੰਘ ਪੁੱਤਰ ਪਰਸ ਰਾਮ 489 ਅਤੇ ਸ.ਸੀ.ਸੈ.ਸ ਸਿਓਣਾ ਦੀ ਹਰਸਿਮਰਨ ਕੌਰ ਪੁੱਤਰੀ ਹਰਜਿੰਦਰ ਸਿੰਘ 489 ਦੇ ਨਾਮ ਸ਼ਾਮਲ ਹਨ। ਇਸੇ ਤਰ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਪਟਿਆਲਾ ਦੇ ਨਿਰਜਲਾ ਯਾਦਵ 488, ਪਲੇਅ ਵੇਜ਼ ਪਟਿਆਲਾ ਦੀ ਅਰਸ਼ਪ੍ਰੀਤ ਕੌਰ 488, ਪੀਐੱਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਲਟੀਪਰਪਜ਼ ਪਟਿਆਲਾ ਦੀ ਭਾਨੂ ਕਪੂਰ 488, ਬੀ.ਐੱਨ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਦੇ ਸੱਤਿਅਮ ਸਿੰਘ 488, ਮਾਲਵਾ ਸੀਨੀਅਰ ਸੈਕੰਡਰੀ ਸਕੂਲ ਜੱਸੋਵਾਲ ਦੀ ਅਗਮਜੋਤ ਕੌਰ 488, ਪਲੇਅ ਵੇਜ਼ ਪਟਿਆਲਾ ਦੀਆਂ ਭਾਵਨਾ ਅਤੇ ਸੁਹਾਨਾ ਬਿੰਦਰਾ 487, ਮਾਲਵਾ ਸਕੂਲ ਨਾਭਾ ਦੀ ਸਿਮਰਨਜੀਤ ਕੌਰ ਨੇ ਵੀ 487 ਅੰਕ ਹਾਸਲ ਕਰ ਕੇ ਮੈਰਿਟ ਸੂਚੀ 'ਚ ਆਪਣੇ ਨਾਮ ਦਰਜ ਕਰਵਾਏ ਹਨ। ਮੈਰਿਟ ਸੂਚੀ 'ਚ ਸ਼ਾਮਲ ਬਾਕੀ ਵਿਦਿਆਰਥੀਆਂ ਵਿੱਚੋਂ ਪਲੇਅਵੇਜ਼ ਦੇ ਟੀਆ ਜੱਗੀ 487, ਗੌਰਮਿੰਟ ਸਕੂਲ ਸਿਉਣਾ ਦੇ ਜਸ਼ਨਪ੍ਰੀਤ ਸਿੰਘ 487, ਪੀਐੱਮ ਸ.ਸੀ.ਸੈ.ਸਕੂਲ ਦੇਵੀਗੜ੍ਹ ਦੀ ਮਨਪ੍ਰੀਤ ਕੌਰ 486, ਸ.ਸੀ.ਸੈ.ਸਮਾਰਟ ਸਕੂਲ ਸਮਾਣਾ ਦੀ ਖੁਸ਼ਪ੍ਰੀਤ ਕੌਰ ਅਤੇ ਪਲੇਅ ਵੇਜ਼ ਪਟਿਆਲਾ ਦੀ ਮਨਦੀਪ ਕੌਰ ਅਤੇ ਮਨਰਾਜ ਸਿੰਘ ਨੇ 486 ਅੰਕ ਲਏ ਹਨ।

# ਮੁੱਖ ਮੰਤਰੀ ਦਾ ਲੁਧਿਆਣਾ ਦੌਰਾ ਤੀਜੀ ਵਾਰ ਰੱਦ

ਲੁਧਿਆਣਾ, 15 ਮਈ (ਪੱਤਰ ਪ੍ਰੇਰਕ)-ਚਾਂਦ ਸਿਨੇਮਾ ਨੇੜੇ ਨਵੇਂ ਬਣੇ ਪੁਲ ਉਦਘਾਟਨ ਦੇ ਇੰਤਜ਼ਾਰ 'ਚ ਹਨ। ਮੁੱਖ ਮੰਤਰੀ ਨੇ ਅੱਜ ਮੰਗਲਵਾਰ ਨੂੰ ਇਸ ਪੁਲ ਦਾ ਉਦਘਾਟਨ ਕਰ ਕੇ ਇਸ ਨੂੰ ਆਮ ਲੋਕਾਂ ਦੀ ਆਵਾਜਾਈ ਲਈ ਖੋਲ੍ਹਣਾ ਸੀ, ਪਰ ਐਨ ਮੌਕੇ 'ਤੇ ਉਨ੍ਹਾਂ ਦਾ ਦੌਰਾ ਰੱਦ ਹੋ ਗਿਆ ਤੇ ਪੁਲ ਫਿਰ ਜਨਤਾ ਲਈ ਖੁੱਲ੍ਹਣ ਤੋਂ ਰਹਿ ਗਿਆ। ਇਹ ਪੁਲ ਪਿਛਲੇ 5 ਦਿਨ ਤੋਂ ਤਿਆਰ ਹੈ ਤੇ ਉਦਘਾਟਨ ਕਰਕੇ ਹਾਲੇ ਬੰਦ ਹੈ। ਮੁੱਖ ਮੰਤਰੀ ਭਗਵੰਤ ਮਾਨ ਦਾ ਤਿੰਨ ਦਿਨਾਂ ਤੋਂ ਲਗਾਤਾਰ ਲੁਧਿਆਣਾ ਦੌਰਾ ਰੱਦ ਹੋ ਰਿਹਾ ਹੈ। ਹੁਣ ਮੁੱਖ ਮੰਤਰੀ ਭਗਵੰਤ ਮਾਨ ਬੁੱਧਵਾਰ ਨੂੰ ਸ਼ਹਿਰ ਆਉਣਗੇ ਅਤੇ ਪੁਲ ਦਾ ਉਦਘਾਟਨ ਕਰਨਗੇ, ਜਿਸ ਤੋਂ ਬਾਅਦ ਪੁਲ ਨੂੰ ਆਮ ਲੋਕਾਂ ਲਈ ਖੋਲ੍ਹ ਦਿੱਤਾ ਜਾਵੇਗਾ। ਚਾਂਦ ਸਿਨੇਮਾ ਦੇ ਨੇੜੇ ਬਣਿਆ ਪੁਲ ਕਈ ਸਾਲ ਪਹਿਲਾਂ ਢਾਹ ਦਿੱਤਾ ਗਿਆ ਸੀ ਅਤੇ ਲੋਕਾਂ ਦੀ ਆਵਾਜਾਈ ਲਈ ਵੱਖਰੇ ਪਾਸੇ ਰਸਤਾ ਬਣਾਇਆ ਗਿਆ ਸੀ। ਪੁਲ ਦਾ ਕੰਮ ਲੰਬੇ ਸਮੇਂ ਤੋਂ ਰੁਕਿਆ ਹੋਇਆ ਸੀ।ਇਹ ਕੰਮ ਕਰੀਬ ਤਿੰਨ ਸਾਲ ਪਹਿਲਾਂ ਦੁਬਾਰਾ ਸ਼ੁਰੂ ਕੀਤਾ ਗਿਆ ਸੀ ਅਤੇ ਹੁਣ ਪੁਲ ਪੂਰੀ ਤਰ੍ਹਾਂ ਤਿਆਰ ਹੈ। ਪਿਛਲੇ ਤਿੰਨ ਦਿਨਾਂ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਫਿਰੋਜ਼ਪੁਰ ਵਿੱਚ ਡਰੋਨ ਹਮਲੇ ਵਿੱਚ ਜ਼ਖਮੀ ਹੋਏ ਲੋਕਾਂ ਦਾ ਹਾਲ ਜਾਣਨ ਲਈ ਡੀਐੱਮਸੀ ਹਸਪਤਾਲ ਆਉਣ ਵਾਲੇ ਸਨ, ਪਰ ਪਿਛਲੇ ਦੋ ਦਿਨਾਂ ਤੋਂ ਉਨ੍ਹਾਂ ਦਾ ਦੌਰਾ ਰੱਦ ਹੋ ਰਿਹਾ ਸੀ।

ਧਰੀਆਂ-ਧਰਾਈਆਂ ਰਹਿ ਗਈਆਂ ਤਿਆਰੀਆਂ

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਸ੍ਰੀ ਮਾਨ ਨੇ ਮੰਗਲਵਾਰ ਨੂੰ ਸ਼ਹਿਰ ਆਉਣਾ ਸੀ। ਉਨ੍ਹਾਂ ਦੁਪਹਿਰ 12 ਵਜੇ ਪੁਲ ਦਾ ਉਦਘਾਟਨ ਕਰਨਾ ਸੀ ਜਿਸ ਤੋਂ ਬਾਅਦ ਉਨ੍ਹਾਂ ਅੰਬੇਡਕਰ ਭਵਨ ਵਿੱਚ ਨਵੇਂ ਆਡੀਟੋਰੀਅਮ ਅਤੇ ਸਪੋਰਟਸ ਪਾਰਕ ਦਾ ਉਦਘਾਟਨ ਕਰਨਾ ਸੀ ਜਿਸ ਲਈ ਪ੍ਰਸ਼ਾਸਨ ਵੱਲੋਂ ਪੂਰੀਆਂ ਤਿਆਰੀਆਂ ਕੀਤੀਆਂ ਗਈਆਂ ਸਨ। ਪੁਲ 'ਤੇ ਟੈਂਟ ਲਗਾ ਕੇ ਇੱਕ ਸ਼ਾਨਦਾਰ ਸਮਾਗਮ ਰੱਖਿਆ ਗਿਆ ਸੀ। ਲੋਕਾਂ ਦੇ ਬੈਠਣ ਲਈ ਕੁਰਸੀਆਂ ਦਾ ਵੀ ਪ੍ਰਬੰਧ ਕੀਤਾ ਗਿਆ ਸੀ ਅਤੇ ਇਲਾਕੇ ਵਿੱਚ ਪੁਲੀਸ ਵੱਲੋਂ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਵੀ ਕੀਤੇ ਗਏ ਸਨ ਪਰ ਮੁੜ ਮੁੱਖ ਮੰਤਰੀ ਦਾ ਦੌਰਾ ਰੱਦ ਹੋ ਗਿਆ। ਪ੍ਰਸ਼ਾਸਨ ਨੇ ਦੱਸਿਆ ਕਿ ਮਜੀਠਾ ਵਿੱਚ ਹੋਏ ਹਾਦਸੇ ਕਾਰਨ ਮੁੱਖ ਮੰਤਰੀ ਨੂੰ ਅਚਾਨਕ ਉੱਥੇ ਜਾਣਾ ਪਿਆ। ਹੁਣ ਭਲਕੇ ਬੁੱਧਵਾਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਸਵੇਰੇ 11 ਵਜੇ ਪੁਲ ਦਾ ਉਦਘਾਟਨ ਕਰਨਗੇ ਅਤੇ ਇਸ ਮਗਰੋਂ ਡੀਐੱਮਸੀ ਹਸਪਤਾਲ ਦਾ ਦੌਰਾ ਕਰਨਗੇ।

# ਰਾਜਧਾਨੀ 'ਚ ਦੋ ਇਮਾਰਤਾਂ ਵਿੱਚ ਅੱਗ ਲੱਗੀ, ਜਾਨੀ ਨੁਕਸਾਨ ਤੋਂ ਬਚਾਅ

ਨਵੀਂ ਦਿੱਲੀ, 15 ਮਈ (ਪੱਤਰ ਪ੍ਰੇਰਕ) ਦਿੱਲੀ ਵਿੱਚ ਦੋ ਥਾਵਾਂ 'ਤੇ ਅੱਗ ਦੀਆਂ ਘਟਨਾਵਾਂ ਵਾਪਰੀਆਂ ਹਨ। ਜਾਣਕਾਰੀ ਅਨੁਸਾਰ ਉੱਤਰ ਪੱਛਮੀ ਦਿੱਲੀ ਦੇ ਅਸ਼ੋਕ ਵਿਹਾਰ ਪੁਲੀਸ ਸਟੇਸ਼ਨ ਵਿੱਚ ਅਚਾਨਕ ਅੱਗ ਲੱਗ ਗਈ। ਇਸ ਸਬੰਧੀ ਪੁਲੀਸ ਨੇ ਕਿਹਾ ਕਿ ਘਟਨਾ ਵਿੱਚ ਕੋਈ ਜ਼ਖਮੀ ਨਹੀਂ ਹੋਇਆ। ਪੁਲੀਸ ਅਨੁਸਾਰ ਏਅਰ ਕੰਡੀਸ਼ਨ ਯੂਨਿਟ ਵਿੱਚ ਸ਼ਾਰਟ ਸਰਕਟ ਕਾਰਨ ਰਾਤ 10:30 ਵਜੇ ਏਟੀਓ ਇੰਸਪੈਕਟਰ ਦੇ ਕਮਰੇ ਵਿੱਚ ਅੱਗ ਲੱਗ ਗਈ। ਸਟਾਫ ਨੂੰ ਕੱਢਣ ਤੋਂ ਬਾਅਦ ਅੱਗ ਬੁਝਾ ਦਿੱਤੀ ਗਈ। ਪੁਲੀਸ ਮੁਲਾਜ਼ਮਾਂ ਵੱਲੋਂ ਸਮੇਂ ਸਿਰ ਮੁਲਾਜ਼ਮਾਂ ਨੂੰ ਬਾਹਰ ਕੱਢਣ ਕਾਰਨ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਉਨ੍ਹਾਂ ਦੱਸਿਆ ਕਿ ਮਾਮੂਲੀ ਨੁਕਸਾਨ ਹੋਇਆ ਪਰ ਦਸਤਾਵੇਜ਼ ਜਾਂ ਕੋਈ ਸਮਾਨ ਨਹੀਂ ਸੜਿਆ। ਇੱਥੇ ਪੱਛਮੀ ਦਿੱਲੀ ਦੇ ਉੱਤਮ ਨਗਰ ਖੇਤਰ ਵਿੱਚ ਇੱਕ ਨਿੱਜੀ ਹਸਪਤਾਲ ਦੇ ਦੰਦਾਂ ਵਾਲੇ ਵਾਰਡ ਦੀ ਇਮਾਰਤ ਵਿੱਚ ਅੱਗ ਲੱਗ ਗਈ। ਫਾਇਰ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਲਗਭਗ 20 ਮਰੀਜ਼ਾਂ ਅਤੇ ਇੰਨੇ ਹੀ ਸਟਾਫ ਮੈਂਬਰਾਂ ਨੂੰ ਬਚਾਇਆ ਗਿਆ। ਅਧਿਕਾਰੀਆਂ ਨੇ ਕਿਹਾ ਕਿ ਇਸ ਘਟਨਾ ਵਿੱਚ ਕੋਈ ਜ਼ਖਮੀ ਨਹੀਂ ਹੋਇਆ। ਦਿੱਲੀ ਫਾਇਰ ਸਰਵਿਸਿਜ਼ ਨੇ 10 ਫਾਇਰ ਬ੍ਰਿਗੇਡ ਗੱਡੀਆਂ ਨੂੰ ਇਲਾਕੇ ਵਿੱਚ ਭੇਜਿਆ ਤੇ ਰਾਤ 9.25 ਵਜੇ ਅੱਗ ਬੁਝਾਈ। ਦਿੱਲੀ ਪੁਲੀਸ ਨੇ ਕਿਹਾ ਕਿ ਉਹ ਬੀਐਮ ਗੁਪਤਾ ਹਸਪਤਾਲ ਵਿੱਚ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ। ਅੱਗ ਦੂਜੀ ਮੰਜ਼ਿਲ ਤੋਂ ਲੱਗੀ ਜਿਸ ਵਿੱਚ ਨਰਸਾਂ ਲਈ ਇੱਕ ਹੋਸਟਲ ਅਤੇ ਦੰਦਾਂ ਦੀ ਸਹੂਲਤ ਸੀ। ਇਹ ਫਿਰ ਤੀਜੀ ਮੰਜ਼ਿਲ ਤੱਕ ਫੈਲ ਗਈ, ਜਿੱਥੇ ਹਸਪਤਾਲ ਦਾ ਰਿਕਾਰਡ ਰੱਖਿਆ ਗਿਆ ਸੀ। ਦਵਾਰਕਾ ਦੇ ਵਧੀਕ ਡਿਪਟੀ ਕਮਿਸ਼ਨਰ ਪੁਲੀਸ ਨਿਸ਼ਾਂਤ ਗੁਪਤਾ ਨੇ ਕਿਹਾ ਕਿ ਘਟਨਾ ਦੌਰਾਨ ਲਗਪਗ 15-20 ਮਰੀਜ਼ ਅਤੇ 20 ਸਟਾਫ ਮੌਜੂਦ ਸੀ, ਜਿਨ੍ਹਾਂ ਨੂੰ ਤੁਰੰਤ ਬਾਹਰ ਕੱਢ ਲਿਆ ਗਿਆ। ਇਸੇ ਦੌਰਾਨ ਗੁਰੂਗ੍ਰਾਮ ਵਿੱਚ ਬੁੱਧਵਾਰ ਸੈਕਟਰ 6 ਆਈਐੱਮਟੀ ਮਾਨੇਸਰ ਵਿੱਚ ਇੱਕ ਕੰਪਨੀ ਦੇ ਦਫ਼ਤਰ ਵਿੱਚ ਅੱਗ ਲੱਗ ਗਈ। ਅੱਗ 'ਤੇ ਫਾਇਰ ਬ੍ਰਿਗੇਡ ਦੇ ਅਮਲੇ ਨੇ ਕਾਫ਼ੀ ਮੁਸ਼ੱਕਤ ਮਗਰੋਂ ਕਾਬੂ ਪਾਇਆ।



# ਕੁੱਟ-ਕੁੱਟ ਕੇ ਹੱਤਿਆ, ਦੋ ਕਾਬੂ

ਨਵੀਂ ਦਿੱਲੀ, 15 ਮਈ (ਪੱਤਰ ਪ੍ਰੇਰਕ) ਇੱਥੋਂ ਦੇ ਤਿਲਕ ਨਗਰ ਖੇਤਰ ਵਿੱਚ ਇੱਕ ਝਗੜੇ ਮਗਰੋਂ 40 ਸਾਲਾ ਵਿਅਕਤੀ ਦੀ ਕਥਿਤ ਤੌਰ 'ਤੇ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਗਈ। ਇਹ ਜਾਣਕਾਰੀ ਪੁਲੀਸ ਅਧਿਕਾਰੀ ਨੇ ਦਿੱਤੀ। ਪਿੰਟੂ ਨਾਮ ਦੇ ਇਸ ਵਿਅਕਤੀ ਨੂੰ ਮੰਗਲਵਾਰ ਰਾਤ ਕਰੀਬ ਪੌਣੇ ਦਸ ਵਜੇ ਦੀਨ ਦਿਆਲ ਉਪਾਧਿਆਏ (ਡੀਡੀਯੂ) ਹਸਪਤਾਲ ਦਾਖਲ ਕਰਵਾਇਆ ਗਿਆ ਸੀ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਇਸ ਸਬੰਧੀ ਦੋ ਵਿਅਕਤੀਆ ਨੂੰ ਕਾਬੂ ਕੀਤਾ ਗਿਆ ਹੈ। ਪੁਲੀਸ ਮੁਖੀ (ਡੀਸੀਪੀ) ਬਚਿੱਤਰ ਵੀਰ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਪਤਾ ਲੱਗਿਆ ਸੀ ਕਿ ਪਿੰਟੂ ਦਾ ਦੋ ਵਿਅਕਤੀਆਂ ਨਾਲ ਝਗੜਾ ਹੋਇਆ ਸੀ, ਜਿਨ੍ਹਾਂ ਨੇ ਕਥਿਤ ਤੌਰ 'ਤੇ ਉਸ ਦੀ ਕਾਫੀ ਕੁੱਟਮਾਰ ਕੀਤੀ। ਉਨ੍ਹਾਂ ਦੱਸਿਆ ਕਿ ਪ੍ਰਤੱਖਦਰਸ਼ੀਆਂ ਦੇ ਬਿਆਨਾਂ ਅਤੇ ਘਟਨਾ ਸਥਾਨ ਤੋਂ ਮਿਲੀ ਜਾਣਕਾਰੀ ਅਨੁਸਾਰ ਦੋਵਾਂ ਮੁਲਜ਼ਮਾਂ ਦੀ ਪਛਾਣ ਹੋਣ ਵਿੱਚ ਮਦਦ ਮਿਲੀ। ਇਸੇ ਕਾਰਨ ਦੋਵਾਂ ਨੂੰ ਕਾਬੂ ਕੀਤਾ ਜਾ ਸਕਿਆ। ਪੁਲੀਸ ਇਸ ਸਬੰਧੀ ਜਾਂਚ ਕਰ ਰਹੀ ਹੈ।

# ਚੋਰਾਂ ਨੇ ਬੈਂਕ ਦੀ ਸੇਫ ਦੇ ਜਿੰਦਰੇ ਤੋੜੇ, ਗੰਨਮੈਨ ਦੀ ਬੰਦੂਕ ਤੇ 6 ਕਾਰਤੂਸ ਕੀਤੇ ਚੋਰੀ

ਧੂਰੀ , 15 ਮਈ (ਪੱਤਰ ਪ੍ਰੇਰਕ)-ਆਈਆਰਬੀ ਲੱਡਾ ਕੋਠੀ ਦੇ ਨੇੜੇ ਸਥਿਤ ਸਟੇਟ ਬੈਂਕ ਆਫ ਇੰਡੀਆ ਦੀ ਬ੍ਰਾਂਚ ਵਿਚੋਂ ਸੋਮਵਾਰ ਦੀ ਰਾਤ ਦਾਖਲ ਹੋਏ ਚੋਰਾਂ ਨੇ ਜਿੱਥੇ ਸੇਫ ਦੇ ਜਿੰਦਰੇ ਤੋੜੇ ਦਿੱਤੇ, ਉਥੇ ਹੀ ਬੈਂਕ ਬ੍ਰਾਂਚ ਮੈਨੇਜਰ ਦਾ ਕੰਪਿਊਟਰ ਸਮੇਤ ਗੰਨਮੈਨ ਦੀ 12 ਬੋਰ ਦੀ ਬੰਦੂਕ ਅਤੇ ਛੇ ਜਿੰਦਾ ਕਾਰਤੂਸ ਵੀ ਚੋਰੀ ਕਰ ਕੇ ਲੈ ਗਏ। ਚੋਰੀ ਦਾ ਸਵੇਰੇ ਉਸ ਸਮੇਂ ਪਤਾ ਲੱਗਾ ਜਦੋਂ ਸੁਰੱਖਿਆ ਕਰਮਚਾਰੀ ਤੇ ਸਫਾਈ ਕਰਮਚਾਰੀ ਬੈਂਕ ਪੁੱਜੇ। ਉਨ੍ਹਾਂ ਤੁਰੰਤ ਇਸ ਬਾਰੇ ਸੂਚਨਾ ਬ੍ਰਾਂਚ ਮੈਨੇਜਰ ਨੂੰ ਦਿੱਤੀ। ਬ੍ਰਾਂਚ ਮੈਨੇਜਰ ਦੇ ਬਿਆਨਾਂ ਦੇ ਅਧਾਰ 'ਤੇ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਬੈਂਕ ਦੇ ਸੀਸੀਟੀਵੀ ਵੀ ਫਰੋਲੇ ਜਾ ਰਹੇ ਹਨ। ਦੱਸ ਦਈਏ ਕਿ ਜਿੱਥੇ ਇਹ ਬੈਂਕ ਹੈ, ਉਸਦੇ ਸਾਹਮਣੇ ਆਈਆਰਬੀ ਅਤੇ ਕੁਝ ਦੂਰੀ 'ਤੇ ਹੀ ਸੀਆਈਏ ਸਟਾਫ ਸੰਗਰੂਰ ਮੌਜੂਦ ਹੈ। ਪੁਲਿਸ ਨੂੰ ਬ੍ਰਾਂਚ ਮੈਨੇਜਰ ਹਵੀਸ਼ਾ ਮਿੱਤਲ ਵਾਸੀ ਪਟਿਆਲਾ ਨੇ ਦੱਸਿਆ ਕਿ 12 ਮਈ ਨੂੰ ਉਸਨੂੰ ਬੈਂਕ ਦੇ ਸੁਰੱਖਿਆ ਕਰਮਚਾਰੀ ਹਰਵਿੰਦਰ ਸਿੰਘ ਵਾਸੀ ਮੂਲੋਵਾਲ ਅਤੇ ਸਫਾਈ ਕਰਮਚਾਰੀ ਗੁਰਜੀਤ ਕੌਰ ਵਾਸੀ ਬੇਨੜਾ ਨੇ ਫੋਨ ਕਰ ਕੇ ਦੱਸਿਆ ਕਿ ਜਦੋਂ ਉਹ ਸਵੇਰੇ ਬੈਂਕ ਪੁੱਜੇ ਤਾਂ ਬੈਂਕ ਦੇ ਅੰਦਰ ਹਨੇਰਾ ਸੀ। ਅੰਦਰ ਜਾ ਕੇ ਦੇਖਿਆ ਤਾਂ ਸੇਫ ਦਾ ਜਿੰਦਰਾ ਟੁੱਟਿਆ ਸੀ। ਹਰਵਿੰਦਰ ਸਿੰਘ ਨੇ ਕਿਹਾ ਕਿ ਉਸਦੀ ਬੰਦੂਕ ਬੈਂਕ 'ਚੋਂ ਗਾਇਬ ਹੈ। ਉਨ੍ਹਾਂ ਤੁਰੰਤ ਪੁਲਿਸ ਨੂੰ ਸੂਚਨਾ ਦੇਣ ਲਈ ਕਿਹਾ। ਕੁਝ ਸਮੇਂ ਬਾਅਦ ਉਹ ਖੁਦ ਬੈਂਕ ਪੁੱਜੀ ਤਾਂ ਦੇਖਿਆ ਕਿ ਸੇਫ ਦੇ ਜਿੰਦਰੇ ਟੁੱਟੇ ਹੋਏ ਹਨ। ਉਨ੍ਹਾਂ ਦੇ ਕੈਬਿਨ ਵਿਚੋਂ ਮੋਨੀਟਰ, ਦੋ ਸੀਪੀਯੂ, ਇਕ ਪ੍ਰਿੰਟਰ, ਇਕ ਕੰਪਿਊਟਰ ਅਤੇ ਸੁਰੱਖਿਆ ਕਰਮਚਾਰੀ ਦੀ 12 ਬੋਰ ਦੀ ਬੰਦੂਕ ਅਤੇ 6 ਜਿੰਦਾ ਕਾਰਤੂਸ ਗਾਇਬ ਸਨ। ਉਨ੍ਹਾਂ ਕਿਹਾ ਕਿ ਬੈਂਕ ਦੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ। ਨਕਦੀ ਤੇ ਗਹਿਣੇ ਆਦਿ ਗਾਇਬ ਹੋਣ ਦੀ ਪੜਤਾਲ ਦੇ ਲਈ ਰਿਕਾਰਡ ਮਿਲਾਇਆ ਜਾ ਰਿਹਾ ਹੈ। ਥਾਣਾ ਸਦਰ ਧੂਰੀ ਪੁਲਿਸ ਨੇ ਮੌਕੇ 'ਤੇ ਪੁੱਜਕੇ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਫੋਰਾਂਸਿਕ ਟੀਮ ਨੂੰ ਮੌਕੇ 'ਤੇ ਬੁਲਾ ਕੇ ਸਬੂਤ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਹਨ। ਇਸਦੇ ਨਾਲ ਹੀ ਬੈਂਕ ਦੇ ਸੀਸੀਟੀਵੀ ਤੇ ਆਸਪਾਸ ਦੇ ਏਰੀਆ ਦੇ ਕੈਮਰਿਆਂ ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪਿੰਡ ਬਿਸ਼ਨਗੜ੍ਹ 'ਚ ਖੂਨਦਾਨ ਕੈਂਪ ਲਗਾਇਆ




ਪਟਿਆਲਾ, 15 ਮਈ (ਪੱਤਰ ਪ੍ਰੇਰਕ)- ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸ਼ਨਗੜ੍ਹ ਸਬੰਧਤ ਨਹਿਰੂ ਯੁਵਾ ਕੇਂਦਰ ਪਟਿਆਲਾ ਨੇ ਬਲੱਡ ਬੈਂਕ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਖੂਨਦਾਨ ਕੈਂਪ ਲਗਾਇਆ। ਮੁੱਖ ਮਹਿਮਾਨ ਵਜੋਂ ਪ੍ਰੋਫੈਸਰ ਕ੍ਰਿਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਐੱਸਜੀਪੀਸੀ ਨੇ ਸ਼ਿਰਕਤ ਕੀਤੀ। ਇਹ ਖੂਨਦਾਨ ਕੈਂਪ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਤੇਜਿੰਦਰ ਸਿੰਘ ਮੰਡੌਰ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ। ਖੂਨਦਾਨ ਕੈਂਪ ਹਰਜਿੰਦਰ ਸਿੰਘ,ਅਮਰਿੰਦਰ ਸਿੰਘ ਪੰਜੋਲਾ,ਅਵਤਾਰ ਸਿੰਘ,ਰਜਿੰਦਰ ਸਿੰਘ,ਸਰਨਜੀਤ ਸਿੰਘ,ਗੁਰਜੀਤ ਸਿੰਘ,ਅਤੇ ਕ੍ਰਿਸਨ ਨੇ ਖੂਨਦਾਨ ਕੀਤਾ। ਇਸ ਮੌਕੇ ਪ੍ਰੋਫੈਸਰ ਕ੍ਰਿਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਖੂਨਦਾਨ ਸਭ ਤੋਂ ਉੱਤਮ ਦਾਨ ਹੈ। ਹਰੇਕ ਤੰਦਰੁਸਤ ਇਨਸਾਨ ਨੂੰ ਖੂਨਦਾਨ ਕਰਨਾ ਚਾਹੀਦਾ ਹੈ। ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਨੇ ਦੱਸਿਆ ਕਿ 15 ਮਈ ਨੂੰ ਗੁ: ਸ੍ਰੀ ਪਾਤਸ਼ਾਹੀ ਨੌਵੀਂ ਗੁਰੂ ਤੇਗ ਬਹਾਦਰ ਕਾਲੋਨੀ ਢਕਾਨਸੂ ਰਾਜਪੁਰਾ ਵਿਖੇ ਖੂਨਦਾਨ ਕੈਂਪ ਲਗਾਇਆ ਜਾਵੇਗਾ। ਇਸ ਮੌਕੇ ਤੇਜਿੰਦਰ ਸਿੰਘ ਮੰਡੌਰ, ਜਗਰਾਜ ਸਿੰਘ ਚਹਿਲ, ਦਰਸਨ ਸਿੰਘ ਵਾਲੀਆ, ਬਲਜਿੰਦਰਪਾਲ ਸਿੰਘ ਭਾਟੀਆ,ਇਕਬਾਲ ਸਿੰਘ ਲੰਬੀ,ਲਖਮੀਰ ਸਿੰਘ ਸਲੋਟ, ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ, ਸੁਮਨਜੀਤ ਕੌਰ,ਅਤੇ ਕਰਮਵੀਰ ਸਿੰਘ ਰਾਣਾ ਹਾਜਰ ਸਨ।

# ਦਸਵੀਂ ਅਤੇ ਬਾਰ੍ਹਵੀਂ ਦੇ ਨਤੀਜਿਆਂ ਵਿੱਚ ਇੰਡਸ ਸਕੂਲ ਅੱਵਲ

ਜੀਂਦ, 15 ਮਈ (ਪੱਤਰ ਪ੍ਰੇਰਕ) ਇੱਥੇ ਦਸਵੀਂ ਅਤੇ ਬਾਰ੍ਹਵੀਂ ਜਮਾਤਾਂ ਦੇ ਸੀਬੀਐੱਸਈ ਦੇ ਨਤੀਜਿਆਂ ਵਿੱਚ ਇੰਡਸ ਸਕੂਲ ਦੇ 12ਵੀਂ ਜਮਾਤ ਦੇ ਮੈਡੀਕਲ ਵਿਸ਼ੇ ਦੇ ਵਿਦਿਆਰਥੀ ਆਦਿੱਤਿਆ ਸ਼ਰਮਾ ਨੇ 98 ਫ਼ੀਸਦ ਅੰਕ ਲੈ ਕੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਨਾਨ-ਮੈਡੀਕਲ ਵਿੱਚ ਨਿਸ਼ਾ ਨੇ 97.4 ਫ਼ੀਸਦ ਅੰਕ ਲੈ ਕੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਆਰਟਸ ਵਿੱਚ ਪੁਲਕਿਤ ਨੇ 97.6 ਫ਼ੀਸਦ ਅੰਕ ਲੈ ਕੇ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਕਾਮਰਸ ਵਿੱਚ ਸ਼ੀਤਲ ਨੇ 96.6 ਫ਼ੀਸਦ ਅੰਕ ਲਏ। ਪ੍ਰਿੰਸੀਪਲ ਅਰੁਣਾ ਸ਼ਰਮਾ ਨੇ ਦੱਸਿਆ ਕਿ ਇੰਡਸ ਸਕੂਲ ਦੇ 290 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ। ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਯਸ਼ਿਕਾ ਅਤੇ ਸੁਰਯਾਂਸ਼ ਨੇ 99.2 ਫ਼ੀਸਦ ਅੰਕ ਲੈ ਕੇ ਜ਼ਿਲ੍ਹੇ ਵਿੱਚੋਂ ਪਹਿਲਾ, ਅਰਵਿੰਦ ਨੇਹਰਾ ਨੇ 98.6 ਫੀਸਦ ਅੰਕ ਲੈ ਕੇ ਦੂਜਾ ਸਥਾਨ ਅਤੇ ਅੰਸ਼ ਤੇ ਅਕਸ਼ੈ ਦਲਾਲ ਨੇ 98.4 ਫ਼ੀਸਦ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ 330 ਵਿਦਿਆਰਥੀਆਂ ਨੇ 10ਵੀਂ ਦੀ ਪ੍ਰੀਖਿਆ ਦਿੱਤੀ ਸੀ ਜਿਨ੍ਹਾਂ ਵਿੱਚੋਂ 40 ਨੇ 95 ਫ਼ੀਸਦ ਤੋਂ ਵੱਧ ਅੰਕ ਪ੍ਰਾਪਤ ਕੀਤੇ।

# ਪਿਛਲੀ ਸਰਕਾਰ ਵੇਲੇ ਸ਼ਿਕਾਇਤ ਪ੍ਰਣਾਲੀ ਅਸਫ਼ਲ ਰਹੀ: ਰੇਖਾ ਗੁਪਤਾ

## ਮੁੱਖ ਮੰਤਰੀ ਵੱਲੋਂ ਲੋਕਾਂ ਦੀ ਸਹੂਲਤ ਲਈ ਸ਼ਿਕਾਇਤ ਪ੍ਰਣਾਲੀ ਸਰਲ ਬਣਾਉਣ ਦਾ ਐਲਾਨ




ਨਵੀਂ ਦਿੱਲੀ, 15 ਮਈ (ਪੱਤਰ ਪ੍ਰੇਰਕ) ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਅੱਜ ਨਵੀਂ ਦਿੱਲੀ ਦੇ ਰਾਇਸੀਨਾ ਹਿੱਲ ਵਿੱਚ ਦਿੱਲੀ ਸਕੱਤਰੇਤ ਵਿਖੇ ਜਨਤਕ ਸ਼ਿਕਾਇਤ ਨਿਵਾਰਣ 'ਤੇ ਸਮੀਖਿਆ ਮੀਟਿੰਗ ਕੀਤੀ। ਇਸ ਦੌਰਾਨ ਪਿਛਲੀ ਸਰਕਾਰ 'ਤੇ ਵਰ੍ਹਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਸ ਸਰਕਾਰ ਦੇ ਕਾਰਜਕਾਲ ਦੌਰਾਨ ਸ਼ਿਕਾਇਤ ਪ੍ਰਣਾਲੀ ਪੂਰੀ ਤਰ੍ਹਾਂ ਅਸਫ਼ਲ ਰਹੀ ਸੀ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਅੱਪਡੇਟ ਕੀਤੀ ਸ਼ਿਕਾਇਤ ਨਿਵਾਰਨ ਪ੍ਰਣਾਲੀ ਬਣਾਉਣ ਲਈ ਵਿਆਪਕ 'ਹੋਮਵਰਕ' ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਦੀ ਜਨਤਕ ਸ਼ਿਕਾਇਤ ਪ੍ਰਣਾਲੀ ਪਿਛਲੀਆਂ ਸਾਰੀਆਂ ਸਰਕਾਰਾਂ ਦੇ ਕਾਰਜਕਾਲ ਵਿੱਚ ਅਸਫਲ ਰਹੀ। ਉਨ੍ਹਾਂ ਕਿਹਾ ਕਿ ਹਰੇਕ ਰਜਿਸਟਰਾਰ, ਸਬ-ਰਜਿਸਟਰਾਰ, ਡੀਐੱਮ ਅਤੇ ਐੱਸਡੀਐੱਮ ਦਫਤਰਾਂ ਵਿੱਚ ਸ਼ਿਕਾਇਤ ਬਕਸੇ ਸਥਾਪਤ ਕੀਤੇ ਜਾਣਗੇ, ਜਿਨ੍ਹਾਂ ਨੂੰ ਮੁੱਖ ਮੰਤਰੀ ਦਫਤਰ ਸਿੱਧੇ ਤੌਰ 'ਤੇ ਸੰਭਾਲੇਗਾ। ਦਿੱਲੀ ਸਰਕਾਰ ਭ੍ਰਿਸ਼ਟਾਚਾਰ 'ਤੇ ਜ਼ੀਰੋ ਟਾਲਰੈਂਸ ਉਪਰ ਕੰਮ ਕਰ ਰਹੀ ਹੈ। ਅਧਿਕਾਰੀਆਂ ਨਾਲ ਮੀਟਿੰਗ ਤੋਂ ਬਾਅਦ ਗੁਪਤਾ ਨੇ ਦਿੱਲੀ ਦੇ ਜਨਤਕ ਸ਼ਿਕਾਇਤ ਨਿਵਾਰਣ ਵਿਧੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਇਸ ਨੂੰ ਅੱਪਡੇਟ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਹ ਵਿਧੀ ਅਜਿਹੀ ਹੋਣੀ ਚਾਹੀਦੀ ਹੈ ਕਿ ਆਮ ਆਦਮੀ ਵੀ ਵਟਸਐਪ ਜਾਂ ਕਿਸੇ ਹੋਰ ਐਪ ਰਾਹੀਂ ਇੱਕ ਨੰਬਰ ਡਾਇਲ ਕਰਕੇ ਆਪਣੀਆਂ ਸ਼ਿਕਾਇਤਾਂ ਦਾ ਹੱਲ ਕਰਵਾ ਸਕੇ। ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਐੱਸਡੀਐੱਮ, ਏਡੀਐੱਮ ਅਤੇ ਸਬ-ਰਜਿਸਟਰਾਰ ਦਫ਼ਤਰਾਂ ਬਾਰੇ ਕਈ ਸ਼ਿਕਾਇਤਾਂ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਭਾਗ ਵਿੱਚ ਭ੍ਰਿਸ਼ਟਾਚਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ 'ਆਪ' ਦੀ ਆਲੋਚਨਾ ਕਰਦਿਆਂ ਕਿਹਾ ਕਿ ਕਿਸੇ ਨੂੰ ਵੀ ਰਾਸ਼ਟਰੀ ਸੁਰੱਖਿਆ 'ਤੇ ਸਰਕਾਰ ਜਾਂ ਹਥਿਆਰਬੰਦ ਬਲਾਂ 'ਤੇ ਸਵਾਲ ਉਠਾਉਣ ਦਾ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਜਦੋਂ ਕੋਈ ਐਮਰਜੈਂਸੀ ਸਥਿਤੀ ਹੁੰਦੀ ਹੈ, ਤਾਂ ਦੇਸ਼ ਦੇ ਹਿੱਤ ਵਿੱਚ ਫੈਸਲੇ ਲਏ ਜਾਂਦੇ ਹਨ ਅਤੇ ਪੂਰਾ ਦੇਸ਼ ਹਥਿਆਰਬੰਦ ਬਲਾਂ ਦੇ ਨਾਲ ਖੜ੍ਹਾ ਹੁੰਦਾ ਹੈ।

# ਪੁਲੀਸ ਕਮਿਸ਼ਨਰ ਵੱਲੋਂ ਮੁਹੱਲਾ ਪੀਰੂਬੰਦਾ 'ਚ ਛਾਪੇ

ਲੁਧਿਆਣਾ, 15 ਮਈ (ਪੱਤਰ ਪ੍ਰੇਰਕ)-ਲੁਧਿਆਣਾ ਪੁਲੀਸ ਨੇ ਅਪਰੇਸ਼ਨ ਕਾਸੋ ਤਹਿਤ ਅੱਜ ਸਵੇਰੇ ਤੜਕਸਾਰ ਸਲੇਮ ਟਾਬਰੀ ਦੇ ਮੁਹੱਲਾ ਪੀਰੂਬੰਦਾ ਵਿੱਚ ਤਲਾਸ਼ੀ ਮੁਹਿੰਮ ਚਲਾਈ। ਇਸ ਕਾਰਵਾਈ ਦੀ ਕਮਾਨ ਖੁਦ ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਨੇ ਸੰਭਾਲੀ ਤੇ ਵੱਡੀ ਗਿਣਤੀ 'ਚ ਪੁਲੀਸ ਮੁਲਾਜ਼ਮ ਉਨ੍ਹਾਂ ਦੇ ਨਾਲ ਸਨ। ਪੁਲੀਸ ਨੇ ਸਵੇਰੇ ਚਾਰ ਵਜੇ ਦੇ ਕਰੀਬ ਇਲਾਕੇ ਵਿੱਚ ਤਲਾਸ਼ੀ ਲਈ, ਹਰ ਘਰ ਦਾ ਦਰਵਾਜ਼ਾ ਖੜ੍ਹਕਾ ਕੇ ਪੁਲੀਸ ਨੇ ਘਰ ਅੰਦਰ ਤਲਾਸ਼ੀ ਲਈ। ਜਿਸ ਵੇਲੇ ਪੁਲੀਸ ਨੇ ਇਹ ਕਾਰਵਾਈ ਕੀਤੀ, ਉਸ ਵੇਲੇ ਲੋਕ ਆਪਣੇ ਘਰਾਂ ਵਿੱਚ ਆਰਾਮ ਦੇ ਨਾਲ ਸੌਂ ਰਹੇ ਸਨ ਤੇ ਇੱਕੋ ਵਾਰ ਸੈਂਕੜੇ ਪੁਲੀਸ ਮੁਲਾਜ਼ਮ ਲੈ ਕੇ ਪੁਲੀਸ ਨੇ ਛਾਪੇ ਮਾਰੇ ਅਤੇ ਹਰ ਘਰ ਦੀ ਤਲਾਸ਼ੀ ਲਈ। ਪੁਲੀਸ ਨੇ ਇਸ ਦੌਰਾਨ ਚਾਰ ਵਿਅਕਤੀਆਂ ਨੂੰ ਹੈਰੋਇਨ ਸਣੇ ਗ੍ਰਿਫ਼ਤਾਰ ਕੀਤਾ ਜਦਕਿ 5 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ।ਪੁਲੀਸ ਨੇ ਗ੍ਰਿਫ਼ਤਾਰ ਚਾਰ ਨਸ਼ਾ ਤਸਕਰਾਂ ਤੋਂ 365 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।

# ਮੇਅਰ ਨੇ ਗੈਰ-ਮਿਆਰੀ ਸਮੱਗਰੀ ਵਰਤਣ 'ਤੇ ਕੰਮ ਬੰਦ ਕਰਵਾਇਆ



ਯਮੁਨਾ ਨਗਰ, 15 ਮਈ (ਪੱਤਰ ਪ੍ਰੇਰਕ)-ਇੱਥੇ ਦਿਵਿਆ ਨਗਰ ਯੋਜਨਾ ਤਹਿਤ ਕੀਤੇ ਜਾ ਰਹੇ ਸੁੰਦਰੀਕਰਨ ਦੇ ਕੰਮ ਵਿੱਚ ਗੈਰਮਿਆਰੀ ਇੱਟਾਂ ਦੀ ਵਰਤੋਂ ਦੀ ਸ਼ਿਕਾਇਤ 'ਤੇ ਮੇਅਰ ਸੁਮਨ ਬਾਹਮਣੀ ਨੇ ਤੁਰੰਤ ਕੰਮ ਬੰਦ ਕਰਵਾ ਦਿੱਤਾ। ਸੂਚਨਾ ਮਿਲਦੇ ਹੀ ਮੇਅਰ ਖੁਦ ਅਧਿਕਾਰੀਆਂ ਨਾਲ ਮੌਕੇ 'ਤੇ ਪਹੁੰਚੀ ਅਤੇ ਸੜਕ ਕਿਨਾਰੇ ਦਰੱਖਤਾਂ ਦੇ ਆਲੇ-ਦੁਆਲੇ ਨਵੇਂ ਬਣਾਏ ਜਾ ਰਹੇ ਥੜ੍ਹਿਆਂ ਨੂੰ ਆਪਣੇ ਸਾਹਮਣੇ ਤੁੜਵਾ ਦਿੱਤਾ। ਮੇਅਰ ਨੇ ਤੁਰੰਤ ਇੱਟਾਂ ਦੀ ਗੁਣਵੱਤਾ ਦੀ ਜਾਂਚ ਕਰਨ ਲਈ ਨਮੂਨੇ ਲੈ ਕੇ ਲੈਬ ਵਿੱਚ ਭਿਜਵਾਏ। ਉਨ੍ਹਾਂ ਕਿਹਾ ਕਿ ਲੈਬ ਤੋਂ ਰਿਪੋਰਟ ਆਉਣ ਤੱਕ ਕੰਮ ਰੋਕਣ ਦੇ ਨਿਰਦੇਸ ਜਾਰੀ ਕੀਤੇ ਗਏ ਹਨ। ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸਤ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਇਸ ਦੌਰਾਨ ਮੇਅਰ ਨੇ ਉੱਥੇ ਕੰਮ ਕਰ ਰਹੇ ਮਜ਼ਦੂਰਾਂ ਅਤੇ ਮਿਸਤਰੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਉਸਾਰੀ ਸਮੱਗਰੀ ਬਾਰੇ ਪੂਰੀ ਜਾਣਕਾਰੀ ਇਕੱਠੀ ਕੀਤੀ। ਜ਼ਿਕਰਯੋਗ ਹੈ ਕਿ ਦਿਵਿਆ ਨਗਰ ਯੋਜਨਾ ਦੇ ਤਹਿਤ ਯਮੁਨਾ ਨਗਰ ਦੇ ਜਗਾਧਰੀ ਵਰਕਸਾਪ ਰੋਡ 'ਤੇ ਸੜਕ ਦੇ ਕਿਨਾਰੇ ਖੜ੍ਹੇ ਦਰੱਖਤਾਂ ਨੂੰ ਚਾਰੇ ਪਾਸੇ ਇੱਟਾਂ ਨਾਲ ਗੋਲ ਘੇਰਾ ਬਣਾ ਕੇ ਇੱਕ ਸੁੰਦਰ ਦਿੱਖ ਦਿੱਤੀ ਜਾ ਰਹੀ ਹੈ। ਜਿਸ ਤਰ੍ਹਾਂ ਹੀ ਮੇਅਰ ਸੁਮਨ ਬਾਹਮਣੀ ਨੂੰ ਇਸ ਦੀ ਉਸਾਰੀ ਵਿੱਚ ਘਟੀਆ ਕੁਆਲਿਟੀ ਦੀਆਂ ਇੱਟਾਂ ਦੀ ਵਰਤੋਂ ਦੀ ਜਾਣਕਾਰੀ ਮਿਲੀ, ਉਨ੍ਹਾਂ ਨੇ ਤੁਰੰਤ ਪ੍ਰਭਾਵ ਨਾਲ ਇਸ 'ਤੇ ਕਾਰਵਾਈ ਸੁਰੂ ਕਰ ਦਿੱਤੀ । ਮੇਅਰ ਨੇ ਦੱਸਿਆ ਕਿ 6 ਮਈ ਨੂੰ ਨਿਗਮ ਅਧਿਕਾਰੀਆਂ ਨੇ ਇੱਥੇ ਚੱਲ ਰਹੇ ਕੰਮ ਨੂੰ ਦੇਖਦੇ ਹੋਏ ਏਜੰਸੀ ਨੂੰ ਨੋਟਿਸ ਜਾਰੀ ਕੀਤਾ ਸੀ। ਅੱਜ ਇੱਥੇ ਰੱਖੀਆਂ ਗਈਆਂ ਇੱਟਾਂ ਦੇ ਨਮੂਨੇ ਇਕੱਠੇ ਕੀਤੇ ਗਏ ਹਨ, ਜੇਕਰ ਲੈਬ ਰਿਪੋਰਟ ਸਹੀ ਨਹੀਂ ਹੈ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ।

# ਪੀਐੱਮ ਜੀਵਨ ਜੋਤੀ ਅਤੇ ਪੀਐੱਮ ਸੁਰੱਖਿਆ ਬੀਮਾ ਬਾਰੇ ਜਾਗਰੂਕਤਾ

ਜੀਂਦ, 15 ਮਈ (ਪੱਤਰ ਪ੍ਰੇਰਕ)-ਡਿਪਟੀ ਕਮਿਸ਼ਨਰ ਮੁਹੰਮਦ ਇਮਰਾਨ ਰਜ਼ਾ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਅਤੇ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਨਾਗਰਿਕਾਂ ਲਈ ਕਾਰਗਰ ਸਿੱਧ ਹੋ ਰਹੀ ਹੈ। ਇਨ੍ਹਾਂ ਯੋਜਨਾਵਾਂ ਦੇ ਫਾਰਮ ਹਰ ਬੈਂਕ ਅਤੇ ਡਾਕ ਘਰ ਵਿੱਚ ਮੁਹੱਈਆ ਹਨ। ਇਨ੍ਹਾਂ ਯੋਜਨਾਵਾਂ ਵਿੱਚ ਨਿਰਧਾਰਿਤ ਸਾਲਾਨਾ ਪ੍ਰੀਮੀਅਮ ਜਮ੍ਹਾਂ ਕਰਵਾ ਕੇ ਦੋ ਲੱਖ ਰੁਪਏ ਤੱਕ ਦਾ ਬੀਮਾ ਹੁੰਦਾ ਹੈ। ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਵਿੱਚ 18 ਤੋਂ 50 ਸਾਲ ਤੱਕ ਦੀ ਉਮਰ ਦੇ ਲੋਕਾਂ ਵੱਲੋਂ 436 ਰੁਪਏ ਸਾਲਾਨਾ ਪ੍ਰੀਮੀਅਮ ਜਮ੍ਹਾਂ ਕਰਵਾਉਣਾ ਹੁੰਦਾ ਹੈ ਅਤੇ ਇਸ ਤੋਂ ਦੋ ਲੱਖ ਰੁਪਏ ਦੇ ਜੀਵਨ ਬੀਮਾ ਦਾ ਸਹਾਰਾ ਮਿਲਦਾ ਹੈ। ਇਸੇ ਪ੍ਰਕਾਰ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਇੱਕ ਦੁਰਘਟਨਾ ਬੀਮਾ ਯੋਜਨਾ ਹੈ। ਇਸ ਯੋਜਨਾ ਦੇ ਤਹਿਤ 18 ਤੋਂ 70 ਸਾਲ ਤੱਕ ਦੀ ਉਮਰ ਦੇ ਨਾਗਰਿਕ ਦੁਰਘਟਨਾ ਬੀਮਾ ਕਰਵਾ ਸਕਦਾ ਹੈ।

# ਸ਼ੁਤਰਾਣਾ 'ਚ 95.23 ਕਿਲੋਮੀਟਰ ਲੰਮੀਆਂ ਸੜਕਾਂ ਲਈ ਮਨਜ਼ੂਰੀ ਮਿਲੀ: ਬਾਜ਼ੀਗਰ



ਪਾਤੜਾਂ, 15 ਮਈ (ਪੱਤਰ ਪ੍ਰੇਰਕ)-ਪੰਜਾਬ ਸਰਕਾਰ ਨੇ ਹਲਕਾ ਸ਼ੁਤਰਾਣਾ ਵਿੱਚ ਪੇਂਡੂ ਲਿੰਕ ਸੜਕਾਂ ਬਣਾਉਣ ਨੂੰ ਪ੍ਰਵਾਨਗੀ ਦੇ ਕੇ ਕਈ ਸਾਲਾਂ ਤੋਂ ਮੁਸ਼ਕਲਾਂ ਸਹਿ ਰਹੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ। ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਹਲਕਾ ਸ਼ੁਤਰਾਣਾ ਵਿੱਚ 20.72 ਕਰੋੜ ਰੁਪਏ ਦੀ ਲਾਗਤ ਨਾਲ 95.23 ਕਿਲੋਮੀਟਰ 42 ਪੇਂਡੂ ਲਿੰਕ ਸੜਕਾਂ ਬਣਾਉਣ ਨੂੰ ਪ੍ਰਸ਼ਾਸਕੀ ਮਨਜ਼ੂਰੀ ਦਿੱਤੀ ਹੈ। ਹਲਕੇ ਦੀਆਂ ਲਿੰਕ ਸੜਕਾਂ ਦੀ ਮੁੜ ਉਸਾਰੀ ਲਈ ਫੰਡ ਜਾਰੀ ਕਰਨ ਵਾਸਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਲੋਕ ਨਿਰਮਾਣ ਵਿਭਾਗ ਦੇ ਮੰਤਰੀ ਹਰਭਜਨ ਸਿੰਘ ਈਟੀਓ, ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮਨ ਹਰਚੰਦ ਸਿੰਘ ਬਰਸਟ ਦਾ ਧੰਨਵਾਦ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਇਨ੍ਹਾਂ ਸੜਕਾਂ ਦੀ ਮੁਰੰਮਤ ਵੀ ਅਗਲੇ ਪੰਜ ਸਾਲਾਂ ਲਈ ਉਸੇ ਠੇਕੇਦਾਰ ਵੱਲੋਂ ਕੀਤੀ ਜਾਵੇਗੀ, ਜਿਸ ਵੱਲੋਂ ਇਹ ਸੜਕਾਂ ਬਣਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਗੁਲਜ਼ਾਰਪੁਰ ਠਰੂਆ ਤੋਂ ਸਾਗਰ, ਸ਼ੁਤਰਾਣਾ ਡੇਰਾ ਛੀਨਾ ਤੋਂ ਗੁਰਦੁਆਰ ਨਾਨਕਸਰ, ਸਮਾਣਾ-ਪਾਤੜਾਂ ਰੋਡ ਤੋਂ ਨਾਗਰੀ, ਭਾਗੋਮਾਜਰੀ (ਦਵਾਰਕਾਪੁਰ), ਖੇੜੀ ਨਗਾਈਆਂ-ਗੁਰਦੁਆਰਾ ਸਾਹਿਬ, ਅਰਨੇਟੂ, ਡਰੌਲੀ, ਨਨਹੇੜਾ, ਪੈਂਦ, ਜੋਗੇਵਾਲਾ, ਖਨੌਰੀ-ਅਰਨੋਂ-ਸਾਗਰਾ, ਬਹਿਰਜੱਛ-ਡੇਰਾ ਪਾਲਾ ਸਿੰਘ, ਦਿਉਗੜ, ਖਾਸਪੁਰ, ਬਾਦਲਗੜ੍ਹ-ਰਾਇਧਰਾਣਾ ਤੋਂ ਭੂਤਗੜ੍ਹ, ਸ਼ੁਤਰਾਣਾ ਹਾਈ ਸਕੂਲ-ਸ਼ਿਵ ਮੰਦਿਰ-ਗੁਰਦੁਆਰਾ ਸਾਹਿਬ, ਸ਼ੁਤਰਾਣਾ-ਸਾਗਰਾ-ਘੱਗਰ, ਹਾਮਝੜੀ ਜਾਖਲ ਰੋਡ-ਹਰੀਜਨ ਬਸਤੀ, ਹਰਿਆਊ ਖੁਰਦ-ਪਿਕਾਡਲੀ ਸ਼ੂਗਰ ਮਿੱਲ, ਸੇਲਵਾਲਾ-ਡੇਰਾ-ਸ਼ਮਸ਼ਾਨਘਾਟ, ਕਾਹਨਗੜ੍ਹ-ਖਾਸਪੁਰ, ਸ਼ੁਤਰਾਣਾ-ਬਾਦਸ਼ਾਹਪੁਰ-ਡੇਰਾ ਬੋਹੜ ਵਾਲਾ, ਸ਼ੁਤਰਾਣਾ-ਮਤੌਲੀ-ਘੱਗਰ, ਲਿੰਕ ਰੋਡ ਮੌਲਵੀਵਾਲਾ-ਫਿਰਨੀ, ਗਲੋਲੀ-ਬਰਤਾ-ਹਰਿਆਣਾ ਬਾਰਡਰ, ਮੌਲਵੀਵਾਲ-ਪੈਂਦ, ਸਰਕਾਰੀ ਸਕੂਲ ਸ਼ੁਤਰਾਣਾ-ਮਾੜੀ ਗੁੱਗਾ, ਸ਼ੁਤਰਾਣਾ ਰਸੌਲੀ-ਸ਼ੁਤਰਾਣਾ ਸਾਗਰਾ-ਪੰਚਾਇਤ ਛਿੰਨੀਆਂਵਾਲਾ ਤੇ ਸੋਟਾਪੀਰ, ਚੁਨਾਗਰਾ-ਸ਼ਾਦੀਹਰੀ ਲਿੰਕ ਰੋਡ, ਪਾਤੜਾਂ-ਜਾਖਲ ਰੋਡ-ਦਿਆਲ ਸਿੰਘ ਨਗਰ, ਖਾਨੇਵਾਲ-ਡਰੇਨ ਲਿੰਕ ਰੋਡ ਸ਼ਾਮਲ ਹਨ। ਇਸ ਤੋਂ ਇਲਾਵਾ ਦਫ਼ਤਰੀ ਵਾਲਾ, ਬੂਰੜ ਤੋਂ ਰਾਮਪੁਰ ਪੜਤਾ, ਬਹਿਰ ਸਾਹਿਬ-ਹਰਿਆਣਾ ਬਾਰਡਰ, ਸ਼ਾਦੀਪੁਰ ਮੋਮੀਆਂ ਤੋਂ ਝਿੱਲ, ਮਹਿਤਾ ਚੌਕ-ਡਰੌਲੀ ਰੋਡ ਪੁਲ, ਸ਼ੇਰਗੜ੍ਹ ਤੋਂ ਬਿੰਦੂਸਰ ਮੰਦਰ-ਹਰਿਆਣਾ ਬਾਰਡਰ, ਖਾਸਪੁਰ-ਹਾਮਝੜੀ ਲਿੰਕ ਰੋਡ, ਘੱਗਾ-ਧੂਹੜ-ਸੰਗਰੂਰ ਬਾਊਂਡਰੀ, ਸਾਧਮਾਜਰਾ ਤੋਂ ਜਲਾਲਪੁਰ ਅਤੇ ਅਰਨੇਟੂ ਤੋਂ ਹਰਿਆਣਾ ਬਾਰਡਰ ਤੱਕ ਕੁਲ 42 ਸੜਕਾਂ ਨਵੀਂਆਂ ਬਣਗੀਆਂ। ਉਨ੍ਹਾਂ ਨਾਲ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਵੀ ਮੌਜੂਦ ਸਨ।

ਨਾਭਾ (ਪੱਤਰ ਪ੍ਰੇਰਕ)-ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਦੱਸਿਆ ਹੈ ਕਿ ਹਲਕੇ ਵਿੱਚ 31.9 ਕਰੋੜ ਰੁਪਏ ਨਾਲ 111 ਕਿਲੋਮੀਟਰ ਲੰਮੀਆਂ 42 ਪੇਂਡੂ ਲਿੰਕ ਸੜਕਾਂ ਦੇ ਨਿਰਮਾਣ ਲਈ ਪ੍ਰਵਾਨਗੀ ਮਿਲ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਸੜਕਾਂ ਆਰਡੀਐੱਫ ਦੀ ਰਕਮ ਨਾ ਮਿਲਣ ਕਰਕੇ ਪਿਛਲੇ ਕਈ ਸਾਲਾਂ ਤੋਂ ਟੁੱਟ ਰਹੀਆਂ ਹਨ, ਜਿਸ ਕਰਕੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੜਕਾਂ ਦੀ ਸੂਚੀ ਦਿੰਦਿਆਂ ਵਿਧਾਇਕ ਦੇਵ ਮਾਨ ਨੇ ਦੱਸਿਆ ਕਿ ਇਨ੍ਹਾਂ 'ਚ ਨਾਭਾ ਮਾਲੇਰਕੋਟਲਾ ਰੋਡ ਤੋਂ ਟੋਡਰਵਾਲ, ਢੀਂਗੀ, ਪਹਾੜਪੁਰ ਅਤੇ ਉਭਾ-ਗੁਰਦਿੱਤਪੁਰਾ ਨੂੰ ਜਾਂਦੀਆਂ ਸੜਕਾਂ, ਦੰਦਰਾਲਾ ਢੀਂਡਸਾ ਤੋਂ ਰਣਜੀਤਗੜ੍ਹ, ਬਿਰਧਨੋ-ਸ਼ਿਵਗੜ੍ਹ ਰੋਡ, ਭਾਦਸੋਂ ਤਰਖੇੜੀ ਰੋਡ ਤੋਂ ਰੰਨੋ ਕਲਾਂ, ਦਿੱਤੂਪੁਰ ਤੋਂ ਰੋੜੇਵਾਲ, ਭਾਦਸੋਂ ਤਰਖੇੜੀ ਰੋਡ ਤੋਂ ਟੌਹੜਾ ਰਾਮਪੁਰ ਸਾਹੀਵਾਲ, ਟੌਹੜਾ ਹਰੀਜਨ ਬਸਤੀ-ਸ਼ਮਸ਼ਾਨਘਾਟ ਸੂਏ ਤੱਕ, ਮੋਹਲਗੁਆਰਾ-ਚਹਿਲ ਕਾਲਸਨਾ ਰੋਡ, ਖਨੌੜਾ-ਭੜੀ ਪਨੈਚਾ, ਨਾਭਾ-ਗੋਬਿੰਦਗੜ੍ਹ ਰੋਡ ਤੋਂ ਮੱਲੇਵਾਲ, ਹੱਲੋਤਾਲੀ ਤੇ ਬਸਤੀ ਕੱਲਰ ਮਾਜਰੀ, ਨਾਨੋਕੀ-ਮੱਲੇਵਾਲ, ਅਕਾਲਗੜ੍ਹ-ਫਰੀਦਪੁਰ, ਹੱਲੋਤਾਲੀ-ਮਾਂਗੇਵਾਲ, ਨਾਭਾ-ਗੋਬਿੰਦਗੜ੍ਹ ਰੋਡ ਤੋਂ ਭਾਦਸੋਂ ਬੱਸ ਸਟੈਂਡ ਤੋਂ ਸੁਧੇਵਾਲ (ਸਰਹਿੰਦ ਚੋਏ ਦੇ ਨਾਲ) ਹਰਬੰਸ ਸਿੰਘ ਲੋਟੇ ਮਾਰਗ, ਖਨੌੜਾ ਤੋਂ ਪੂਨੀਵਾਲ ਪਾਣੀ ਵਾਲੀ ਟੈਂਕੀ ਤੱਕ ਨਵੀਂਆਂ ਤੇ ਮੁਰੰਮਤ ਹੋਣ ਵਾਲੀਆਂ ਸੜਕਾਂ ਸ਼ਾਮਲ ਹਨ।

ਉੱਤਰ ਰੇਲਵੇ

ਟੈਂਡਰ ਸੂਚਨਾ

ਇਲੈਕਟ੍ਰੋਨਿਕ ਟੈਂਡਰ ਈ ਪ੍ਰਣਾਲੀ ਦੇ ਅੰਤਰਗਤ ਮਦਾਂ ਦੀ ਆਪੂਰਤੀ ਲਈ ਟੈਂਡਰ ਮੰਗ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਪ੍ਰਮੁੱਖ ਮੁੱਖ ਸਾਮਗਰੀ ਪ੍ਰਬੰਧਕ, ਉੱਤਰ ਰੇਲਵੇ, ਨਵੀਂ ਦਿੱਲੀ - 110001 ਦੁਵਾਰਾ ਇਛੁਕ ਫਰਮਾਂ ਤੋਂ ਹੇਠਾ ਲਿਖੇ ਮਦਾਂ ਦੇ ਲਈ ਈ - ਟੈਂਡਰ ਮੰਗ ਕੀਤੀ ਜਾਂਦੀ ਹੈ :-

| ਲ. ਨੰ: | ਟੈਂਡਰ ਮਿਤੀ | ਸੰਖੇਪ ਵੇਰਵਾ | ਮਾਤਰਾ | ਆਖਰੀ ਮਿਤੀ |
|---|---|---|---|---|
| 1 | 09245006B | ਪੇਅਰ ਆਫ ਕਾਸਨਬ 22 ਐਚ ਐਸ ਬੋਗੀ ਫਾਰ ਬੌਮਸਲਨ ਵੈਗਨ | 710 ਪੇਯਰਸ | 05.06.25 |
| 2 | 77259035 RGC | ਆਰ ਜੀ ਸੀ ਫਾਰ ਇਲਾਸਟਿਕ ਰੇਲ ਕਲਿਪ ਐਮ ਕੇ-III (T-3701) | 5055814 ਨਗ | 09.06.25 |
| 3 | 09252121 | ਸਟ੍ਰਾਇਕਰ ਕਾਸਟਿੰਗ ਵਿਯਰ ਪਲੇਟ | 53148 ਨਗ | 09.06.25 |
| 4 | 02252141 | ਕੰਡੇਸਰ ਫੈਨ ਮੋਟਰ 0.75kW/1.0 ਐਚ ਪੀ 3 ਫੇਜ | 1129 ਨਗ | 30.06.25 |
| 5 | 09252305 | 'ਕੇ' ਟਾਇਪ ਕੰਮਪੋਜੀਸ਼ਨ ਬ੍ਰੇਕ ਬਲਾਕ | 57787 ਨਗ | 01.07.25 |

ਟੈਂਡਰ ਸ਼ਰਤਾਂ: 1. ਪੂਰੀ ਜਾਣਕਾਰੀ IREPS ਵੇਬਸਾਈਟ ਯਾਨਿ www.ireps.gov.in ਉਤੇ ਦੇਖੀ ਜਾਂ ਸਕਦੀ ਹੈ। 2. ਮੈਨੂੰਅਲ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ ।
ਟੈਂਡਰ ਨੋਟਿਸ ਨੰ: 15/2025-2026 ਮਿਤੀ : 14.05.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ
1427/25

ਉੱਤਰ ਰੇਲਵੇ

ਈ-ਨਿਵਿਦਾ (ਈ-ਪ੍ਰੋਕਯੂਮੇਂਟ) ਦੇ ਮਾਧਿਅਮ ਨਾਲ ਨਿਵਿਦਾ ਮੰਗ

ਹੇਠਾਂ ਲਿਖਤ ਕੰਮ ਦੇ ਲਈ ਸੀਨੀਅਰ ਮੰਡਲ ਇੰਜੀਨੀਅਰ/ III, ਉਤਰ ਰੇਲਵੇ, ਦਿੱਲੀ ਮੰਡਲ ਵਿਚ ਈ-ਟੈਂਡਰ ਦੀ ਮੰਗ।

| | | |
|---|---|---|
| 1 | ਕੰਮ ਦਾ ਨਾਮ | ਸੀਨੀਅਰ ਏਡੀਈਐਨ/ਐਨਡੀਐਲਐਸ ਦੇ ਤਹਿਤ ਐਸਐਸਈ/ਡਬਲਯੂ/ਐਨਵੀਟੀ ਅਤੇ ਐਸਐਸਈ/ ਪੀ.ਵੇ/ਐਨਡੀਐਲਐਸ ਦੇ ਐਸ/ਓ ਵਿਚ ਏਐਨਵੀਟੀ ਤੇ ਪਲੇਟਫਾਰਮ ਨੰਬਰ 9 ਅਤੇ 2 ਦਾ ਵਿਸਤਾਰ, ਏਐਨਵੀਟੀ ਤੇ ਵਾਧੂ ਟ੍ਰੇਨਾਂ ਨੂੰ ਸਮਾਯੋਜਿਤ ਕਰਨ ਦੇ ਲਈ ਐਨਡੀਐਲਐਸ ਪਾਸੇ ਦੇ ਵਲ ਸ਼ੰਟਿੰਗ ਨੇਕ ਦੀ ਉਸਾਰੀ, ਏਐਨਵੀਟੀ ਸਟੇਸ਼ਨ ਦੇ ਡੀਐਲਆਈ ਅਤੇ ਜੀਜੇਡਬੀ ਪਾਸੇ ਤੇ ਤੀਜੀ ਅਤੇ ਚੌਥੀ ਲਾਈਨ ਦੇ ਵਿਚ ਕਨੇਕਟਿਵਿਟੀ ਪ੍ਰਦਾਨ ਕਰਨ ਦਾ ਕੰਮ। |
| 2 | ਕੰਮ ਦੀ ਅੰਦਾਜਨ ਲਾਗਤ (ਰੁਪਏ) | ₹ 1,63,45,046.94 (ਰੁਪਏ ਇਕ ਕਰੋੜ ਤਰੇਂਠ ਲਖ ਪੈਤਾਲੀ ਹਜਾਰ ਛਿਆਲੀ ਅਤੇ ਚੌਰਾਨਵੇ ਪੈਸੇ ਕੇਵਲ) |
| 3 | ਬਿਆਨਾ ਰਾਸ਼ੀ (ਰੁਪਏ) | ₹ 2,31,700/- (ਰੁਪਏ ਦੋ ਲਖ ਇਕੱਤੀ ਹਜਾਰ ਸਤ ਸੌ ਕੇਵਲ) |
| 4 | ਨਿਵਿਦਾ ਫਾਰਮ ਦਾ ਮੂਲ (ਰੁਪਏ) | Rs. 0.00 |
| 5 | ਨਿਵਿਦਾ ਬੋਲੀ ਪੇਸ਼ ਕਰਨ ਅਤੇ ਟੈਂਡਰ ਖੋਹਲਣ ਦੀ ਮਿਤੀ ਅਤੇ ਸਮਾਂ | 04.06.2025 ਨੂੰ 15:00 ਤਕ । |
| 6 | ਵੈਬਸਾਈਟ ਵੇਰਵਾ ਜਿਥੋਂ ਨਿਵਿਦਾ ਦਸਤਾਵੇਜਾਂ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ। | ਨਿਵਿਦਾ www.ireps.gov.in ਵੈਬਸਾਈਟ ਉਤੇ ਉਪਲਬਧ ਹੈ। |
| 7 | ਅਲੋਕੇਸ਼ਨ | 20164103 |

● ਠੇਕੇਦਾਰਾਂ ਨੂੰ ਈ-ਟੈਂਡਰ ਪ੍ਰਣਾਲੀ ਵਿਚ ਭਾਗ ਲੈਣ ਦੇ ਲਈ ਭਾਰਤੀਯ ਰੇਲਵੇ ਈ-ਪ੍ਰੋਕਯੋਰਮੈਂਟ ਸਿਸਟਮ) (IREPS) ਸਾਈਟ ਯਾਨੀ www.ireps.gov.in ਦੇ ਤਹਿਤ ਰਜਿਸਟਰਡ ਹੋਣਾ ਚਾਹੀਦਾ। ● ਸਾਰੇ ਨਿਯਮਾਂ ਅਤੇ ਸ਼ਰਤਾਂ ਦੇ ਲਈ ਕਿਰਪਾ ਟੈਂਡਰ ਦਸਤਾਵੇਜ ਦੇਖੋ।● ਮੈਨੂੰਅਲ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ। ● ਟੈਂਡਰ ਦਸਤਾਵੇਜ ਅਤੇ ਬਿਆਨਾ ਦੀ ਲਾਗਤ ਕੇਵਲ ਨੈਟ ਬੈਕਿੰਗ ਜਾਂ ਭੁਗਤਾਨ ਗੇਟਵੇ ਦੇ ਮਾਧਿਅਮ ਨਾਲ ਸਵੀਕਾਰੀ ਹੋਵੇਗੀ। ਨੰ. :128-W/280/ਈ-ਨਿਵਿਦਾ ਸੂਚਨਾ/06-2025-26/W-3 ਮਿਤੀ: 13.05.2025
1421/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਸੰਪਾਦਕੀ

# ਆਸਮਾਨ 'ਚ ਭਾਰਤ ਦਾ ਦਬਦਬਾ

ਅਪਰੇਸ਼ਨ ਸਿੰਧੂਰ, ਜਿਸ ਨੂੰ ਸਿਰਫ ਰੋਕਿਆ ਗਿਆ ਹੈ ਤੇ ਜੇਕਰ ਪਾਕਿਸਤਾਨ ਨੇ ਆਪਣਾ ਰਵੱਈਆ ਨਾ ਬਦਲਿਆ ਤਾਂ ਇਹ ਫਿਰ ਸੁਰੂ ਕੀਤਾ ਜਾ ਸਕਦਾ ਹੈ, ਨੇ ਭਾਰਤੀ ਹਵਾਈ ਸੈਨਾ (ਆਈਏਐੱਫ) ਦੀ ਤਾਕਤ ਨੂੰ ਸਾਨਦਾਰ ਢੰਗ ਨਾਲ ਦਰਸਾਇਆ ਹੈ। ਅਤਿਵਾਦੀ ਟਿਕਾਣਿਆਂ ਤੇ ਫੌਜੀ ਹਵਾਈ ਅੱਡਿਆਂ 'ਤੇ ਕੀਤੇ ਗਏ ਸਟੀਕ ਹਮਲੇ ਇਸ ਅਪਰੇਸਨ ਦੀ ਉਪਲਬਧੀ ਹਨ। ਇਸ ਦੌਰਾਨ ਭਾਰਤ ਦੀ ਬਹੁ-ਪਰਤੀ ਹਵਾਈ ਰੱਖਿਆ ਪ੍ਰਣਾਲੀ ਦੀ ਮਜਬੂਤੀ ਵੀ ਦਿਸੀ, ਜਿਸ ਨੇ ਪਾਕਿਸਤਾਨ ਦੀਆਂ ਭਾਰਤੀ ਫੌਜੀ ਟਿਕਾਣਿਆਂ ਅਤੇ ਨਾਗਰਿਕ ਖੇਤਰਾਂ 'ਤੇ ਹਮਲੇ ਕਰਨ ਦੀਆਂ ਕੋਸ਼ਿਸਾਂ ਨਾਕਾਮ ਕਰ ਦਿੱਤੀਆਂ। ਸੋਮਵਾਰ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਦੀ ਹਵਾਈ ਰੱਖਿਆ ਢਾਲ ਨੇ ਪਾਕਿਸਤਾਨੀ ਡਰੋਨਾਂ ਤੇ ਮਿਜਾਈਲਾਂ ਨੂੰ ਤਿਣਕਾ-ਤਿਣਕਾ ਕਰ ਦਿੱਤਾ। ਅਗਲੇ ਹੀ ਦਿਨ ਉਹ ਪੰਜਾਬ ਦੇ ਆਦਮਪੁਰ ਏਅਰਬੇਸ ਪਹੁੰਚੇ ਅਤੇ ਹਵਾਈ ਸੈਨਾ ਦੇ ਜਵਾਨਾਂ ਨਾਲ ਮੁਲਾਕਾਤ ਕੀਤੀ, ਪਿੱਠ ਥਾਪੜ ਕੇ ਉਨ੍ਹਾਂ ਦਾ ਹੌਸਲਾ ਵਧਾਇਆ। ਪੂਰੀ ਤਰ੍ਹਾਂ ਦਿਲੋਂ ਨਿਕਲੇ ਇਹ ਭਾਵ ਸਾਡੀ ਹਵਾਈ ਸੈਨਾ ਦੀ ਬਹਾਦਰੀ ਅਤੇ ਬਾਕੀ ਸਾਰੇ ਹਥਿਆਰਬੰਦ ਬਲਾਂ ਨੂੰ ਸਲਾਮੀ ਦੇਣ ਵਰਗੇ ਸਨ।ਪ੍ਰਧਾਨ ਮੰਤਰੀ ਦੇ ਦੌਰੇ ਨੇ ਪਾਕਿਸਤਾਨ ਦੀ ਝੂਠੀ ਪ੍ਰਚਾਰ ਮੁਹਿੰਮ ਨੂੰ ਵੀ ਨਕਾਰ ਦਿੱਤਾ। ਗੁਆਂਢੀ ਦੇਸ ਨੇ ਦਾਅਵਾ ਕੀਤਾ ਸੀ ਕਿ ਉਸ ਦੀ ਮਿਜਾਈਲ ਨੇ ਆਦਮਪੁਰ 'ਚ ਐੱਸ-400 ਹਵਾਈ ਰੱਖਿਆ ਪ੍ਰਣਾਲੀ ਨੂੰ ਨਸਟ ਕਰ ਦਿੱਤਾ ਹੈ, ਪਰ ਪ੍ਰਧਾਨ ਮੰਤਰੀ ਦੀ ਸੈਨਿਕਾਂ ਨਾਲ ਮੁਲਾਕਾਤ ਵੇਲੇ ਪਿੱਛੇ 'ਸੁਦਰਸਨ ਚੱਕਰ' (ਐੱਸ-400) ਬਿਲਕੁਲ ਦਰੁਸਤ ਖੜ੍ਹਾ ਨਜਰ ਆਇਆ। ਬਿਲਕੁਲ ਠੀਕ-ਠਾਕ ਚੱਲ ਰਹੇ ਫੌਜੀ ਹਵਾਈ ਅੱਡੇ 'ਤੇ ਦਿਸੇ ਉਤਸ਼ਾਹ ਨੇ ਪਾਕਿਸਤਾਨ ਨੂੰ ਸਪੱਸ਼ਟ ਸੰਦੇਸ ਦਿੱਤਾ ਕਿ ਅਸਲ 'ਚ ਜਸਨ ਮਨਾਉਣ ਦਾ ਹੱਕ ਕਿਹੜੀ ਹਵਾਈ ਸੈਨਾ ਨੂੰ ਹੈ ਤੇ ਉਹ ਮਨਾ ਵੀ ਰਹੀ ਹੈ। ਭਾਰਤੀ ਹਵਾਈ ਸੈਨਾ ਨੇ ਇਸ ਅਪਰੇਸ਼ਨ 'ਚ ਥਲ ਤੇ ਜਲ ਸੈਨਾ ਨਾਲ ਮਿਲ ਕੇ ਆਪਣੇ ਨਿਸ਼ਾਨੇ ਪੂਰੇ ਕੀਤੇ ਹਨ ਤੇ ਚੁਣੌਤੀਪੂਰਨ ਕਾਰਜਾਂ ਨੂੰ ਅੰਜਾਮ ਦਿੱਤਾ ਹੈ। ਇਹੀ ਕਾਰਨ ਹੈ ਕਿ ਉਸ ਕੋਲ ਖੁਸ਼ੀ ਮਨਾਉਣ ਦਾ ਹਰ ਕਾਰਨ ਹੈ।ਭਾਰਤ ਦੀ ਹਵਾਈ ਤਾਕਤ ਬੇਸ਼ੱਕ ਪਾਕਿਸਤਾਨ ਦੀ ਤੁਲਨਾ 'ਚ ਹਮੇਸ਼ਾ ਸਿਖਰ 'ਤੇ ਰਹੀ ਹੈ ਪਰ ਇਹ ਅਪਰੇਸਨ ਸਿੰਧੂਰ ਹੀ ਹੈ ਜਿਸ ਨੇ ਨਵੀਂ ਤਕਨੀਕ ਵਾਲੀ ਜੰਗ ਵਿੱਚ ਇੰਡੀਅਨ ਏਅਰ ਫੋਰਸ ਦੀ ਮੁਹਾਰਤ ਸਾਬਿਤ ਕੀਤੀ। ਭਾਰਤੀ ਹਵਾਈ ਸੈਨਾ ਲੜਾਕੂ ਤਾਕਤ, ਹਮਲਾ ਤੇ ਰੱਖਿਆ ਯੋਗਤਾ, ਆਧੁਨਿਕੀਕਰਨ ਤੇ ਸਾਜੋ-ਸਾਮਾਨ ਦੀ ਸਹਾਇਤਾ ਦੇ ਮਾਮਲੇ 'ਚ ਦੁਨੀਆ ਦੀਆਂ ਸਭ ਤੋਂ ਵਧੀਆ ਸੈਨਾਵਾਂ ਵਿੱਚੋਂ ਇੱਕ ਹੈ। ਇਹ ਚੀਨ, ਇਜਰਾਈਲ ਤੇ ਫਰਾਂਸ ਵਰਗੀਆਂ ਹਵਾਈ ਸੈਨਾਵਾਂ ਤੋਂ ਵੀ ਉੱਚਾ ਦਰਜਾ ਰੱਖਦੀ ਹੈ। ਉਪ-ਮਹਾਦੀਪ ਵਿੱਚ ਭਾਰਤੀ ਹਵਾਈ ਸੈਨਾ ਦੀ ਭੂਮਿਕਾ ਪੂਰੀ ਤਰ੍ਹਾਂ ਫੈਸਲਾਕੁਨ ਸਾਬਿਤ ਹੁੰਦੀ ਹੈ, ਇਸ ਵਿੱਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ। ਕਿਸੇ ਬਿਪਤਾ ਨੂੰ ਸੱਦਾ ਦੇਣ ਤੋਂ ਪਹਿਲਾਂ ਪਾਕਿਸਤਾਨ ਬਸ ਇਸੇ ਤੱਥ ਦਾ ਖਿਆਲ ਰੱਖੇ ਤਾਂ ਕਾਫੀ ਹੋਵੇਗਾ।

EDITOR: RAVI BHARDWAJ, PUBLISHER, OWNER AND PRINTER OF DAILY "JAN JAGRAN" PRINTED at THE PRITING HUB, A-15, GT Karnal Road, Industrial Area, OPP. Mahendru Enclave, Delhi- 110033 and Published from B-244, Majlis Park, Lane-03, Delhi-110033.

RNI NO: DELPUN/2015/65303

ਮਾਲਕ, ਪ੍ਰਕਾਸ਼ਕ, ਸੰਪਾਦਕ ਤੇ ਪ੍ਰਿੰਟਰ ਰਵੀ ਭਾਰਦਵਾਜ, ਬੀ-244 ਮਜਲਿਸ ਪਾਰਕ, ਦਿੱਲੀ-33 ਨੇ ਦਾ ਪ੍ਰਿੰਟਿੰਗ ਹੱਬ, ਏ-15 ਜੀ ਟੀ ਕਰਨਾਲ ਰੋਡ, ਇੰਡਸਟ੍ਰੀਅਲ ਏਰੀਆ, ਆਪੋਜਿਟ ਮਹਿੰਦ੍ਰੂ ਇਨਕਲੇਵ, ਦਿੱਲੀ-33 ਤੋਂ ਪ੍ਰਕਾਸ਼ਿਤ ਕੀਤਾ।

R.N.I No. DELPUN/2015/65303

ਸਹਾਇਕ ਸੰਪਾਦਕ : ਗੋਬਿੰਦ ਸਿੰਘ

# ਭਾਰਤ ਉੱਤੇ ਮੌਸਮੀ ਤਬਦੀਲੀਆਂ ਦੀ ਮਾਰ



ਮੌਸਮੀ ਤਬਦੀਲੀਆਂ ਹੁਣ ਭਵਿੱਖ ਦੀ ਗੱਲ ਨਹੀਂ ਰਹੀਆਂ। ਇਹ ਹਰ ਮੁਲਕ ਨੂੰ ਪ੍ਰਤੱਖ ਤੌਰ 'ਤੇ ਪ੍ਰਭਾਵਿਤ ਕਰ ਰਹੀਆਂ ਹਨ। 2025 ਦੇ ਸ਼ੁਰੂ ਤੋਂ ਹੀ ਭਾਰਤ ਉੱਤੇ ਮੌਸਮੀ ਤਬਦੀਲੀਆਂ ਦੇ ਅਸਰ ਸਾਫ਼ ਦਿਖਾਈ ਦੇ ਰਹੇ ਹਨ; ਜਿਵੇਂ ਪਹਾੜੀ ਰਾਜਾਂ ਵਿੱਚ ਬੇਮੌਸਮੀ ਬਰਫ਼ਬਾਰੀ, ਦੱਖਣੀ ਰਾਜਾਂ ਵਿੱਚ ਗਰਮ ਲਹਿਰਾਂ ਦੀ ਅਗੇਤੀ ਆਮਦ, ਛੋਟੀ ਹੁੰਦੀ ਬਸੰਤ ਰੁੱਤ, ਭਾਰੀ ਮੀਂਹ ਦੀ ਅਗੇਤੀ ਆਮਦ ਆਦਿ ਮੁਲਕ ਦੇ ਉੱਤਰ-ਪੱਛਮੀ ਅਤੇ ਉੱਤਰ-ਪੂਰਬੀ ਖੇਤਰਾਂ ਵਿੱਚ ਜਨਵਰੀ ਫਰਵਰੀ ਵਿੱਚ ਸਰਦੀਆਂ ਦਾ ਮੌਸਮ ਅਤੇ ਪਹਾੜੀ ਖੇਤਰਾਂ ਵਿੱਚ ਬਰਫ਼ਬਾਰੀ ਹੁੰਦੀ ਹੈ ਪਰ ਇਸ ਸਾਲ ਦੁਨੀਆ ਦੇ ਬਾਕੀ ਮੁਲਕਾਂ ਵਾਂਗ ਰਿਕਾਰਡ ਅਨੁਸਾਰ, ਜਨਵਰੀ ਹੁਣ ਤੱਕ ਦੂਜਾ ਸਭ ਤੋਂ ਗਰਮ ਜਨਵਰੀ ਦਾ ਮਹੀਨਾ ਅਤੇ ਫਰਵਰੀ ਸਭ ਤੋਂ ਗਰਮ ਫਰਵਰੀ ਦਾ ਮਹੀਨਾ ਰਿਹਾ। ਪਹਾੜੀ ਰਾਜਾਂ ਵਿੱਚ ਤਾਪਮਾਨ ਔਸਤ ਤੋਂ ਉੱਤੇ ਹੋਣ ਕਰ ਕੇ ਬਰਫ਼ ਨਹੀਂ ਪਈ। ਇਨ੍ਹਾਂ ਰਾਜਾਂ ਦੇ ਕੁਝ ਖੇਤਰਾਂ ਵਿੱਚ ਮੀਂਹ ਵੀ ਔਸਤ ਨਾਲੋਂ 60 ਤੋਂ 99 ਫ਼ੀਸਦ ਘੱਟ ਪਿਆ। ਹੈਰਾਨੀ ਦੀ ਗੱਲ ਇਹ ਕਿ ਫਰਵਰੀ ਦੇ ਅਖ਼ੀਰਲੇ ਦਿਨ ਮੁਲਕ ਦੇ ਸਾਰੇ ਪਹਾੜੀ ਰਾਜਾਂ ਵਿੱਚ ਭਾਰੀ ਬਰਫ਼ਬਾਰੀ ਹੋਈ। ਮਾਰਚ ਵਿੱਚ ਜਦੋਂ ਆਮ ਤੌਰ 'ਤੇ ਪਹਾੜੀ ਰਾਜ ਰੰਗ-ਬਿਰੰਗੇ ਫੁੱਲਾਂ ਨਾਲ ਬਸੰਤ ਰੁੱਤ ਦਾ ਆਨੰਦ ਮਾਣ ਰਹੇ ਹੁੰਦੇ ਹਨ, ਐਤਕੀਂ ਬਰਫ਼ ਦੀ ਸਫ਼ੇਦ ਚਾਦਰ ਨਾਲ ਢਕੇ ਰਹੇ। ਇਹ 2025 ਵਿੱਚ ਮੌਸਮ ਵਿੱਚ ਆਈ ਪਹਿਲੀ ਤਬਦੀਲੀ ਸੀ। ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿੱਚ ਇੰਨਾ ਭਿਆਨਕ ਬਰਫ਼ੀਲਾ ਤੂਫ਼ਾਨ ਆਇਆ ਜੋ ਬਾਰਡਰ ਰੋਡ ਆਰਗਨਾਈਜੇਸ਼ਨ ਦੇ 55 ਮਜ਼ਦੂਰਾਂ ਨੂੰ ਲੋਹੇ ਦੇ ਕੰਨਟੇਨਰਾਂ ਸਮੇਤ ਉਡਾ ਕੇ ਲੈ ਕੇ ਗਿਆ। ਇਨ੍ਹਾਂ ਵਿੱਚੋਂ 8 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਬਾਕੀ ਦੇ 47 ਮਜ਼ਦੂਰਾਂ ਨੂੰ ਭਾਰੀ ਮੁਸ਼ਕਤ ਤੋਂ ਬਾਅਦ ਬਚਾ ਲਿਆ ਗਿਆ।ਮੌਸਮ ਵਿੱਚ ਆਈ ਦੂਜੀ ਤਬਦੀਲੀ ਦੱਖਣੀ ਰਾਜਾਂ ਵਿੱਚ ਦੇਖਣ ਨੂੰ ਮਿਲੀ। ਇਨ੍ਹਾਂ ਰਾਜਾਂ ਵਿੱਚ ਆਮ ਤੌਰ 'ਤੇ ਜਨਵਰੀ ਅਤੇ ਫਰਵਰੀ ਵਿੱਚ ਸਾਵਾਂ ਮੌਸਮ ਹੁੰਦਾ ਹੈ। ਇਸ ਸਾਲ 25 ਫਰਵਰੀ ਨੂੰ ਪੱਛਮੀ ਤੱਟ ਦੇ ਕੋਂਕਨ ਖੇਤਰ ਵਿੱਚ ਗਰਮ ਲਹਿਰ ( ) ਦੀ ਪਹਿਲੀ ਆਮਦ ਰਿਕਾਰਡ ਕੀਤੀ ਗਈ। ਮੌਸਮ ਵਿਭਾਗ ਅਨੁਸਾਰ, ਜਦੋਂ ਕਿਸੇ ਵੀ ਥਾਂ ਦਾ ਤਾਪਮਾਨ ਔਸਤ ਨਾਲੋਂ 5 ਡਿਗਰੀ ਸੈਲਸੀਅਸ ਵੱਧ ਹੋਵੇ ਜਾਂ ਪਹਾੜੀ ਖੇਤਰਾਂ ਦਾ 30 ਡਿਗਰੀ, ਤੱਟਵਰਤੀ ਖੇਤਰਾਂ ਦਾ 37 ਡਿਗਰੀ ਅਤੇ ਮੈਦਾਨੀ ਖੇਤਰਾਂ ਦਾ 40 ਡਿਗਰੀ ਸੈਲਸੀਅਸ ਤੋਂ ਵੱਧ ਜਾਵੇ ਤਾਂ ਉਨ੍ਹਾਂ ਖੇਤਰਾਂ ਨੂੰ ਗਰਮ ਲਹਿਰ ਦੇ ਪ੍ਰਭਾਵ ਥੱਲੇ ਆਇਆ ਮੰਨਿਆ ਜਾਂਦਾ ਹੈ। ਮਾਰਚ ਦੇ ਦੂਜੇ ਹਫ਼ਤੇ ਮੱਧ ਮਹਾਰਾਸ਼ਟਰ, ਸੌਰਾਸ਼ਟਰ, ਕੱਛ, ਵਿਦਰਭ, ਉੜੀਸਾ, ਤਿਲੰਗਾਨਾ, ਆਂਧਰਾ ਪ੍ਰਦੇਸ਼ ਆਦਿ ਰਾਜਾਂ ਵਿੱਚ ਕਈ ਥਾਈਂ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਵੱਧ ਰਿਕਾਰਡ ਹੋਇਆ।ਅਜਿਹੇ ਅਤਿ ਦਰਜੇ ਦੇ ਠੰਢੇ ਤੇ ਗਰਮ ਮੌਸਮਾਂ ਵਿੱਚੋਂ ਲੰਘਦਿਆਂ ਕੁਝ ਖੇਤਰਾਂ ਵਿੱਚ ਬਸੰਤ ਰੁੱਤ ਗਾਇਬ ਹੋ ਗਈ ਜੋ ਭਾਰਤ ਦੇ ਮੌਸਮ ਵਿੱਚ ਤੀਜੀ ਵੱਡੀ ਤਬਦੀਲੀ ਹੈ। ਪਹਾੜੀ ਰਾਜਾਂ ਵਿੱਚ ਅਪਰੈਲ ਵਿੱਚ ਜੂਨ-ਜੁਲਾਈ ਵਰਗਾ ਭਾਰੀ ਮੀਂਹ ਪਿਆ ਜਿਸ ਨਾਲ ਜੰਮੂ ਕਸ਼ਮੀਰ ਅਤੇ ਸਿੱਕਮ ਵਿੱਚ ਕਈ ਥਾਈਂ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ। ਅਪਰੈਲ ਵਿੱਚ ਭਾਰੀ ਮੀਂਹ ਦੀ ਅਗੇਤੀ ਆਮਦ ਚੌਥੀ ਮੌਸਮੀ ਤਬਦੀਲੀ ਸੀ। ਮੌਸਮੀ ਤਬਦੀਲੀਆਂ ਨਾਲ ਕੁਦਰਤੀ ਆਫ਼ਤਾਂ ਦੀ ਗਿਣਤੀ ਦੀ ਆਮਦ ਅਤੇ ਮਾਰ ਦੀ ਗਹਿਰਾਈ ਵਿੱਚ ਵੀ ਵਾਧਾ ਹੁੰਦਾ ਹੈ। ਅਪਰੈਲ ਵਿੱਚ ਪੰਜਾਬ ਤੇ ਹਰਿਆਣਾ ਵਿੱਚ ਝੱਖੜ ਆਉਣ ਕਾਰਨ ਕਣਕ ਦੀ ਪੱਕੀ ਹੋਈ ਸੈਂਕੜੇ ਏਕੜ ਫ਼ਸਲ ਤਬਾਹ ਹੋ ਗਈ। ਬਿਹਾਰ ਤੇ ਉੱਤਰ ਪ੍ਰਦੇਸ਼ ਵਿੱਚ ਅਸਮਾਨੀ ਬਿਜਲੀ ਡਿੱਗਣ ਨਾਲ ਸੌ ਤੋਂ ਉੱਤੇ ਵਿਅਕਤੀਆਂ ਦੀ ਮੌਤ ਹੋ ਗਈ।ਮੌਸਮ ਵਿਭਾਗ ਨੇ ਪਹਿਲੀ ਅਪਰੈਲ ਨੂੰ ਅਪਰੈਲ ਤੋਂ ਜੂਨ ਤੱਕ ਦੀ ਰਿਪੋਰਟ ਜਾਰੀ ਕਰਦਿਆਂ ਦੱਸਿਆ ਕਿ ਇਸ ਸਾਲ 15 ਰਾਜਾਂ (ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਉੜੀਸਾ, ਤਿਲੰਗਾਨਾ, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਕਰਨਾਟਕ (ਉੱਤਰੀ ਹਿੱਸਾ), ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼) ਵਿੱਚ ਤਾਪਮਾਨ ਔਸਤ ਤੋਂ ਵਧ ਗਰਮ ਰਹੇਗਾ। ਇਨ੍ਹਾਂ ਰਾਜਾਂ ਵਿੱਚ ਆਮ ਤੌਰ 'ਤੇ ਗਰਮ ਲਹਿਰਾਂ 4 ਤੋਂ 7 ਦਿਨ ਰਹਿੰਦੀਆਂ ਪਰ ਐਤਕੀਂ ਇਨ੍ਹਾਂ ਦਿਨਾਂ ਦੀ ਗਿਣਤੀ 10 ਤੋਂ 11 ਤੱਕ ਹੋ ਸਕਦੀ ਹੈ। ਉੱਤਰ-ਪੱਛਮੀ ਅਤੇ ਉੱਤਰ-ਪੂਰਬੀ ਪਹਾੜੀ ਖੇਤਰਾਂ, ਕੇਰਲ ਤੇ ਕਰਨਾਟਕ ਵਿੱਚ ਭਾਰੀ ਮੀਂਹ ਪੈਣ ਦੇ ਨਾਲ-ਨਾਲ ਪਹਾੜ ਖਿਸਕਣ ਅਤੇ ਢਿੱਗਾਂ ਡਿੱਗਣ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ।ਇਹ ਘਟਨਾਵਾਂ/ਪੇਸ਼ੀਨਗੋਈਆਂ ਵੀ ਮੌਸਮੀ ਤਬਦੀਲੀਆਂ ਨਾਲ ਸਬੰਧਿਤ ਹਨ। ਕਿਸੇ ਵੀ ਮੁਲਕ ਵਿੱਚ ਗਰਮ ਲਹਿਰਾਂ ਦੀ ਆਮਦ ਜਾਂ ਭਾਰੀ ਮੀਂਹ ਕੋਈ ਨਵੀਂ ਜਾਂ ਅਨੋਖੀ ਘਟਨਾ ਨਹੀਂ। ਇਨ੍ਹਾਂ ਦੀ ਅਗੇਤੀ ਆਮਦ, ਗਿਣਤੀ ਅਤੇ ਮਾਰ ਦੀ ਗਹਿਰਾਈ ਵਿੱਚ ਵਾਧਾ ਮੌਸਮੀ ਤਬਦੀਲੀਆਂ ਕਾਰਨ ਹੋ ਰਿਹਾ ਹੈ। ਭਾਰਤ ਵਿੱਚ ਮੌਸਮੀ ਤਬਦੀਲੀਆਂ ਕਾਰਨ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਨਾਲ ਹੋਣ ਵਾਲੇ ਭਾਰੀ ਨੁਕਸਾਨ ਬਾਰੇ ਇੰਟਰ-ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ ਦੀ ਪੰਜਵੀਂ (2014) ਅਤੇ ਛੇਵੀਂ (2021-2022) ਰਿਪੋਰਟ ਵਿੱਚ ਸਪੱਸ਼ਟ ਖ਼ੁਲਾਸਾ ਸੀ। ਇਨ੍ਹਾਂ ਰਿਪੋਰਟਾਂ ਮੁਤਾਬਿਕ, ਬਾਕੀ ਮੁਲਕਾਂ ਦੇ ਮੁਕਾਬਲੇ ਭਾਰਤ ਉੱਤੇ ਮੌਸਮੀ ਤਬਦੀਲੀਆਂ ਦਾ ਮਾੜਾ ਅਸਰ ਜ਼ਿਆਦਾ ਪਵੇਗਾ। ਇਸ ਦੇ ਮੁੱਖ ਕਾਰਨ ਮੁਲਕ ਦੀ ਭੂਗੋਲਿਕ ਸਥਿਤੀ ਅਤੇ ਆਰਥਿਕ ਵਿਕਾਸ ਮਾਡਲ ਹਨ। ਉੱਤਰ ਵੱਲ ਬਰਫ਼ ਨਾਲ ਲੱਦੇ ਦੁਨੀਆ ਦੇ ਸਭ ਤੋਂ ਉੱਚੇ ਅਤੇ ਨਵੇਂ ਬਣ ਰਹੇ ਹਿਮਾਲਿਆ ਪਹਾੜ ਹਨ; ਦੱਖਣ ਵੱਲ ਤਿੰਨ ਪਾਸੇ ਸਮੁੰਦਰ ਹੈ। ਧਰਤੀ ਦੇ ਔਸਤ ਤਾਪਮਾਨ ਵਿੱਚ ਵਾਧੇ ਕਾਰਨ ਹਿਮਾਲਿਆ ਤੋਂ ਬਰਫ਼ ਤੇਜ਼ੀ ਨਾਲ ਪਿਘਲਣੀ ਸ਼ੁਰੂ ਹੋ ਗਈ ਜਿਸ ਕਾਰਨ ਗਲੇਸ਼ੀਅਲ ਝੀਲਾਂ ਦਾ ਆਕਾਰ ਤੇਜ਼ੀ ਨਾਲ ਵਧਣਾ ਸ਼ੁਰੂ ਹੋ ਗਿਆ ਹੈ। ਭਾਰਤ ਵਿਚਲੀਆਂ 67 ਗਲੇਸ਼ੀਅਲ ਝੀਲਾਂ ਦਾ ਆਕਾਰ 2011-2024 ਤੱਕ 40 ਫ਼ੀਸਦ ਵਧ ਗਿਆ ਹੈ। ਇਹ ਝੀਲਾਂ ਉੱਤਰਾਖੰਡ, ਲੱਦਾਖ, ਸਿੱਕਮ, ਅਰੁਣਾਚਲ ਪ੍ਰਦੇਸ਼ ਤੇ ਹਿਮਾਚਲ ਪ੍ਰਦੇਸ਼ ਵਿੱਚ ਹਨ। ਇਹ ਝੀਲਾਂ ਕਿਸੇ ਸਮੇਂ ਵੀ ਫਟ ਸਕਦੀਆਂ ਹਨ। ਇਹ ਝੀਲਾਂ ਫਟਣ ਤੋਂ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ 2023 ਵਿੱਚ ਸਿੱਕਮ ਦੀ ਲਹੋਨੈਕ ਗਲੇਸ਼ੀਅਲ ਝੀਲ ਦੇ ਫਟਣ ਤੋਂ ਹੋਏ ਨੁਕਸਾਨ ਤੋਂ ਲਗਾਇਆ ਜਾ ਸਕਦਾ ਹੈ। ਇਸ ਘਟਨਾ ਵਿੱਚ 200 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ ਅਤੇ 80000 ਲੋਕਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ। ਤੀਸਤਾ ਨਦੀ ਵਾਲਾ ਡੈਮ ਅਤੇ ਨਦੀ 'ਤੇ ਲੱਗੇ ਸਾਰੇ ਪੁਲ ਵਹਿ ਗਏ ਸਨ। ਗਲੇਸ਼ੀਅਰ ਪਿਘਲਣ ਨਾਲ ਮੈਦਾਨੀ ਇਲਾਕਿਆਂ ਵਿੱਚ ਭਾਰੀ ਹੜ੍ਹ ਆ ਸਕਦੇ ਹਨ। ਹੜ੍ਹਾਂ ਨਾਲ ਫ਼ਸਲਾਂ ਤਬਾਹ ਹੋ ਜਾਂਦੀਆਂ; ਇਉਂ ਅਨਾਜ ਸੰਕਟ ਪੈਦਾ ਹੋ ਸਕਦਾ ਹੈ।ਪਹਾੜੀ ਖੇਤਰਾਂ ਵਿੱਚ ਮੌਸਮੀ ਤਬਦੀਲੀਆਂ ਕਾਰਨ ਜਦੋਂ ਭਾਰੀ ਮੀਂਹ ਪੈਂਦਾ ਹੈ ਤਾਂ ਪਹਾੜ ਖਿਸਕਣ ਅਤੇ ਢਿੱਗਾਂ ਡਿੱਗਣ ਨਾਲ ਆਵਾਜਾਈ ਰੁਕ ਜਾਂਦੀ ਹੈ। ਮੀਂਹ ਪੈਣ ਨਾਲ ਪਹਾੜ ਖਿਸਕਣਾ ਭਾਵੇਂ ਕੁਦਰਤੀ ਵਰਤਾਰਾ ਹੈ ਪਰ ਵੱਡੇ ਪੱਧਰ ਉੱਤੇ ਖਿਸਕਣਾ ਆਰਥਿਕ ਵਿਕਾਸ ਮਾਡਲ ਕਰ ਕੇ ਹੈ। ਆਰਥਿਕ ਵਿਕਾਸ ਲਈ ਕੇਂਦਰ ਅਤੇ ਰਾਜ ਸਰਕਾਰਾਂ ਪਹਾੜੀ ਰਾਜਾਂ ਵਿੱਚ ਸੈਰ-ਸਪਾਟਾ ਉਦਯੋਗ ਵਧਾਉਣ ਲਈ ਚਾਰ ਮਾਰਗੀ ਸੜਕਾਂ, ਰੋਪਵੇਅ, ਹੈਲੀਪੈਡ ਆਦਿ ਬਣਾ ਰਹੀਆਂ ਹਨ। ਇਨ੍ਹਾਂ ਗਤੀਵਿਧੀਆਂ ਲਈ ਵਾਤਾਵਰਨ ਨਿਯਮਾਂ ਦੀ ਅਣਦੇਖੀ ਕਰਦਿਆਂ ਜੰਗਲਾਂ ਤੇ ਪਹਾੜਾਂ ਦੀ ਅੰਧਾਧੁੰਦ ਕਟਾਈ ਤੇ ਖੁਦਾਈ ਹੋ ਰਹੀ ਹੈ। ਨਤੀਜੇ ਵਜੋਂ ਪਹਾੜ ਖਿਸਕਣ, ਢਿੱਗਾਂ ਡਿੱਗਣ, ਜ਼ਮੀਨ ਗਰਕਣ, ਬੱਦਲ ਫਟਣ ਆਦਿ ਵਰਗੀਆਂ ਘਟਨਾਵਾਂ ਵਧ ਰਹੀਆਂ ਹਨ।ਭਾਰਤ ਦੇ ਦੱਖਣ ਵੱਲ ਤਿੰਨੇ ਪਾਸੇ ਸਮੁੰਦਰ ਹੋਣ ਕਾਰਨ ਸਮੁੰਦਰ ਨਾਲ ਸਬੰਧਿਤ ਕੁਦਰਤੀ ਆਫ਼ਤਾਂ ਤੱਟਵਰਤੀ ਰਾਜਾਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਮਾਰਚ 2023 ਤੋਂ ਦੁਨੀਆ ਦੇ ਸਾਰੇ ਸਮੁੰਦਰਾਂ ਦਾ ਤਾਪਮਾਨ ਔਸਤ ਨਾਲੋਂ ਵੱਧ ਰਿਕਾਰਡ ਹੋ ਰਿਹਾ ਹੈ। ਸਮੁੰਦਰ ਦੀ ਉੱਪਰਲੀ ਸਤਹਿ ਦੇ ਪਾਣੀ ਦਾ ਤਾਪਮਾਨ ਵਧਣ ਕਾਰਨ ਤੱਟਵਰਤੀ ਖੇਤਰਾਂ ਵਿੱਚ ਗਰਮ ਲਹਿਰਾਂ ਦੀ ਅਗੇਤੀ ਆਮਦ ਅਤੇ ਆਮਦ ਦੇ ਦਿਨਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਸਮੁੰਦਰੀ ਜਲ ਪੱਧਰ ਦਾ ਉੱਚਾ ਹੋਣਾ, ਚੱਕਰਵਾਤਾਂ ਦੀ ਗਿਣਤੀ ਤੇ ਇਨ੍ਹਾਂ ਦੀ ਮਾਰ ਵਿੱਚ ਵਾਧਾ ਹੋਣਾ, ਸਮੁੰਦਰਾਂ ਵਿੱਚ ਗਰਮ ਲਹਿਰਾਂ ਦੀ ਆਮਦ ਦਾ ਵਧਣਾ ਆਦਿ ਵੀ ਸਮੁੰਦਰ ਦੇ ਤਾਪਮਾਨ ਨਾਲ ਸਿੱਧੇ ਤੌਰ 'ਤੇ ਸਬੰਧਿਤ ਹਨ। ਭਾਰਤ ਦੀ ਲਗਭਗ 40 ਫ਼ੀਸਦ ਆਬਾਦੀ ਤੱਟਵਰਤੀ ਖੇਤਰਾਂ ਵਿੱਚ ਵਸੀ ਹੋਈ ਹੈ। ਸਮੁੰਦਰ ਦਾ ਜਲ ਪੱਧਰ ਉੱਚਾ ਹੋਣ ਕਾਰਨ ਇਨ੍ਹਾਂ ਲੋਕਾਂ ਦੇ ਘਰ ਅਤੇ ਜ਼ਮੀਨਾਂ ਸਮੁੰਦਰ ਵਿੱਚ ਸਮਾਉਣ ਨਾਲ ਸਰਕਾਰ ਨੂੰ ਇਨ੍ਹਾਂ ਲੋਕਾਂ ਦੇ ਮੁੜ-ਵਸੇਬੇ ਲਈ ਇੰਤਜ਼ਾਮ ਕਰਨਾ ਪਵੇਗਾ।2011 ਵਿੱਚ ਕੇਂਦਰ ਸਰਕਾਰ ਦੀ ਬਣਾਈ ਗਾਡਗਿਲ ਕਮੇਟੀ ਨੇ ਪੱਛਮੀ ਘਾਟਾਂ ਵਿੱਚ ਆਰਥਿਕ ਵਾਧੇ ਲਈ ਯੋਜਨਾਬੰਦੀ ਬਣਾਉਣ ਲਈ ਰਿਪੋਰਟ ਤਿਆਰ ਕੀਤੀ ਸੀ। ਕਮੇਟੀ ਨੇ ਪੱਛਮੀ ਘਾਟਾਂ ਦੇ 87.5 ਫ਼ੀਸਦ ਖੇਤਰ ਨੂੰ ਵਾਤਾਵਰਨ ਸੰਵੇਦਨਸ਼ੀਲ ਖੇਤਰ ਐਲਾਨਿਆ ਸੀ ਜਿੱਥੇ ਆਰਥਿਕ ਵਿਕਾਸ ਕਾਰਜਾਂ 'ਤੇ 52 ਤਰ੍ਹਾਂ ਦੀਆਂ ਬੰਦਸ਼ਾਂ ਲਗਾਈਆਂ ਸਨ। ਇਸ ਰਿਪੋਰਟ ਨੂੰ ਕੇਂਦਰ ਅਤੇ ਰਾਜ ਸਰਕਾਰਾਂ, ਦੋਹਾਂ ਨੇ ਨਕਾਰ ਦਿੱਤਾ ਸੀ। ਇਸ ਖੇਤਰ ਵਿੱਚ ਆਰਥਿਕ ਵਿਕਸਾ ਵਾਲੀਆਂ ਕਾਰਗੁਜ਼ਾਰੀਆਂ ਬਿਨਾਂ ਰੋਕ-ਟੋਕ ਜਾਰੀ ਹਨ। ਆਮ ਲੋਕ ਅਜਿਹੇ ਆਰਥਿਕ ਵਿਕਾਸ ਦਾ ਨੁਕਸਾਨ ਕੁਦਰਤੀ ਆਫ਼ਤਾਂ ਤੋਂ ਬਾਅਦ ਹਰ ਸਾਲ ਭੁਗਤਦੇ ਹਨ। 2024 ਵਿੱਚ ਕੇਰਲ ਦੇ ਵਾਇਨਾਡ ਵਿੱਚ ਹੋਈ ਤਰਾਸਦੀ ਇਸ ਦਾ ਪੁਖਤਾ ਸਬੂਤ ਹੈ।ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਭਾਰਤ ਦੇ ਹਰ ਖੇਤਰ ਦਾ ਵਿਕਾਸ ਭੂਗੋਲਿਕ ਸਥਿਤੀ ਅਨੁਸਾਰ ਕਰਨ। ਪਹਾੜੀ ਖੇਤਰਾਂ ਨੂੰ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬਚਾਉਣ ਲਈ ਸੜਕਾਂ ਦੀ ਚੌੜਾਈ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਵਿੱਚ ਉੱਥੋਂ ਦੀ ਸਮਰੱਥਾ ਅਨੁਸਾਰ ਹੋਣੀ ਚਾਹੀਦੀ ਹੈ। ਦੱਖਣੀ ਰਾਜਾਂ ਵਿੱਚ ਗਾਡਗਿਲ ਕਮੇਟੀ ਦੀਆਂ ਸਿਫ਼ਾਰਸਾਂ ਅਨੁਸਾਰ ਵਿਕਾਸ ਯੋਜਨਾਵਾਂ ਬਣਾਈਆਂ ਜਾਣ। ਇਸ ਦੇ ਨਾਲ-ਨਾਲ ਜੰਗਲਾਂ ਥੱਲੇ ਰਕਬਾ ਵਧਾ ਕੇ 33 ਫ਼ੀਸਦ ਕਰਨ ਦਾ ਉਪਰਾਲਾ ਸੰਜੀਦਗੀ ਨਾਲ ਕਰਨਾ ਬਣਦਾ ਹੈ।

-ਡਾ. ਗੁਰਿੰਦਰ ਕੌਰ

# ਭਾਰਤ-ਪਾਕਿਸਤਾਨ: ਕੀ ਬਦਲਿਆ, ਕੀ ਨਹੀਂ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨਾਲ ਕੀਤਾ ਆਪਣਾ ਵਾਅਦਾ ਕਾਇਮ ਰੱਖਿਆ ਅਤੇ ਪੰਜਾਬ ਸੂਬੇ ਦੇ ਤਿੰਨ ਅਤੇ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ ਵਿੱਚ ਛੇ ਦਹਿਸ਼ਤਗਰਦ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਪਾਕਿਸਤਾਨ ਖ਼ਿਲਾਫ਼ ਬਦਲੇ ਦੀ ਕਾਰਵਾਈ ਕਰਨ ਦੇ ਆਪਣੇ ਅਹਿਦ ਦੀ ਨੁਮਾਇਸ਼ ਕੀਤੀ। 1971 ਦੀ ਜੰਗ ਤੋਂ ਬਾਅਦ ਪਹਿਲੀ ਵਾਰ ਭਾਰਤ ਨੇ ਪਾਕਿਸਤਾਨ ਦੇ ਧੁਰ ਅੰਦਰ ਹਮਲੇ ਕੀਤੇ ਹਨ। 1971 ਅਤੇ ਫਿਰ 1999 ਦੀ ਕਾਰਗਿਲ ਜੰਗ ਵਿੱਚ ਹਾਰ ਜਿੱਤ ਦਾ ਨਿਤਾਰਾ ਹੋ ਗਿਆ ਸੀ; ਐਤਕੀਂ ਇਸ ਟਕਰਾਅ ਦੇ ਨਤੀਜੇ ਓਨੇ ਸਾਫ਼ ਨਜ਼ਰ ਨਹੀਂ ਆ ਰਹੇ; ਕਾਫ਼ੀ ਕੁਝ ਕੁ-ਪ੍ਰਚਾਰ ਦੀ ਧੁੰਦ ਅਤੇ ਦੋਵੇਂ ਪਾਸੀਂ ਪਸਰੀ ਸੁੰਨ 'ਚੋਂ ਨਿਖੇੜ ਕੇ ਦੇਖਣਾ ਪੈਣਾ ਹੈ। ਵੱਧ ਤੋਂ ਵੱਧ ਇਸ ਬਾਬਤ ਇਹੀ ਕਿਹਾ ਜਾ ਸਕਦਾ ਹੈ ਕਿ ਇਹ ਇੱਕ ਤਰ੍ਹਾਂ ਦੀ ਖੜੋਤ ਹੈ।10 ਮਈ ਨੂੰ ਗੋਲੀਬੰਦੀ ਦਾ ਐਲਾਨ ਕਰ ਦਿੱਤਾ ਗਿਆ। ਸਰਕਾਰ ਨੇ ਆਖਿਆ ਕਿ 100 ਦਹਿਸ਼ਤਗਰਦ ਮਾਰੇ ਗਏ ਹਨ। ਲਗਦਾ ਹੈ ਕਿ ਸਭ ਤੋਂ ਵੱਡਾ ਨਿਸ਼ਾਨਾ ਬਹਾਵਲਪੁਰ ਵਿੱਚ ਜੈਸ਼-ਏ-ਮੁਹੰਮਦ ਦਾ ਮਰਕਜ਼ ਸੁਬਹਾਨਅੱਲ੍ਹਾ ਸੀ ਜਿਸ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਹੈ; ਇਸੇ ਤਰ੍ਹਾਂ ਮੁਰੀਦਕੇ ਵਿੱਚ ਲਸ਼ਕਰ-ਏ-ਤਇਬਾ ਦਾ ਸਦਰ ਮੁਕਾਮ ਸ਼ਾਮਿਲ ਸੀ। ਬਹਾਵਲਪੁਰ ਅਤੇ ਮੁਰੀਦਕੇ ਵਿੱਚ ਜਨਾਜ਼ਿਆਂ ਵਿੱਚ ਪਾਕਿਸਤਾਨੀ ਫ਼ੌਜ ਦੀ ਹਾਜ਼ਰੀ ਤੋਂ ਪੁਸ਼ਟੀ ਹੁੰਦੀ ਹੈ ਕਿ ਇਨ੍ਹਾਂ ਗਰੁੱਪਾਂ ਅਤੇ ਪਾਕਿਸਤਾਨੀ ਰਿਆਸਤ/ਸਟੇਟ ਵਿਚਕਾਰ ਦਿਨ ਵਾਂਗ ਬਹੁਤਾ ਕੁਝ ਸਾਫ਼ ਨਹੀਂ ਹੈ।ਬਹਰਹਾਲ, ਇਨ੍ਹਾਂ ਜਥੇਬੰਦੀਆਂ ਦਾ ਨੁਕਸਾਨ ਸਥਾਈ ਨਹੀਂ; ਨਾ ਹੀ ਇਨ੍ਹਾਂ ਹਮਲਿਆਂ ਕਰ ਕੇ ਪਾਕਿਸਤਾਨੀ ਨਿਜ਼ਾਮ ਕਸ਼ਮੀਰ ਅਤੇ ਹੋਰ ਥਾਈਂ ਭਾਰਤ ਨੂੰ ਪੱਛ ਲਾਉਣ ਲਈ ਦਹਿਸ਼ਤਗਰਦ ਪ੍ਰੌਕਸੀਆਂ ਦੀ ਵਰਤੋਂ ਕਰਨ ਦੀ ਨੀਤੀ ਬਾਰੇ ਮੁੜ ਵਿਚਾਰ ਕਰਨ ਲਈ ਮਜਬੂਰ ਹੋ ਸਕੇਗਾ। ਇਸ ਲਈ ਭਰੋਸੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਨ੍ਹਾਂ ਹਮਲਿਆਂ ਨੇ ਯਕੀਨੀ ਬਣਾ ਦਿੱਤਾ ਹੈ ਕਿ ਪਾਕਿਸਤਾਨੀ ਸਰਜ਼ਮੀਂ ਤੋਂ ਭਾਰਤ ਖ਼ਿਲਾਫ਼ ਕੋਈ ਹੋਰ ਹਮਲਾ ਨਹੀਂ ਹੋਵੇਗਾ। ਇਹ ਬੇਯਕੀਨੀ ਸਰਕਾਰ ਦੇ ਇਸ ਐਲਾਨ 'ਚੋਂ ਵੀ ਬਿਆਨ ਹੁੰਦੀ ਹੈ ਕਿ ਭਵਿੱਖ ਵਿੱਚ ਦਹਿਸ਼ਤਗਰਦੀ ਦੀ ਕਿਸੇ ਵੀ ਕਾਰਵਾਈ ਨੂੰ ਜੰਗ ਦਾ ਕਦਮ ਮੰਨਿਆ ਜਾਵੇਗਾ। 2016 ਦੀ ਸਰਜੀਕਲ ਸਟ੍ਰਾਈਕ ਅਤੇ 2019 ਦੇ ਬਾਲਾਕੋਟ ਹਮਲੇ ਦੇ ਮੁਕਾਬਲੇ 7 ਮਈ ਦੀ ਕਾਰਵਾਈ ਦਾ ਪੈਮਾਨਾ ਕਾਫ਼ੀ ਵੱਡਾ ਸੀ ਅਤੇ ਨਿਸ਼ਾਨਿਆਂ ਦਾ ਦਾਇਰਾ ਵੀ ਵਸੀਹ ਸੀ ਪਰ ਜਿੱਥੋਂ ਤੱਕ ਇਸ ਦੇ ਡਰਾਵੇ ਦਾ ਤਾਅਲੁਕ ਹੈ, ਇਸ ਨੂੰ ਉਦੋਂ ਤੱਕ 'ਜਾਣੇ ਅਣਜਾਣੇ' ਵਰਗ ਵਿੱਚ ਰੱਖਣਾ ਪਵੇਗਾ ਜਦੋਂ ਤੱਕ ਖ਼ਾਸ ਤੌਰ 'ਤੇ ਭਾਰਤ ਉੱਪਰ ਫੋਕਸ ਰੱਖਣ ਵਾਲੇ ਦਹਿਸ਼ਤਗਰਦ ਗਰੁੱਪ ਪਾਕਿਸਤਾਨੀ ਸਰਜ਼ਮੀਂ ਤੋਂ ਕਾਰਵਾਈ ਕਰਦੇ ਰਹਿੰਦੇ ਹਨ। ਫ਼ੌਜੀ ਮੁਹਾਜ਼ 'ਤੇ ਇਸ ਦੇ ਫ਼ਾਇਦੇ ਤੇ ਨੁਕਸਾਨ ਬਾਰੇ ਵਧੇਰੇ ਸਪੱਸ਼ਟਤਾ ਸਮਾਂ ਪਾ ਕੇ ਹੀ ਆ ਸਕੇਗੀ। ਜਿਵੇਂ ਹੀ ਫ਼ੌਜੀ ਟਕਰਾਅ ਵਧਿਆ ਤਾਂ 7, 8 ਤੇ 9 ਮਈ ਨੂੰ ਪਾਕਿਸਤਾਨ ਦੇ ਦਾਗ਼ੇ ਡਰੋਨਾਂ ਦੀਆਂ ਡਾਰਾਂ ਦਾ ਟਾਕਰਾ ਕਰਨ ਅਤੇ ਸਿਵਲੀਅਨ ਤੇ ਫ਼ੌਜੀ ਟਿਕਾਣਿਆਂ ਦੀ ਰਾਖੀ ਲਈ ਭਾਰਤ ਦੀ ਕਾਬਲੀਅਤ ਨਾਟਕੀ ਢੰਗ ਨਾਲ ਟੈਲੀਵਿਜ਼ਨ ਸਕਰੀਨਾਂ 'ਤੇ ਸਾਹਮਣੇ ਆਈ। ਭਾਰਤ ਨੇ ਰਾਵਲਪਿੰਡੀ ਵਿੱਚ ਰਣਨੀਤਕ ਤੌਰ 'ਤੇ ਅਹਿਮ ਚਕਲਾਲਾ ਏਅਰਬੇਸ ਅਤੇ ਹੋਰ ਹਵਾਈ ਅੱਡਿਆਂ 'ਤੇ ਵੀ ਮਾਰ ਕੀਤੀ। ਪਾਕਿਸਤਾਨ ਦੀ ਮਿਲਟਰੀ ਹੈੱਡਕੁਆਰਟਰਜ਼ ਐਂਡ ਸਟ੍ਰੈਟਜਿਕ ਪਲੈਨਜ਼ ਡਿਵੀਜ਼ਨ ਵੀ ਰਾਵਲਪਿੰਡੀ ਵਿੱਚ ਹੀ ਮੌਜੂਦ ਹਨ।ਹਾਲ ਦੀ ਘੜੀ, ਏਅਰ ਮਾਰਸ਼ਲ ਏਕੇ ਭਾਰਤੀ ਜੋ ਹਵਾਈ ਸੈਨਾ ਦੇ ਡਾਇਰੈਕਟਰ ਜਨਰਲ ਆਫ ਅਪਰੇਸ਼ਨਜ਼ ਹਨ, ਵੱਲੋਂ ਪੰਜਾਬ ਵਿੱਚ ਬਠਿੰਡਾ ਤੇ ਕਸ਼ਮੀਰ ਵਾਦੀ ਵਿੱਚ ਪਾਂਪੋਰ ਵਿੱਚ 7 ਮਈ ਦੀ ਸਵੇਰ ਨੂੰ ਦੇਖੇ ਮਲਬੇ ਅਤੇ ਪਾਕਿਸਤਾਨੀ ਧਿਰ ਵੱਲੋਂ ਕੀਤੇ ਇਸ ਦਾਅਵੇ ਕਿ ਉਸ ਦੀ ਹਵਾਈ ਫ਼ੌਜ ਨੇ 5 ਜਹਾਜ਼ ਸੁੱਟ ਲਏ ਸਨ, ਦੇ ਜਵਾਬ ਵਿੱਚ ਜਾਰੀ ਬਿਆਨ ਵਿੱਚ ਇਹ ਕਹਿਣਾ ਕਿ "ਲੜਾਈ ਵਿੱਚ ਨੁਕਸਾਨ ਤਾਂ ਹੁੰਦਾ ਹੈ ਹੀ" ਕੁਝ ਭਾਰਤੀ ਲੜਾਕੂ ਜਹਾਜ਼ਾਂ ਦੇ ਦੱਸੇ ਨੁਕਸਾਨ ਨੂੰ ਟੇਢੇ ਢੰਗ ਨਾਲ ਪ੍ਰਵਾਨ ਕਰਦਾ ਜਾਪਦਾ ਹੈ।ਬਹੁਤ ਸਾਰੀਆਂ ਭਰੋਸੇਮੰਦ ਕੌਮਾਂਤਰੀ ਮੀਡੀਆ ਸੰਸਥਾਵਾਂ ਵੱਲੋਂ ਕੁਝ ਪੱਛਮੀ ਅਹਿਲਕਾਰਾਂ ਦੇ ਹਵਾਲੇ ਨਾਲ ਇਹ ਦਾਅਵਾ (ਭਾਰਤੀ ਲੜਾਕੂ ਜਹਾਜ਼ ਡੇਗਣ) ਕੀਤਾ ਜਾਂਦਾ ਰਿਹਾ ਹੈ। ਲੜਾਈ ਦੇ ਮੈਦਾਨ ਵਿੱਚ ਪਾਕਿਸਤਾਨ ਨੂੰ ਚੀਨ ਦੀ ਮਦਦ ਦਾ ਫ਼ਾਇਦਾ ਮਿਲਿਆ ਹੈ ਅਤੇ ਹੁਣ ਇਹ ਦੇਖਣਾ ਬਾਕੀ ਹੈ ਕਿ ਅਗਲੇ ਕੁਝ ਮਹੀਨਿਆਂ ਦੌਰਾਨ ਚੀਨ ਨਾਲ ਆਪਣੇ ਸਬੰਧ ਆਮ ਵਰਗੇ ਬਣਾਉਣ ਦੀ ਦਿੱਲੀ ਦੀ ਚਾਰਾਜੋਈ ਉੱਪਰ ਇਸ ਦਾ ਕੀ ਪ੍ਰਭਾਵ ਪੈਂਦਾ ਹੈ। ਭਾਰਤ ਨੂੰ ਚੀਨ ਖ਼ਿਲਾਫ਼ ਖੇਡਦੇ ਤੱਕਦੇ ਰਹਿੰਦੇ ਇਸ ਦੇ ਗੁਆਂਢੀ ਤਾਂ ਇਨ੍ਹਾਂ ਚਾਰ ਦਿਨਾਂ ਤੋਂ ਆਪੋ-ਆਪਣੇ ਸੰਦੇਸ਼ ਲੈ ਚੁੱਕੇ ਹੋਣਗੇ। ਵਿਆਪਕ ਕੂਟਨੀਤਕ ਅਖਾੜੇ 'ਚ ਅਜਿਹੇ ਕਈ ਕਾਰਨ ਹਨ ਜਿਨ੍ਹਾਂ 'ਚੋਂ ਇੱਕ ਜਿਹੜਾ ਭਾਰਤ-ਅਮਰੀਕਾ ਰਿਸ਼ਤੇ ਨੂੰ ਸਹਾਰਾ ਦੇ ਰਿਹਾ ਹੈ ਤੇ ਕੁਆਡ ਦੇ ਮੈਂਬਰ ਵਜੋਂ ਭਾਰਤ ਦੀ ਅਹਿਮੀਅਤ ਨੂੰ ਵੀ ਮਜ਼ਬੂਤ ਕਰ ਰਿਹਾ ਹੈ, ਉਹ ਹੈ ਹਿੰਦ ਮਹਾਸਾਗਰ ਖੇਤਰ ਵਿੱਚ ਚੀਨ ਦੇ ਮੁਕਾਬਲੇ ਇਸ ਦੀ ਭੂਮਿਕਾ। ਤਾਇਵਾਨ ਤੋਂ ਟੋਕੀਓ, ਕੈਨਬਰਾ ਤੋਂ ਵਾਸ਼ਿੰਗਟਨ ਤੱਕ, ਭਾਰਤ ਪਾਕਿਸਤਾਨ ਦੀ ਇਸ ਟੱਕਰ ਨੂੰ ਏਸ਼ੀਆ-ਪ੍ਰਸ਼ਾਂਤ ਖੇਤਰ 'ਚ ਵਿਆਪਕ ਅਸਰਾਂ ਦੇ ਪੱਖ ਤੋਂ ਵਾਚਿਆ ਜਾ ਰਿਹਾ ਹੈ। ਪੱਛਮ ਵਿੱਚ ਭਾਰਤ ਦੇ ਕਈ ਦੋਸਤਾਂ ਨੇ ਪਾਕਿਸਤਾਨ ਨਾਲ ਸੰਜਮ ਵਰਤਣ ਅਤੇ ਵਾਰਤਾ ਦੀ ਸਲਾਹ ਦਿੱਤੀ ਪਰ ਪਾਕਿਸਤਾਨ ਦੀ ਅਤਿਵਾਦ ਨੂੰ ਸਹਾਰਾ ਦੇਣ ਲਈ ਨਿਖੇਧੀ ਨਹੀਂ ਕੀਤੀ। ਭਾਰਤ ਦੀ ਆਈਐੱਮਐੱਫ ਨੂੰ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਬਣਾਉਣ ਦੀ ਕੋਸ਼ਿਸ਼ ਨਾਕਾਮ ਹੋਈ ਜਿਸ ਦਾ ਉਦੇਸ਼ ਸੀ ਕਿ ਪਾਕਿਸਤਾਨ ਨੂੰ ਕਰਜ਼ੇ ਦੀ ਕਿਸ਼ਤ ਨਾ ਮਿਲੇ। ਦਹਿਸ਼ਤੀ ਹਮਲੇ ਤੋਂ ਬਾਅਦ ਭਾਰਤ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਅਮਰੀਕਾ ਵੱਲੋਂ ਦਿੱਤਾ ਬਿਆਨ ਦੋ ਅਰਥੀ ਬਣ ਗਿਆ। ਜਿਵੇਂ ਹੀ ਟਕਰਾਅ ਆਰੰਭ ਹੋਇਆ, ਅਮਰੀਕਾ ਨੇ ਸ਼ੁਰੂ 'ਚ "ਇਸ ਨਾਲ ਸਾਡਾ ਕੋਈ ਲੈਣਾ-ਦੇਣਾ ਨਹੀਂ" ਕਹਿ ਕੇ ਹੱਥ ਝਾੜ ਲਏ; ਤੇ ਘੰਟਿਆਂ ਵਿੱਚ ਹੀ ਪਹੁੰਚ ਬਦਲ ਕੇ ਸਿੱਧੀ "ਵਿਚੋਲਗੀ" ਤੱਕ ਪਹੁੰਚ ਗਈ। ਕੁਝ ਰਿਪੋਰਟਾਂ ਮੁਤਾਬਿਕ, ਭਾਰਤ ਦਾ ਚਕਲਾਲਾ 'ਤੇ ਹਮਲਾ ਅਹਿਮ ਮੋੜ ਸੀ। ਕੁਝ ਹੋਰ ਰਿਪੋਰਟਾਂ ਪਾਕਿਸਤਾਨ ਵੱਲੋਂ ਆਪਣੇ ਪਰਮਾਣੂ ਹਥਿਆਰ ਕੱਢਣ ਦੀ ਤਿਆਰੀ ਦਾ ਇਸ਼ਾਰਾ ਕਰਨ ਬਾਰੇ ਦੱਸਦੀਆਂ ਹਨ। ਆਪਣੀ ਕਿਤਾਬ 'ਇੰਡੀਆਜ਼ ਪਾਕਿਸਤਾਨ ਕੋਨੰਡਰੱਮ, ਮੈਨੇਜਿੰਗ ਏ ਕੰਪਲੈਕਸ ਰਿਲੇਸ਼ਨਸ਼ਿਪ' ਵਿਚ ਸ਼ਰਤ ਸਭਰਵਾਲ, ਜੋ 26/11 ਤੋਂ ਬਾਅਦ ਦੇ ਮੁਸ਼ਕਿਲ ਵਰ੍ਹਿਆਂ 'ਚ ਪਾਕਿਸਤਾਨ ਵਿੱਚ ਹਾਈ ਕਮਿਸ਼ਨਰ ਸਨ, ਨੇ ਅਤੀਤ ਦੇ ਤਜਰਬਿਆਂ ਦੇ ਆਧਾਰ ਉੱਤੇ ਰਿਸ਼ਤਿਆਂ ਦੇ ਭਵਿੱਖ ਬਾਰੇ ਟਿੱਪਣੀਆਂ ਕੀਤੀਆਂ ਸਨ। "ਗੁਆਂਢੀਆਂ ਵਜੋਂ ਭਾਰਤ ਅਤੇ ਪਾਕਿਸਤਾਨ ਇੱਕ-ਦੂਜੇ ਨਾਲ ਗੱਲਬਾਤ ਬਿਨਾਂ ਨਹੀਂ ਰਹਿ ਸਕਦੇ। ਜਦੋਂ ਉਹ ਸਾਹਮਣੇ ਬੈਠ ਕੇ ਗੱਲ ਨਹੀਂ ਕਰ ਰਹੇ ਹੁੰਦੇ, ਉਦੋਂ ਉਹ ਅਕਸਰ ਬੰਦੂਕਾਂ ਰਾਹੀਂ ਗੱਲ ਕਰਦੇ ਹਨ। ਹਰ ਵਾਰ ਜਦੋਂ ਬੰਦੂਕਾਂ ਦਾ ਖੜਾਕ ਉੱਚਾ ਹੋਇਆ ਤਾਂ ਠੰਢ-ਠੰਢਾਅ ਕਰਨ ਲਈ ਤਾਕਤਵਰ ਮੁਲਕਾਂ ਨੂੰ ਦਖ਼ਲ ਦੇਣਾ ਪਿਆ।"ਇਸੇ ਤਰ੍ਹਾਂ ਕਾਰਗਿਲ ਜੰਗ ਠੰਢੀ ਹੋਈ ਸੀ ਤੇ 2019 ਦਾ ਟਕਰਾਅ ਵੀ ਇੰਝ ਹੀ ਹੱਲ ਹੋਇਆ; ਇਸੇ ਤਰੀਕੇ ਨਾਲ ਹੀ 10 ਮਈ ਦੁਪਹਿਰ ਤੋਂ ਬਾਅਦ ਦੋ ਗੁਆਂਢੀਆਂ ਵਿਚਾਲੇ ਤੇਜ਼ੀ ਨਾਲ ਵਧ ਰਿਹਾ ਟਕਰਾਅ ਖ਼ਤਮ ਕੀਤਾ ਗਿਆ। ਆਖ਼ਿਰ 'ਚ ਟਰੰਪ ਜੋ ਹਾਲ ਦੀ ਘੜੀ ਯੂਕਰੇਨ ਨਾਲ ਰੂਸ ਦੀ ਜੰਗ ਖ਼ਤਮ ਕਰਾਉਣ ਦੇ ਆਪਣੇ ਯਤਨਾਂ 'ਚ ਸਫਲ ਨਹੀਂ ਹੋ ਸਕੇ, ਨੇ ਸਭ ਤੋਂ ਪਹਿਲਾਂ 'ਟਰੁੱਥ ਸੋਸ਼ਲ' ਅਤੇ ਪੋਸਟ ਰਾਹੀਂ ਗੋਲੀਬੰਦੀ ਦਾ ਐਲਾਨ ਕੀਤਾ ਤੇ ਆਪਣੀ ਭੂਮਿਕਾ ਬਾਰੇ ਵੀ ਦੱਸਿਆ। ਚੰਗੀ ਪਹਿਲ ਵਜੋਂ ਅਮਰੀਕੀ ਰਾਸ਼ਟਰਪਤੀ ਨੇ ਕਸ਼ਮੀਰ ਮੁੱਦੇ ਦਾ ਹੱਲ ਕਰਾਉਣ ਲਈ ਮਦਦ ਦੀ ਪੇਸ਼ਕਸ਼ ਦਾ ਪ੍ਰਸਤਾਵ ਵੀ ਰੱਖਿਆ।ਜੇ ਪਾਕਿਸਤਾਨ ਦਾ ਇਰਾਦਾ ਕਸ਼ਮੀਰ ਵੱਲ ਕੌਮਾਂਤਰੀ ਧਿਆਨ ਖਿੱਚਣਾ ਸੀ ਤਾਂ ਪਿਛਲੇ ਹਫ਼ਤੇ ਦੀ ਲੜਾਈ ਰਾਹੀਂ ਉਹ ਇਸ ਵਿੱਚ ਸਫਲ ਰਿਹਾ ਹੈ। ਪਾਕਿਸਤਾਨ ਤੋਂ ਖ਼ੁਦ ਨੂੰ ਵੱਖਰਾ ਕਰ ਕੇ ਦੇਖਣ ਦੇ ਦਿੱਲੀ ਦੇ ਸਾਲਾਂ ਦੇ ਕੂਟਨੀਤਕ ਯਤਨਾਂ ਨੂੰ ਇਸ ਨੇ ਪੁੱਠਾ ਗੇੜਾ ਦੇ ਦਿੱਤਾ ਹੈ, ਖ਼ਾਸ ਤੌਰ 'ਤੇ ਜੰਮੂ ਕਸ਼ਮੀਰ ਵਿੱਚ ਸੰਵਿਧਾਨਕ ਤਬਦੀਲੀਆਂ ਅਤੇ 'ਵਿਸ਼ੇਸ਼ ਦਰਜੇ' ਦੇ ਖਾਤਮੇ ਤੋਂ ਬਾਅਦ ਭਾਰਤ ਬਿਲਕੁਲ ਵੱਖਰੇ ਤੌਰ 'ਤੇ ਵਿਚਰ ਰਿਹਾ ਸੀ। ਭਾਰਤ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਭੂਮਿਕਾ ਤੋਂ ਇਨਕਾਰ ਕੀਤਾ ਹੈ ਜਦੋਂਕਿ ਪਾਕਿਸਤਾਨ ਨੇ ਟਰੰਪ ਦੀ ਪ੍ਰਸ਼ੰਸਾ ਕੀਤੀ ਹੈ।ਦਿੱਲੀ ਦਾ ਐਲਾਨਨਾਮਾ ਕਿ ਹਰ ਦਹਿਸ਼ਤੀ ਕਾਰਵਾਈ ਨੂੰ ਹੁਣ ਤੋਂ ਜੰਗ ਲਾਉਣ ਵਰਗਾ ਸਮਝਿਆ ਜਾਵੇਗਾ, ਨੂੰ 'ਨਵੀਂ ਤਰਜ' ਦੱਸਿਆ ਜਾ ਰਿਹਾ ਹੈ। ਇਹ ਸ਼ਾਇਦ ਭਾਰਤ ਵਿਚ ਮੋਦੀ ਦੀਆਂ ਰਵਾਇਤੀ ਸਫ਼ਾਂ ਵਿੱਚ ਗੁੱਸੇ ਨੂੰ ਥੋੜ੍ਹਾ ਠੰਢਾ ਕਰੇਗਾ ਜੋ ਭਾਰਤ ਦੇ ਗੋਲੀਬੰਦੀ ਲਈ 'ਸਹਿਮਤ' ਹੋਣ ਉੱਤੇ ਖਿਝੀਆਂ ਹੋਈਆਂ ਹਨ- ਜਿਵੇਂ ਇਕ ਟਿੱਪਣੀਕਾਰ ਨੇ ਇਸ ਨੂੰ 'ਜਿੱਤ ਦੇ ਜਬਾੜੇ ਵਿੱਚੋਂ ਹਾਰ ਖੋਹਣ ਦੇ ਬਰਾਬਰ' ਬਿਆਨਿਆ ਸੀ। ਸਰਕਾਰ ਨੇ ਇਨ੍ਹਾਂ ਹਲਕਿਆਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਗੋਲੀਬੰਦੀ ਤੋਂ ਬਾਅਦ ਕੋਈ ਸ਼ਾਂਤੀ ਵਾਰਤਾ ਨਹੀਂ ਹੋਵੇਗੀ ਤੇ ਸਿੰਧ ਜਲ ਸੰਧੀ ਮੁਅੱਤਲ ਰਹੇਗੀ ਪਰ ਅਖੌਤੀ 'ਨਵੀਂ ਤਰਜ' ਵਿਹਾਰ ਵਿੱਚ ਹੰਢਣਸਾਰ ਨਹੀਂ ਹੈ।ਅਗਲੀ ਵਾਰ ਦਿੱਲੀ ਦੇ ਦੋਸਤ ਇਸ ਘਟਨਾਕ੍ਰਮ ਵਿਚ, ਟਕਰਾਅ ਕਾਬੂ ਕਰਨ 'ਚ ਭਾਰਤ ਦੀ ਅਸਮਰੱਥਾ ਤੋਂ ਚਿੰਤਤ ਹੁੰਦਿਆਂ, ਭਾਰਤੀ ਹੱਲੇ ਤੋਂ ਪਹਿਲਾਂ ਪਾਕਿਸਤਾਨ ਦੀ ਸ਼ਮੂਲੀਅਤ ਦੇ ਠੋਸ ਸਬੂਤ ਦੇਖਣਾ ਚਾਹੁਣਗੇ ਪਰ ਕਿਸੇ ਘਟਨਾ ਨੂੰ 'ਜੰਗ ਦਾ ਕਦਮ' ਐਲਾਨਣ ਦਾ ਅਸਲੀ ਜੋਖ਼ਿਮ ਇਹ ਹੈ ਕਿ ਇਸ ਨਾਲ ਭਾਰਤ-ਪਾਕਿਸਤਾਨ ਦਾ ਟਕਰਾਅ ਭੜਕਾਉਣ ਦੀ ਚਾਬੀ ਵਿਰੋਧੀ ਦੇ ਹੱਥ ਵਿੱਚ ਚਲੀ ਜਾਂਦੀ ਹੈ।

ਨਿਰੂਪਮਾ ਸੁਬਰਾਮਣੀਅਨ

## ਕਿੱਥੇ ਗਏ ਚਿੱਟੀਆਂ ਘੁੱਗੀਆਂ ਵਾਲੇ ਅਸਮਾਨੀ ਝੰਡੇ?

ਇਹ ਅਮਨ ਦੇ ਸੰਘਰਸ਼ਾਂ ਦੇ ਝੰਡਿਆਂ ਦੇ ਨਿਸ਼ਾਨ ਹਨ ਜੋ ਹੁਣ ਕਿਧਰੇ ਵੀ ਝੁੱਲਦੇ ਤੇ ਲਲਕਾਰੇ ਮਾਰਦੇ ਦਿਖਾਈ ਨਹੀਂ ਦਿੰਦੇ। ਕਦੇ ਕੌਮਾਂਤਰੀ ਅਮਨ ਸੰਸਥਾ ਹੁੰਦੀ ਸੀ ਜਿਸ ਦੇ ਅਹੁਦੇਦਾਰ ਆਮ ਤੌਰ 'ਤੇ ਸੋਵੀਅਤ ਪੱਖੀ ਹੁੰਦੇ ਸਨ। ਇਸ ਸੰਸਥਾ ਦੀਆਂ ਕਾਨਫਰੰਸਾਂ ਵਿਚ ਖੁੱਲ੍ਹੇ ਅਸਮਾਨ ਵਿਚ ਚਿੱਟੀਆਂ ਘੁੱਗੀਆਂ ਤੇ ਕਬੂਤਰ ਛੱਡੇ ਜਾਂਦੇ ਸਨ। ਇਹ ਇਸ ਗੱਲ ਦਾ ਪ੍ਰਤੀਕ ਸੀ ਕਿ ਅਸੀਂ ਆਪਣੇ ਆਸਮਾਨਾਂ ਨੂੰ ਬੰਬਾਂ ਤੇ ਗੋਲਿਆਂ ਤੋਂ ਮੁਕਤ ਰੱਖੀਏ ਤਾਂ ਜੋ ਇਹ ਪੰਛੀ ਆਜ਼ਾਦੀ ਨਾਲ ਬਿਨਾ ਕਿਸੇ ਖ਼ੌਫ਼ ਦੇ ਉਡਾਰੀ ਭਰ ਸਕਣ। ਅਸਮਾਨੀ ਝੰਡੇ ਉਪਰ ਚਿੱਟੀ ਘੁੱਗੀ ਦਾ ਨਿਸ਼ਾਨ ਵੀ ਇਸੇ ਦਾ ਪ੍ਰਤੀਕ ਸੀ। ਹਰ ਸਾਲ 6 ਅਗਸਤ ਨੂੰ ਹੀਰੋਸ਼ੀਮਾ ਨਾਗਾਸਾਕੀ ਦਿਵਸ ਮਨਾਇਆ ਜਾਂਦਾ ਸੀ। ਇਕ ਪੁਰਾਣੀ ਤਸਵੀਰ ਵਿਚ ਜਵਾਹਰ ਲਾਲ ਨਹਿਰੂ ਤੇ ਚਾਓ ਐਨ ਲਾਈ ਚਿੱਟੀਆਂ ਘੁੱਗੀਆਂ ਅਸਮਾਨ ਵਿਚ ਛੱਡਦੇ ਦਿਖਾਈ ਦਿੰਦੇ ਸਨ। ਕਈ ਵਾਰ ਵਿਦੇਸ਼ੀ ਮਹਿਮਾਨਾਂ ਦੀ ਆਮਦ ਉਪਰ ਉਨ੍ਹਾਂ ਦਾ ਸਵਾਗਤ ਇਸੇ ਰਸਮ ਨਾਲ ਕੀਤਾ ਜਾਂਦਾ ਸੀ। ਹੁਣ ਇਹ ਸਭ ਬੀਤੇ ਦੀਆਂ ਗੱਲਾਂ ਲਗਦੀਆਂ ਹਨ। ਸ਼ਾਇਦ ਹੁਣ ਅਮਨ ਦੀ ਜ਼ਰੂਰਤ ਨਹੀਂ ਰਹਿ ਗਈ, ਸਾਡੀਆਂ ਤਰਜੀਹਾਂ ਕੁਝ ਹੋਰ ਹੋ ਗਈਆਂ ਜਾਪਦੀਆਂ ਹਨ।ਅਮਨ ਕਾਨਫਰੰਸਾਂ ਵਿਚ ਆਮ ਹੀ ਇਹ ਮੰਗ ਉੱਠਦੀ ਸੀ ਕਿ ਦੁਨੀਆ ਦੇ ਸਾਰੇ ਦੇਸ਼ ਪਰਮਾਣੂ ਹਥਿਆਰ ਖ਼ਤਮ ਕਰਨ। ਜਿਤਨੀ ਦੇਰ ਇਹ ਹਥਿਆਰ ਮੁਕੰਮਲ ਤੌਰ 'ਤੇ ਖ਼ਤਮ ਨਹੀਂ ਕੀਤੇ ਜਾ ਸਕਦੇ, ਇਨ੍ਹਾਂ ਉਪਰ ਕੁਝ ਪਾਬੰਦੀਆਂ ਤੇ ਸੀਮਾ ਨਿਰਧਾਰਨ ਦੇ ਆਲਮੀ ਸਮਝੌਤੇ ਵੀ ਹੋਏ। ਇਨ੍ਹਾਂ ਸਮਝੌਤਿਅ ਦੀ ਹੁਣ ਕੋਈ ਵੁੱਕਤ ਨਹੀਂ ਰਹਿ ਗਈ। ਦੁੱਖ ਦੀ ਗੱਲ ਹੈ ਕਿ ਜਿਹੜੇ ਦੇਸ਼ ਦੁਨੀਆ ਭਰ ਵਿੱਚੋਂ ਪਰਮਾਣੂ ਹਥਿਆਰ ਖ਼ਤਮ ਕਰਨ ਦੀ ਲਹਿਰ ਦੇ ਮੋਹਰੀ ਸਨ, ਉਹ ਖੁਦ ਹੀ ਪਰਮਾਣੂ ਸ਼ਕਤੀਆਂ ਬਣ ਗਏ ਤੇ ਇਸ ਉਪਰ ਮਾਣ ਵੀ ਕਰ ਰਹੇ ਹਨ। ਜਦੋਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੋਖਰਾਨ ਵਿਚ ਪਹਿਲਾ ਪਰਮਾਣੂ ਧਮਾਕਾ ਕੀਤਾ ਤਾਂ ਇਹ ਇਕਰਾਰ ਵਾਰ-ਵਾਰ ਦੁਹਰਾਇਆ ਗਿਆ ਸੀ ਕਿ ਇਸ ਦਾ ਇਸਤੇਮਾਲ ਜੰਗੀ ਕਾਰਵਾਈਆਂ ਵਾਸਤੇ ਨਹੀਂ ਕੀਤਾ ਜਾਵੇਗਾ, ਇਹ ਸਿਰਫ਼ ਸਨਅਤੀ ਵਿਕਾਸ ਵਾਸਤੇ ਵਰਤੋਂ ਵਿਚ ਲਿਆਂਦਾ ਜਾਵੇਗਾ ਲੇਕਿਨ ਬਾਅਦ ਵਿਚ ਜਦੋਂ ਅਟਲ ਬਿਹਾਰੀ ਵਾਜਪਾਈ ਵੇਲੇ ਉਸੇ ਜਗ੍ਹਾ ਤਿੰਨ ਧਮਾਕੇ ਕੀਤੇ ਤਾਂ ਫਖ਼ਰ ਨਾਲ ਐਲਾਨ ਕੀਤਾ ਕਿ ਹੁਣ ਭਾਰਤ ਵੀ ਪਰਮਾਣੂ ਮਿਜ਼ਾਈਲ ਵਾਲਾ ਮੁਲਕ ਹੋਵੇਗਾ। ਤੁਰੰਤ ਬਾਅਦ ਪਾਕਿਸਤਾਨ ਨੇ ਪੰਜ ਧਮਾਕੇ ਕੀਤੇ। ਕਾਫੀ ਦੇਰ ਦੋਵੇਂ ਦੇਸ਼ ਇਕ ਦੂਜੇ ਨੂੰ ਇਸੇ ਕਰ ਕੇ ਦੂਰ ਰਹਿਣ ਦੀ ਗੱਲ ਕਰਦੇ ਸਨ ਕਿ ਉਹ ਹੁਣ ਦੋਵੇਂ ਪਰਮਾਣੂ ਹਥਿਆਰਾਂ ਵਾਲੇ ਮੁਲਕ ਹਨ।ਇਸ ਤੋਂ ਬਾਅਦ ਦੁਨੀਆ ਵਿਚ ਪਰਮਾਣੂ ਹਥਿਆਰ ਖ਼ਤਮ ਕਰਨ ਦਾ ਅੰਦੋਲਨ ਅਤੇ ਸੰਸਾਰ ਅਮਨ ਦਾ ਅੰਦੋਲਨ ਕਮਜ਼ੋਰ ਪੈ ਗਿਆ। ਅਹਿੰਸਾ ਪਰਮੋ ਧਰਮ ਦਾ ਨਾਅਰਾ ਦੇਣ ਵਾਲੇ ਅਹਿੰਸਾ ਦੇ ਪੂਜਕ ਮਹਾਤਮਾ ਗਾਂਧੀ ਨੂੰ ਬਾਪੂ ਮੰਨਣ ਵਾਲੇ ਦੇਸ਼ ਵਿਚ ਵੀ 26 ਜਨਵਰੀ ਦੀਆਂ ਪਰੇਡਾਂ ਵਿਚ ਭਾਰੀ ਜੰਗੀ ਹਥਿਆਰ ਤੇ ਵੱਖ-ਵੱਖ ਤਰ੍ਹਾਂ ਦੀਆਂ ਮਾਰੂ ਮਿਜ਼ਾਇਲਾਂ ਦੀਆਂ ਝਾਕੀਆਂ ਨਿਕਲਦੀਆਂ ਹਨ। ਹੋਰ ਦੇਸ਼ਾਂ ਵਿਚ ਵੀ ਇਸੇ ਤਰ੍ਹਾਂ ਹੁੰਦਾ ਹੈ। ਸ਼ਾਇਦ ਦੁਨੀਆ ਦੇ ਹਰ ਦੇਸ਼ ਨੂੰ ਆਪਣੇ ਮਾਰੂ ਹਥਿਆਰਾਂ ਉੱਪਰ ਹੀ ਸਭ ਤੋਂ ਵੱਧ ਮਾਣ ਹੋਵੇ ਜੋ ਵੱਡੀ-ਵੱਡੀ ਇਨਸਾਨੀ ਆਬਾਦੀ ਨੂੰ ਜਾਨੋਂ ਮਾਰ ਸਕਦੇ ਹਨ ਤੇ ਬਹੁਤ ਮਿਹਨਤਾਂ ਨਾਲ ਬਣਾਏ ਮਕਾਨ ਤੇ ਹੋਰ ਇਮਾਰਤਾਂ ਖੰਡਰ ਬਣਾ ਸਕਣ ਦੀ ਸਮਰੱਥਾ ਰੱਖਦੇ ਹਨ। ਪਤਾ ਨਹੀਂ ਕਦੋਂ ਤੱਕ ਦੁਨੀਆ ਵਿਚ ਇਹ ਪੁਰਾਣਾ ਦਸਤੂਰ ਚੱਲਦਾ ਰਹੇਗਾ ਜਿਸ ਵਿਚ ਆਏ ਮੁੱਖ ਵਿਦੇਸ਼ੀ ਮਹਿਮਾਨ ਦਾ ਸਵਾਗਤ ਬੰਦੂਕਾਂ ਵਾਲੇ ਸਿਪਾਹੀਆਂ ਦੀ ਪਰੇਡ ਨਾਲ ਹੁੰਦਾ ਹੈ।ਅਜਿਹਾ ਮਾਹੌਲ ਬਣ ਗਿਆ ਹੈ ਕਿ ਹਰ ਮੁਲਕ ਆਪਣੀ ਸੁਰੱਖਿਆ ਤੇ ਸਲਾਮਤੀ ਮਾਰੂ ਹਥਿਆਰਾਂ ਦੀ ਸਮਰੱਥਾ ਵਿਚ ਹੀ ਸਮਝਦਾ ਹੈ, ਦੂਜੇ ਦੇਸ਼ਾਂ ਨਾਲ ਦੋਸਤੀ ਤੇ ਚੰਗੇ ਸਬੰਧਾਂ ਵਿਚ ਨਹੀਂ। ਆਪਣੀ ਸੁਰੱਖਿਆ ਪੱਕੀ ਕਰਨ ਵਾਸਤੇ ਜਿਹੜਾ ਜ਼ੋਰ ਗੁਆਂਢੀ ਮੁਲਕਾਂ ਨਾਲ ਚੰਗੇ ਸਬੰਧ ਬਣਾਉਣ, ਝਗੜਿਆਂ ਦੇ ਗੱਲਬਾਤ, ਬਹਿਸਾਂ ਜਾਂ ਸਾਲਸੀ ਤਰੀਕਿਆਂ ਨਾਲ ਹੱਲ ਲੱਭਣ ਲਈ ਲਗਾਇਆ ਜਾਣਾ ਹੁੰਦਾ, ਉਹ ਫੌਜੀ ਸਾਜੋ-ਸਮਾਨ ਇਕੱਠਾ ਕਰਨ ਵਾਸਤੇ ਲਗਾਇਆ ਜਾਂਦਾ ਹੈ।ਦੱਸਿਆ ਜਾ ਰਿਹਾ ਹੈ ਕਿ ਭਾਰਤ ਵਿਚ ਸ਼ਸਤਰ ਪੂਜਾ ਦੀ ਰਿਵਾਇਤ ਰਹੀ ਹੈ। ਫਰਾਂਸ ਤੋਂ ਰਾਫੇਲ ਲੜਾਕੂ ਜਹਾਜ਼ ਖਰੀਦਣ ਵੇਲੇ ਸਾਡੇ ਰੱਖਿਆ ਮੰਤਰੀ ਉਥੇ ਗਏ ਤੇ ਜਹਾਜ਼ ਨਾਲ ਪੌੜੀ ਲਗਾ ਕੇ ਉਸ ਉਪਰ ਟਿੱਕਾ ਲਗਾਇਆ, ਕੁਝ ਮੰਤਰ ਵੀ ਉਚਾਰੇ। ਮੋਹਨ ਭਾਗਵਤ ਨੇ ਦੁਸਹਿਰੇ ਦੇ ਤਿਓਹਾਰ ਨੂੰ ਸ਼ਸਤਰ ਪੂਜਾ ਦਿਵਸ ਐਲਾਨਿਆ ਹੈ। ਹੁਣ ਤਾਂ ਇਵੇਂ ਲੱਗਦਾ ਜਿਵੇਂ ਸਾਰੀ ਦੁਨੀਆ ਵਿਚ ਹੀ ਸ਼ਸਤਰ ਪੂਜਾ ਹੁੰਦੀ ਹੈ। ਜਦੋਂ ਦੋ ਦੇਸ਼ਾਂ ਵਿਚ ਕੁਝ ਖੱਟਾਪਣ ਆ ਜਾਵੇ ਤਾਂ ਝਗੜੇ ਦੀ ਵਾਜਬੀਅਤ ਨਹੀਂ ਦੇਖੀ ਜਾਂਦੀ, ਬਸ ਮਾਰੂ ਜੰਗੀ ਸਾਮਾਨ ਦਾ ਲੇਖਾ ਜੋਖਾ ਸ਼ੁਰੂ ਹੋ ਜਾਂਦਾ ਹੈ। ਕੋਈ ਤੀਜਾ ਦੇਸ਼ ਜੇ ਮਦਦ ਕਰਨ ਦੀ ਸੋਚੇ ਤਾਂ ਉਹ ਵੀ ਹਥਿਆਰ ਭੇਜਣ ਦੀ ਹੀ ਗੱਲ ਕਰਦਾ ਹੈ; ਵਿਚ ਪੈ ਕੇ, ਦਲੀਲਾਂ ਸੁਣ ਕੇ ਮਸਲਾ ਹੱਲ ਕਰਵਾਉਣ ਦੀਆਂ ਕੋਸ਼ਿਸ਼ਾਂ ਦਾ ਜਿਵੇਂ ਰਿਵਾਜ ਹੀ ਖ਼ਤਮ ਹੋ ਗਿਆ ਹੈ।ਸਿਰਫ ਦੋ ਦੇਸ਼ਾਂ ਦੀ ਹੀ ਗੱਲ ਨਹੀਂ, ਕਿਸੇ ਇਕ ਦੇਸ਼ ਅੰਦਰਲਾ ਕੋਈ ਫਿਰਕਾ ਕਿਸੇ ਬੇਇਨਸਾਫ਼ੀ ਦਾ ਸ਼ਿਕਾਰ ਹੈ ਜਾਂ ਕੁਝ ਲੋਕ ਸਮਝਦੇ ਹੋਣ ਕਿ ਉਹ ਕਿਸੇ ਬੇਇਨਸਾਫ਼ੀ ਦੇ ਸ਼ਿਕਾਰ ਹਨ ਜਾਂ ਉਹ ਸਮਾਜ ਵਿਚ ਕੁਝ ਖਾਸ ਰਾਜਨੀਤਕ ਤੇ ਭੂਗੋਲਿਕ ਤਬਦੀਲੀ ਚਾਹੁੰਦੇ ਹਨ ਤਾਂ ਜਨਤਕ ਲਾਮਬੰਦੀ ਦੀ ਬਜਾਏ ਹਥਿਆਰਾਂ ਉਪਰ ਭਰੋਸਾ ਹੈ।

# ਸੀਪੀਆਈ (ਐੱਮਐੱਲ) ਲਿਬਰੇਸ਼ਨ ਵੱਲੋਂ ਸੂਬਾਈ ਕਨਵੈਨਸ਼ਨ ਕਰਵਾਉਣ ਦਾ ਫ਼ੈਸਲਾ

ਸ਼ੇਰਪੁਰ, 15 ਮਈ (ਪੱਤਰ ਪ੍ਰੇਰਕ)–ਸੀਪੀਆਈ (ਐੱਮਐੱਲ) ਲਿਬਰੇਸ਼ਨ ਨੇ ਭਾਰਤ-ਪਾਕਿਸਤਾਨ ਵਿਚਾਲੇ ਸਿਰਜੇ ਜਾ ਰਹੇ ਜੰਗੀ ਮਾਹੌਲ ਖ਼ਿਲਾਫ਼ ਜਲੰਧਰ ਵਿੱਚ 4 ਜੂਨ ਨੂੰ ਸੂਬਾਈ ਕਨਵੈਨਸ਼ਨ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਜਿਸ ਨੂੰ ਬੁੱਧੀਜੀਵੀਆਂ ਤੇ ਸੂਬਾ ਆਗੂਆਂ ਤੋਂ ਇਲਾਵਾ ਮੁੱਖ ਬੁਲਾਰੇ ਵਜੋਂ ਪਾਰਟੀ ਦੇ ਕੁੱਲ ਹਿੰਦ ਜਨਰਲ ਸਕੱਤਰ ਕਾਮਰੇਡ ਦੀਪਾਂਕਰ ਭੱਟਾਚਾਰੀਆ ਵੀ ਸੰਬੋਧਨ ਕਰਨਗੇ। ਜਥੇਬੰਦੀ ਦੀ ਸਟੇਟ ਸਟੈਂਡਿੰਗ ਕਮੇਟੀ ਵੱਲੋਂ ਰਾਜਵਿੰਦਰ ਰਾਣਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਸੀਪੀਆਈ ਐੱਮਐੱਲ ਲਿਬਰੇਸ਼ਨ ਦੇ ਸੂਬਾ ਸਕੱਤਰ ਗੁਰਮੀਤ ਸਿੰਘ ਬਖਤਪੁਰਾ ਅਤੇ ਪਾਰਟੀ ਦੇ ਸੂਬਾਈ ਬੁਲਾਰੇ ਸੁਖਦਰਸ਼ਨ ਸਿੰਘ ਨੱਤ ਨੇ ਦੱਸਿਆ ਕਿ ਬੇਸ਼ੱਕ ਮੋਦੀ ਸਰਕਾਰ ਕਿੰਨੀ ਵੀ ਪਰਦਾਪੋਸ਼ੀ ਕਰੇ, ਪਰ ਸੱਚ ਇਹੀ ਹੈ ਕਿ 10 ਮਈ ਨੂੰ ਦੋਵਾਂ ਦੇਸ਼ਾਂ ਵਿਚਾਲੇ ਜੰਗਬੰਦੀ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਹੁਕਮਾਂ ਨਾਲ ਹੋਈ ਹੈ ਪਰ ਇਸ ਜੰਗਬੰਦੀ ਦੇ ਬਾਵਜੂਦ ਕੱਟੜਪੰਥੀ ਤਾਕਤਾਂ ਨਾਲ ਜਨਤਾ ਵਿੱਚ ਮੁਸਲਿਮ ਭਾਈਚਾਰੇ ਖ਼ਿਲਾਫ਼ ਫ਼ਿਰਕੂ ਨਫ਼ਰਤ ਭੜਕਾਉਣ ਦੀ ਮੁਹਿੰਮ ਚਲਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਏਜੰਸੀਆਂ 26 ਬੇਕਸੂਰ ਸੈਲਾਨੀਆਂ ਦੀ ਜਾਨ ਲੈਣ ਵਾਲੇ ਦਹਿਸ਼ਤਗਰਦਾਂ ਦਾ ਪਤਾ ਨਹੀਂ ਲਾ ਸਕੀਆਂ। ਇਸੇ ਦੌਰਾਨ ਬਰਨਾਲਾ ਵਿੱਚ ਪਾਣੀਆਂ ਦੇ ਵਿਵਾਦ ਬਾਰੇ ਵੀ ਇੱਕ ਕਨਵੈਨਸ਼ਨ ਕਰਨ ਦਾ ਫ਼ੈਸਲਾ ਕੀਤਾ ਗਿਆ।

# ਦਸ ਸਕੂਲਾਂ ਵਿੱਚ ਵਿਕਾਸ ਕਾਰਜਾਂ ਦਾ ਉਦਘਾਟਨ



ਕਪੂਰਥਲਾ, 15 ਮਈ (ਪੱਤਰ ਪ੍ਰੇਰਕ)–ਪੰਜਾਬ ਸਰਕਾਰ ਵਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਦੇ ਕਾਇਆਕਲਪ ਲਈ ਕੀਤੇ ਜਾ ਰਹੇ ਵਿਕਾਸ ਕੰਮਾਂ ਤਹਿਤ ਅੱਜ ਜ਼ਿਲ੍ਹੇ ਭਰ ਦੇ ਦਸ ਸਰਕਾਰੀ ਸਕੂਲਾਂ ਅੰਦਰ 34.56 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੇ ਉਦਘਾਟਨ ਹੋਏ। ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ.ਰਾਜ ਕੁਮਾਰ ਚੱਬੇਵਾਲ ਵਲੋਂ ਸਰਕਾਰੀ ਹਾਈ ਸਕੂਲ ਪਾਂਸ਼ਟਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਰਾਮਗੜ੍ਹ ਵਿਖੇ ਸਪੋਰਟਸ ਟਰੈਕ ਅਤੇ ਚਾਰਦੀਵਾਰੀ ਦੇ ਵਿਕਾਸ ਕਾਰਜਾਂ ਨੂੰ ਲੋਕਅਰਪਿਤ ਕੀਤਾ ਗਿਆ। ਇਸ ਤੋਂ ਇਲਾਵਾ ਡਾਇਰੈਕਟਰ ਜਲ ਸਰੋਤ ਵਿਭਾਗ ਪੰਜਾਬ ਤੇ ਮੈਂਬਰ ਪੰਜਾਬ ਕ੍ਰਿਕਟ ਐਸੋਸੀਏਸ਼ਨ ਹਰਸਿਮਰਨ ਸਿੰਘ ਵਲੋਂ 24.06 ਲੱਖ ਰੁਪਏ ਦੀ ਲਾਗਤ ਨਾਲ ਬਲਾਕ ਭੁਲੱਥ ਦੇ ਸਰਕਾਰੀ ਪ੍ਰਾਇਮਰੀ ਤੇ ਮਿਡਲ ਸਕੂਲ ਕੂਕਾ, ਸਰਕਾਰੀ ਮਿਡਲ ਸਕੂਲ ਤਲਵੰਡੀ ਕੂਕਾ, ਸਰਕਾਰੀ ਪ੍ਰਾਇਮਰੀ ਸਕੂਲ ਲੁਬਾਣਾ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੰਗਲ ਲੁਬਾਣਾ 'ਚ ਉਦਘਾਟਨ ਕੀਤੇ ਗਏ। ਕਪੂਰਥਲਾ ਬਲਾਕ ਵਿਖੇ ਚੇਅਰਮੈਨ ਪੰਜਾਬ ਰਾਜ ਬੀਸੀ ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਸੰਦੀਪ ਸੈਣੀ ਵਲੋਂ 7.3 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਖਾਨੋਵਾਲ, ਸਰਕਾਰੀ ਪ੍ਰਾਇਮਰੀ ਸਕੂਲ ਸਿਧਵਾਂ ਦੋਨਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਮਾਛੀਪਾਲ ਵਿੱਚ ਉਦਘਾਟਨ ਕੀਤੇ ਗਏ।

# ਸੰਧਵਾਂ ਨੇ ਕੋਟਕਪੂਰਾ 'ਚ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

## ਕੌਂਸਲ ਅਧਿਕਾਰੀਆਂ ਨੂੰ ਨਾਲ ਲੈ ਕੇ ਪੁੱਜੇ ਸਪੀਕਰ; ਕਈ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ



ਕੋਟਕਪੂਰਾ, 15 ਮਈ (ਪੱਤਰ ਪ੍ਰੇਰਕ)–ਇਥੋਂ ਦੇ ਅਨੰਦ ਨਗਰ ਦੇ ਨਿਵਾਸੀਆਂ ਨੂੰ ਪਿਛਲੇ ਕਾਫੀ ਅਰਸੇ ਤੋਂ ਪੀਣ ਵਾਲੇ ਪਾਣੀ, ਸੀਵਰੇਜ ਦੀ ਲੀਕੇਜ ਅਤੇ ਸੜਕ ਟੁੱਟੀ ਹੋਣ ਕਰਕੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਿਸ ਕਾਰਨ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਖੁਦ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਮੁਹੱਲੇ ਵਿੱਚ ਪਹੁੰਚੇ। ਉਨ੍ਹਾਂ ਮੁਹੱਲਾ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਕਈ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ। ਮੁਹੱਲਾ ਨਿਵਾਸੀ ਰਜਿੰਦਰ ਸਿੰਘ ਸਰਾ, ਰੋਮਾ ਬਰਾੜ, ਮਨਦੀਪ ਕੌਰ, ਸੁਰਿੰਦਰ ਕੌਰ ਬਰਾੜ, ਜਸਵੀਰ ਕੌਰ, ਕਵਿਤਾ ਦਿਵੇਦੀ ਅਤੇ ਬਲਵਿੰਦਰ ਕੌਰ ਨੇ ਦੱਸਿਆ ਕਿ ਅਨੰਦ ਨਗਰ ਵਿੱਚ ਉਹ ਪਿਛਲੇ ਕਾਫੀ ਅਰਸੇ ਤੋਂ ਰਹਿ ਰਹੇ ਹਨ ਪਰ ਹੁਣ 5-7 ਸਾਲ ਪਹਿਲਾਂ ਵਾਲਾ ਅਨੰਦ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਹੁਣ ਤਾਂ ਨਗਰ ਨੂੰ ਚਾਰੇ ਪਾਸੇ ਤੋਂ ਸਮੱਸਿਆਵਾਂ ਨੇ ਘੇਰਿਆ ਹੋਇਆ ਹੈ ਅਤੇ ਪੂਰਾ ਮਹੁੱਲਾ ਛੱਪੜ ਬਣਿਆ ਮਹਿਸੂਸ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਪੀਣ ਵਾਲਾ ਪਾਣੀ ਘੱਟ ਸਪਲਾਈ ਹੁੰਦਾ ਹੈ ਅਤੇ ਜੇ ਆਵੇ ਵੀ ਤਾਂ ਸੀਵਰੇਜ ਦੀ ਬਦਬੂ ਵਾਲਾ ਆਉਂਦਾਹੈ। ਉਨ੍ਹਾਂ ਦੱਸਿਆ ਕਿ ਮੁਹੱਲੇ ਦੀਆਂ ਮੁੱਖ ਸੜਕਾਂ ਦਾ ਕਾਫੀ ਮਾੜਾ ਹੈ ਅਤੇ ਥਾਂ-ਥਾਂ ਤੋਂ ਟੁੱਟੀਆਂ ਹੋਈਆਂ ਅਤੇ ਟੋਇਆਂ ਭਰਪੂਰ ਹਨ। ਮੁਹੱਲਾ ਨਿਵਾਸੀਆਂ ਤੋਂ ਉਨ੍ਹਾਂ ਦੀਆਂ ਮਸ਼ਕਿਲਾਂ ਸੁਣਨ ਮਗਰੋਂ ਸਪੀਕਰ ਸੰਧਵਾਂ ਨੇ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਤਰੁੰਤ ਹਦਾਇਤਾਂ ਕੀਤੀਆਂ ਕਿ ਬਣਦੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜਿਹੜੀਆਂ ਮੁਸ਼ਕਲਾਂ ਸਿਰਫ ਪ੍ਰਬੰਧਕੀ ਅਣਦੇਖੀ ਕਰਕੇ ਹਨ ਉਨ੍ਹਾਂ ਨੂੰ ਤਰੁੰਤ ਹੱਲ ਕੀਤਾ ਜਾਵੇ ਅਤੇ ਬਾਕੀ ਜਿਨ੍ਹਾਂ ਵਾਸਤੇ ਫੰਡਾਂ ਦੀ ਜ਼ਰੂਰਤ ਹੈ ਉਸ ਲਈ ਲੋੜੀਂਦੇ ਫੰਡਾਂ ਦਾ ਕੇਸ ਬਣਾਕੇ ਸਰਕਾਰ ਪਾਸ ਭੇਜਿਆ ਜਾਵੇ।

# ਗੁਰੂ ਤੇਗ ਬਹਾਦਰ ਸਕੂਲ ਵੱਲੋਂ ਚੰਗੀ ਕਾਰਗੁਜ਼ਾਰੀ

ਧੂਰੀ, 15 ਮਈ (ਪੱਤਰ ਪ੍ਰੇਰਕ)–ਸੀਬੀਐੱਸਈ ਵੱਲੋਂ ਐਲਾਨੇ ਗਏ ਨਤੀਜੇ ਵਿੱਚ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਰੜਵਾਲ ਧੂਰੀ ਦੇ 10ਵੀਂ ਅਤੇ 12ਵੀਂ ਕਲਾਸ ਦੀ ਕਾਰਗੁਜ਼ਾਰੀ ਸ਼ਾਨਦਾਰ ਰਹੀ ਹੈ। ਪ੍ਰਿੰਸੀਪਲ ਸਤਿਵੀਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਨਤੀਜਿਆਂ ਵਿੱਚ ਦੋਵਾਂ ਜਮਾਤਾਂ ਦੇ ਟਾਪਰਾਂ ਨੇ 99 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹਨ। ਸਕੂਲ ਦੇ ਚੇਅਰਮੈਨ ਪਰਮਜੀਤ ਸਿੰਘ ਗਿੱਲ ਸਮੇਤ ਸਮੂਹ ਟਰੱਸਟੀਆਂ ਅਤੇ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਪ੍ਰਿੰਸੀਪਲ ਅਨੁਸਾਰ ਬਾਰ੍ਹਵੀਂ ਦੀ ਕਾਮਰਸ ਸਟਰੀਮ ਵਿੱਚ ਬਖਸ਼ਪ੍ਰੀਤ ਕੌਰ ਨੇ 99 ਫ਼ੀਸਦੀ, ਯਾਸਮੀਨ (ਕਾਮਰਸ) ਅਤੇ ਖੁਸ਼ਪ੍ਰੀਤ ਕੌਰ ਸਿੱਧੂ (ਮੈਡੀਕਲ) ਨੇ 98 ਫ਼ੀਸਦੀ ਨੰਬਰਾਂ ਨਾਲ ਪਹਿਲੀਆਂ ਪੁਜ਼ੀਸ਼ਨਾਂ ਪ੍ਰਾਪਤ ਕੀਤੀਆਂ। ਕੁੱਲ 14 ਵਿਦਿਆਰਥੀਆਂ ਨੇ 95% ਤੋਂ ਵੱਧ ਅੰਕ ਪ੍ਰਾਪਤ ਕੀਤੇ ਅਤੇ 46 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸੇ ਤਰ੍ਹਾਂ ਦਸਵੀਂ ਜਮਾਤ ਦੀ ਦਿਲਾਸ਼ਾ ਗੋਇਲ, ਨਵਜੋਤ ਸਿੰਘ ਅਤੇ ਬਬਨਪ੍ਰੀਤ ਕੌਰ, ਖੁਸ਼ਪ੍ਰੀਤ ਕੌਰ ਨੇ ਕ੍ਰਮਵਾਰ 99, 98.6 ਅਤੇ 98.2 ਫ਼ੀਸਦੀ ਅੰਕ ਪ੍ਰਾਪਤ ਕਰਦਿਆਂ ਸਕੂਲ ਵਿੱਚੋਂ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਜਮਾਤ 'ਚੋਂ 43 ਵਿਦਿਆਰਥੀਆਂ ਨੇ 95 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਅਤੇ 125 ਵਿਦਿਆਰਥੀਆਂ ਨੇ 90 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸ ਮੌਕੇ ਵਾਈਸ ਪ੍ਰਿੰਸੀਪਲ ਬਿਨੋਏ ਪੀਕੇ ਨੇ ਵੀ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

# ਬਠਿੰਡਾ 'ਚ ਮੁੜ ਭਖ਼ਿਆ ਬੱਸ ਅੱਡਾ ਤਬਦੀਲ ਕਰਨ ਦਾ ਮੁੱਦਾ

## ਮੌਜੂਦਾ ਬੱਸ ਸਟੈਂਡ ਦੀ ਸਲਾਮਤੀ ਲਈ ਸ਼ਹਿਰ 'ਚ 'ਮਸ਼ਾਲ ਮਾਰਚ'

ਬਠਿੰਡਾ, 15 ਮਈ (ਪੱਤਰ ਪ੍ਰੇਰਕ)–ਲੰਘੀ 24 ਅਪਰੈਲ ਤੋਂ ਮਿਨੀ ਸਕੱਤਰੇਤ ਅੱਗੇ ਧਰਨਾ ਲਾਈ ਬੈਠੀ 'ਬੱਸ ਸਟੈਂਡ ਬਚਾਓ ਸੰਘਰਸ਼ ਕਮੇਟੀ' ਦੀ ਅਗਵਾਈ 'ਚ ਸ਼ਹਿਰੀਆਂ ਨੇ ਸ਼ਹਿਰ ਵਿੱਚ 'ਮਸ਼ਾਲ ਮਾਰਚ' ਕਰ ਕੇ ਬੱਸ ਸਟੈਂਡ ਦੀ ਥਾਂ ਤਬਦੀਲੀ ਖ਼ਿਲਾਫ਼ ਆਪਣਾ ਵਿਰੋਧ ਦਰਜ ਕਰਵਾਇਆ। ਵਿਖਾਵਾਕਾਰੀਆਂ ਨੇ ਕਿਹਾ ਕਿ ਉਨ੍ਹਾਂ ਦਾ ਇੱਕੋ ਮੰਗ 'ਤੇ ਇੱਕ-ਨੁਕਾਤੀ ਪ੍ਰੋਗਰਾਮ ਹੈ ਕਿ ਪ੍ਰਸ਼ਾਸਨ ਬਠਿੰਡਾ ਸ਼ਹਿਰ ਦੇ ਬੱਸ ਅੱਡੇ ਦੀ ਥਾਂ ਵਾਲੀ ਤਜਵੀਜ਼ ਨੂੰ ਵਾਪਸ ਲੈ ਕੇ, ਬੱਸ ਅੱਡਾ ਮੌਜੂਦਾ ਜਗ੍ਹਾ 'ਤੇ ਹੀ ਰੱਖੇ। ਉਨ੍ਹਾਂ ਸਲਾਹ ਦਿੱਤੀ ਕਿ ਅੱਡਾ ਬਦਲਣ ਲਈ ਬੇ-ਬੁਨਿਆਦ ਤਰਕ ਪੇਸ਼ ਕਰਨ ਦੀ ਬਜਾਇ ਟੈਕਨੀਕਲ ਲੋਕਾਂ ਦੀ ਮੱਦਦ ਨਾਲ ਨਵਾਂ ਰਸਤਾ ਤਲਾਸ਼ਿਆ ਜਾਵੇ। ਬਲਤੇਜ ਵਾਂਦਰ, ਗੁਰਪ੍ਰੀਤ ਆਰਟਿਸਟ ਤੇ ਗੁਰਵਿੰਦਰ ਸ਼ਰਮਾ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਬੱਸ ਸਟੈਂਡ ਦੀ ਜਗ੍ਹਾ ਤਬਦੀਲੀ ਬਾਰੇ ਜੋ ਕਮੇਟੀ ਬਣਾਈ ਗਈ ਹੈ, ਸੰਘਰਸ਼ ਕਮੇਟੀ ਉਸ ਕਮੇਟੀ ਅੱਗੇ ਆਪਣਾ ਪੱਖ ਮਜ਼ਬੂਤੀ ਨਾਲ ਰੱਖੇਗੀ। ਨਾਲ ਹੀ ਉਨ੍ਹਾਂ ਚਿਤਾਵਨੀ ਦਿੱਤੀ ਕਿ ਕਿਸੇ ਵੀ ਕੀਮਤ 'ਤੇ ਬੱਸ ਅੱਡਾ ਬਦਲਣ




ਨਹੀਂ ਦਿੱਤਾ ਜਾਵੇਗਾ। ਹਰਵਿੰਦਰ ਹੈਪੀ ਨੇ ਕਿਹਾ ਕਿ ਸ਼ਾਸਕਾਂ ਤੇ ਪ੍ਰਸ਼ਾਸਕਾਂ ਨੂੰ ਜ਼ਿਦ ਛੱਡ ਕੇ, ਲੋਕਾਂ ਦੀ ਭਾਵਨਾ ਨੂੰ ਸਮਝਣਾ ਚਾਹੀਦਾ ਹੈ। ਸੰਦੀਪ ਬੌਬੀ ਨੇ ਕਿਹਾ ਕਿ ਜ਼ਿਆਦਾਤਰ ਕੌਂਸਲਰ ਬੱਸ ਅੱਡਾ ਸੰਘਰਸ਼ ਕਮੇਟੀ ਦੇ ਪੱਖ ਵਿੱਚ ਹਨ। 'ਮਸ਼ਾਲ ਮਾਰਚ' ਕੋਰਟ ਰੋਡ, ਮਹਿਣਾ ਚੌਕ, ਮਿੱਠੂ ਵਾਲਾ ਮੋੜ, ਆਰੀਆ ਸਮਾਜ ਚੌਕ, ਧੋਬੀ ਬਾਜ਼ਾਰ, ਸਪੋਰਟਸ ਮਾਰਕੀਟ ਤੋਂ ਹੁੰਦਾ ਹੋਇਆ ਸਦਭਾਵਨਾ ਚੌਕ 'ਚ ਪਹੁੰਚ ਕੇ ਸਮਾਪਤ ਹੋਇਆ। ਮਾਰਚ 'ਚ ਹਰਜਿੰਦਰ ਸਿੱਧੂ, ਦੇਵੀ ਦਿਆਲ, ਰਾਮ ਜਿੰਦਲ, ਰਵਿੰਦਰ ਗੁਪਤਾ, ਅਸ਼ੋਕ ਕੁਮਾਰ, ਰਾਜ ਕੁਮਾਰ, ਪਰਮਜੀਤ ਸਿੰਘ, ਮਨਦੀਪ ਸਿੰਘ, ਤਰਸੇਮ ਕੁਮਾਰ, ਸੈਸ਼ਨ ਕੁਮਾਰ ਆਦਿ ਸ਼ਖ਼ਸੀਅਤਾਂ ਮੌਜੂਦ ਸਨ। ਗੌਰਤਲਬ ਹੈ ਕਿ ਪ੍ਰਸ਼ਾਸਨ ਵੱਲੋਂ ਸ਼ਹਿਰ 'ਚ ਟ੍ਰੈਫ਼ਿਕ ਵਿਵਸਥਾ ਦੇ ਵਿਗਾੜ ਦਾ ਹਵਾਲਾ ਦੇ ਕੇ ਬੱਸ ਅੱਡਾ ਮਲੋਟ ਰੋਡ 'ਤੇ ਥਰਮਲ ਪਲਾਂਟ ਕੋਲ ਬਣਾਏ ਜਾਣ ਦੀ ਤਜਵੀਜ਼ ਹੈ। ਇਲਾਕਾ ਵਾਸੀਆਂ ਦੇ ਇੱਕ ਹਿੱਸੇ ਵੱਲੋਂ ਇਸ ਤਜਵੀਜ਼ ਦਾ ਵਿਰੋਧ ਕੀਤਾ ਜਾ ਰਿਹਾ ਹੈ। ਬੀਤੇ ਦਿਨੀਂ ਸੰਘਰਸ਼ੀ ਧਿਰ ਤੇ ਪ੍ਰਸ਼ਾਸਨ ਦਰਮਿਆਨ ਹੋਏ ਸਮਝੌਤੇ ਅਨੁਸਾਰ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਪੰਜ ਮੈਂਬਰੀ ਕਮੇਟੀ ਦੇ ਗਠਨ ਬਾਰੇ ਸੂਚਨਾ ਜਾਰੀ ਕਰ ਦਿੱਤੀ ਹੈ। ਇਹ ਕਮੇਟੀ ਹਰ ਪੱਖ ਤੋਂ ਪੜਤਾਲ ਕਰਕੇ ਆਪਣੀ ਰਿਪੋਰਟ ਤਿੰਨ ਹਫ਼ਤਿਆਂ ਦੇ ਵਿੱਚ ਪੇਸ਼ ਕਰੇਗੀ। ਕਮੇਟੀ ਦੇ ਚੇਅਰਪਰਸਨ ਏਡੀਸੀ (ਪੇਂਡੂ ਵਿਕਾਸ) ਬਠਿੰਡਾ ਨੂੰ ਨਿਯੁਕਤ ਕੀਤਾ ਗਿਆ ਹੈ, ਜਦ ਕਿ ਨਿਗਰਾਨ ਇੰਜਨੀਅਰ ਨਗਰ ਸੁਧਾਰ ਟਰਸਟ ਬਠਿੰਡਾ, ਨਿਗਰਾਨ ਇੰਜਨੀਅਰ ਨਗਰ ਨਿਗਮ ਬਠਿੰਡਾ, ਜਨਰਲ ਮੈਨੇਜਰ ਪੀਆਰਟੀਸੀ ਬਠਿੰਡਾ ਅਤੇ ਟੈਕਨੀਕਲ ਹਾਈ ਵੇਅ ਮਾਹਿਰ ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਰਵਸਿਟੀ ਬਠਿੰਡਾ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਹੈ।

### 300 ਗਰਾਮ ਹੈਰੋਇਨ ਸਣੇ ਮੋਟਰਸਾਈਕਲ ਸਵਾਰ ਗ੍ਰਿਫ਼ਤਾਰ

ਸੰਗਤ ਮੰਡੀ, 15 ਮਈ (ਪੱਤਰ ਪ੍ਰੇਰਕ)–ਸੀਆਈਏ ਸਟਾਫ-2 ਦੀ ਪੁਲੀਸ ਪਾਰਟੀ ਨੇ ਮੋਟਰਸਾਈਕਲ ਸਵਾਰ ਨੌਜਵਾਨ ਨੂੰ 300 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਬਠਿੰਡਾ ਦੇ ਡੀਐੱਸਪੀ (ਡੀ) ਖੁਸ਼ਪ੍ਰੀਤ ਸਿੰਘ ਨੇ ਦੱਸਿਆ ਕਿ ਪੁਲੀਸ ਪਾਰਟੀ ਵੱਲੋਂ ਗਸ਼ਤ ਦੌਰਾਨ ਸ਼ੱਕੀ ਵਿਅਕਤੀ ਨੂੰ ਮੋਟਰਸਾਈਕਲ (ਪੀ.ਬੀ 03 ਏ.ਡੀ 3312) ਨਾਲ ਕਾਬੂ ਕੀਤਾ ਤੇ ਤਲਾਸ਼ੀ ਕਰਨ ਦੌਰਾਨ ਉਸ ਕੋਲੋਂ 300 ਗਰਾਮ ਹੈਰੋਇਨ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਮੁਲਜ਼ਮ ਦੀ ਪਛਾਣ ਸੰਦੀਪ ਸਿੰਘ ਉਰਫ ਬੌਬੀ ਵਾਸੀ ਸਰੂਪਾ ਬਸਤੀ ਪਿੰਡ ਘੁੱਦਾ ਜ਼ਿਲ੍ਹਾ ਬਠਿੰਡਾ ਵਜੋਂ ਹੋਈ ਹੈ।

# ਬਟੂਹਾ-ਬਾਲੀਆਂ ਨਵੀਂ ਸੜਕ ਦਾ ਉਦਘਾਟਨ

ਧੂਰੀ, 15 ਮਈ (ਪੱਤਰ ਪ੍ਰੇਰਕ)–ਮੁੱਖ ਮੰਤਰੀ ਦਫ਼ਤਰ ਇੰਚਾਰਜ



ਧੂਰੀ ਦੇ ਇੰਚਾਰਜ ਤੇ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਰਾਜਵੰਤ ਸਿੰਘ ਘੁੱਲੀ ਨੇ ਅੱਜ 1.85 ਕਰੋੜ ਦੀ ਲਾਗਤ ਨਾਲ ਬਣ ਰਹੀ ਬਟੂਹਾ-ਬਾਲੀਆਂ ਸੜਕ ਦਾ ਰਸਮੀ ਆਗਾਜ਼ ਕੀਤਾ। ਚੇਅਰਮੈਨ ਸ੍ਰੀ ਘੁੱਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਿਹਤ ਤੇ ਸਿੱਖਿਆ ਦੇ ਨਾਲ-ਨਾਲ ਹਲਕਾ ਧੂਰੀ ਦੀ ਕਾਇਆ ਕਲਪ ਲਈ ਵਿਕਾਸ ਕਾਰਜਾਂ ਨੂੰ ਕਾਹਲੇ ਕਦਮੀ ਅੱਗੇ ਤੋਰਿਆ ਜਾ ਰਿਹਾ ਹੈ। 'ਆਪ' ਦੇ ਮੋਹਰੀ ਆਗੂ ਹਰਪ੍ਰੀਤ ਸਿੰਘ ਗਿੱਲ ਦੀ ਸੂਚਨਾ ਅਨੁਸਾਰ ਸ੍ਰੀ ਘੁੱਲੀ ਵੱਲੋਂ ਅੱਜ ਬਟੂਹਾ-ਕਾਂਝਲੀ ਪਾਈਪਲਾਈਨ ਦਾ ਵੀ ਉਦਘਾਟਨ ਕੀਤਾ ਗਿਆ ਜਿਸ ਨਾਲ ਕਈ ਕਿਸਾਨਾਂ ਨੂੰ ਲਾਭ ਪਹੁੰਚੇਗਾ। ਇਸ ਮੌਕੇ 'ਆਪ' ਆਗੂ ਡਾ. ਅਨਵਰ ਭਸੌੜ, ਚੇਅਰਮੈਨ ਸੁਰਿੰਦਰਪਾਲ, ਸਰਪੰਚ ਸਿਮਰਨ ਸਿੰਘ, ਐਕਸੀਅਨ ਪੁਨੀਤ ਸ਼ਰਮਾ, ਐੱਸਡੀਓ ਜਤਿਨ ਸਿੰਗਲਾ ਅਤੇ ਜੇਈ ਜਗਸੀਰ ਸਿੰਘ ਆਦਿ ਵੀ ਹਾਜ਼ਰ ਸਨ।

# ਬਾਰ੍ਹਵੀਂ ਦੇ ਨਤੀਜੇ 'ਚ ਛਾਈਆਂ ਮਾਲਵੇ ਦੀਆਂ ਜਾਈਆਂ

## ਪੰਜਾਬ ਭਰ 'ਚੋਂ ਪਹਿਲੇ ਤਿੰਨੇ ਸਥਾਨ ਮਾਲਵੇ ਦੀਆਂ ਕੁੜੀਆਂ ਨੇ ਮੱਲੇ; ਮਾਂ ਦਾ ਹਰ ਥਾਂ ਸਹਿਯੋਗ ਮਿਲਦੈ: ਹਰਸੀਰਤ ਕੌਰ

ਮਾਨਸਾ, 15 ਮਈ (ਪੱਤਰ ਪ੍ਰੇਰਕ)–ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ (ਪੀਐਸਈਬੀ) ਵੱਲੋਂ ਅੱਜ ਬਾਅਦ ਦੁਪਹਿਰ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜੇ ਵਿੱਚ ਮਾਲਵਾ ਖੇਤਰ ਦੀਆਂ ਜਾਈਆਂ ਪੰਜਾਬ ਭਰ ਵਿੱਚ ਛਾ ਗਈਆਂ। ਪਹਿਲੇ ਤਿੰਨੇ ਸਥਾਨ ਇਸ ਖੇਤਰ ਦੇ ਵੱਖ-ਵੱਖ ਜ਼ਿਲ੍ਹਿਆਂ ਦੀਆਂ ਕੁੜੀਆਂ ਹਾਸਲ ਕੀਤੇ। ਪਹਿਲਾ ਸਥਾਨ ਬਰਨਾਲਾ ਦੀ ਹਰਸੀਰਤ ਕੌਰ ਨੇ ਪ੍ਰਾਪਤ ਕੀਤਾ, ਜਿਸ ਨੇ 500 ਵਿਚੋਂ 500 ਅੰਕ ਹਾਸਲ ਕੀਤੇ। ਦੂਜਾ ਸਥਾਨ ਫਿਰੋਜ਼ਪੁਰ ਜ਼ਿਲ੍ਹੇ ਦੀ ਕੱਸੋਆਨਾ ਕਸਬੇ ਦੀ ਮਨਵੀਰ ਕੌਰ ਹਾਸਲ ਕੀਤਾ, ਉਸ ਨੇ 500 'ਚੋਂ 498 ਅੰਕ ਹਾਸਲ ਕੀਤੇ। ਮਾਨਸਾ ਜ਼ਿਲ੍ਹੇ ਦੇ ਤਾਰਾ ਚੰਦ ਵਿਦਿਆ ਮੰਦਿਰ ਭੀਖੀ ਦੀ ਅਰਸ਼ ਨੇ 500 'ਚੋਂ 498 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਨਤੀਜੇ ਦੌਰਾਨ ਰਾਜ ਭਰ 'ਚੋਂ ਪਹਿਲੇ ਤਿੰਨੇ ਸਥਾਨ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਦੀਆਂ ਵਿਦਿਆਰਥਣਾਂ ਨੇ ਹਾਸਲ ਕੀਤੇ ਹਨ। ਜਾਣਕਾਰੀ ਅਨੁਸਾਰ ਹਰਸੀਰਤ ਕੌਰ ਨੇ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਿਰ ਬਰਨਾਲਾ ਵੱਲੋਂ ਪੇਪਰ ਦਿੱਤੇ। ਉਸ ਦੇ ਪਿਤਾ ਬਰਨਾਲਾ ਵਿੱਚ ਸਰਕਾਰੀ ਸਕੂਲ ਅਧਿਆਪਕ ਹਨ। ਮਨਵੀਰ ਕੌਰ ਨੇ ਐੱਸਐੱਸ ਮੈਮੋਰੀਅਲ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਕੱਛੋਆਨਾ ਵੱਲੋਂ ਪੇਪਰ ਦਿੱਤਾ ਹਨ। ਇਸ ਵਾਰ ਦਾ ਨਤੀਜਾ ਪਿਛਲੇ ਸਾਲ ਨਾਲੋਂ 2 ਫੀਸਦੀ ਘੱਟ ਰਿਹਾ। ਲੜਕੀਆਂ ਦਾ ਰਿਜ਼ਲਟ 94.32 ਅਤੇ ਲੜਕਿਆਂ ਦਾ 88.8 ਫੀਸਦੀ ਰਿਹਾ। ਇਸੇ ਦੌਰਾਨ ਮਾਨਸਾ ਜ਼ਿਲ੍ਹੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕੋਟੜਾ ਕਲਾਂ ਦੇ 10+2 ਕਾਮਰਸ ਸਟਰੀਮ ਦੇ ਵਿਦਿਆਰਥੀਆਂ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਜਮਾਤ ਇੰਚਾਰਜ ਜਸਵੀਰ ਸਿੰਘ ਖਾਲਸਾ ਨੇ ਦੱਸਿਆ ਕਿ ਰਮਨਦੀਪ ਕੌਰ 74.4, ਸੁਮਨਪ੍ਰੀਤ ਕੌਰ 75.4, ਸੁਖਪ੍ਰੀਤ ਕੌਰ 90.2,



ਅਕਾਸ਼ਦੀਪ ਕੌਰ 88.8, ਜਸਪ੍ਰੀਤ ਕੌਰ 79.6, ਜੋਤੀ ਰਾਣੀ 87.2, ਲਵਪ੍ਰੀਤ ਕੌਰ 86, ਸਹਿਜਪ੍ਰੀਤ ਸਿੰਘ 86, ਜੀਵਨ ਸਿੰਘ 87.4, ਸਹਿਦਦੀਪ ਸਿੰਘ 87.4, ਅਰਸ਼ਦੀਪ ਸਿੰਘ 84.8, ਹਨੀ ਸਿੰਘ 90.8, ਜਸ਼ਨਪ੍ਰੀਤ ਸਿੰਘ 89.2 ਫੀਸਦੀ ਅੰਕ ਪ੍ਰਾਪਤ ਕੀਤਾ ਹਨ। ਮਾਨਸਾ ਦੇ ਨਰਾਇਣ ਸਰਵਹਿੱਤਕਾਰੀ ਵਿੱਦਿਆ ਮੰਦਰ ਮਾਨਸਾ ਦੀ ਕਾਮਰਸ ਦੀ ਵਿਦਿਆਰਥਣ ਰੁਪਿੰਦਰ ਕੌਰ ਨੇ ਪਹਿਲਾ ਅਤੇ ਸਮਰਪ੍ਰੀਤ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਸਾਇੰਸ ਵਿੱਚੋਂ ਸਾਹਿਬਜੋਤ ਸਿੰਘ ਨੇ ਪਹਿਲਾ ਅਤੇ ਪ੍ਰਦੀਪ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਆਰਟਸ ਵਿੱਚੋਂ ਅਰਮਾਨਦੀਪ ਸਿੰਘ ਨੇ ਪਹਿਲਾ, ਵੰਸ਼ ਨੇ ਦੂਜਾ ਅਤੇ ਦਕਸ਼ ਸਿੰਗਲਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਜ਼ੀਰਾ (ਪੱਤਰ ਪ੍ਰੇਰਕ)–ਪੰਜਾਬ ਸਕੂਲ ਸਿੱਖਿਆ ਬੋਰਡ ਦੇ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਐੱਸਐੱਸਐੱਮ ਮੈਮੋਰੀਅਲ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਕੱਸੋਆਨਾ ਦੀ ਵਿਦਿਆਰਥਣ ਮਨਵੀਰ ਕੌਰ ਪੁੱਤਰੀ ਗੁਰਜੰਟ ਸਿੰਘ, ਵੀਰਪਾਲ ਕੌਰ ਪਿੰਡ ਮੱਲ੍ਹੇਸ਼ਾਹ ਨੇ ਮੈਡੀਕਲ ਸਟਰੀਮ 'ਚ 500 'ਚੋਂ 498 ਅੰਕ ਪ੍ਰਾਪਤ ਕਰਕੇ ਪੰਜਾਬ ਭਰ 'ਚੋਂ ਦੂਜਾ ਸਥਾਨ ਪ੍ਰਾਪਤ ਕਰਕੇ ਸਕੂਲ, ਮਾਤਾ ਪਿਤਾ ਅਤੇ ਪਿੰਡ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਚੇਅਰਮੈਨ ਕੰਵਲਜੀਤ ਸਿੰਘ ਗਿੱਲ ਨੇ ਦੱਸਿਆ ਕਿ ਮਨਵੀਰ ਕੌਰ ਇੱਕ ਕਿਸਾਨ ਪਰਿਵਾਰ ਨਾਲ ਸਬੰਧਤ ਹੈ ਅਤੇ ਨਰਸਰੀ ਜਮਾਤ ਤੋਂ ਐੱਸਐੱਸਐੱਮ ਪਬਲਿਕ ਸਕੂਲ ਕੱਸੋਆਨਾ ਦੀ ਵਿਦਿਆਰਥਣ ਹੈ। ਉਨ੍ਹਾਂ ਦੱਸਿਆ ਕਿ ਮਨਵੀਰ ਕੌਰ ਪੜ੍ਹਾਈ ਵਿੱਚ ਸ਼ੁਰੂ ਤੋਂ ਹੀ ਹੁਸ਼ਿਆਰ ਹੈ ਅਤੇ ਉਸ ਨੇ ਸਾਰੀਆਂ ਜਮਾਤਾਂ ਬਿਨਾਂ ਟਿਊਸ਼ਨ ਤੋਂ ਵਧੀਆ ਨੰਬਰ ਲੈ ਕੇ ਪਾਸ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਮਨਵੀਰ ਡਾਕਟਰ ਬਣਨਾ ਚਹੁੰਦੀ ਹੈ। ਮਨਵੀਰ ਦੀ ਇਸ ਪ੍ਰਾਪਤੀ ਕਾਰਨ ਹਲਕਾ ਜ਼ੀਰਾ ਵਿੱਚ ਖੁਸ਼ੀ ਦੀ ਲਹਿਰ ਛਾਈ ਹੋਈ ਹੈ। ਸਕੂਲ ਅਤੇ ਮਾਪਿਆਂ ਨੂੰ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ।

ਬਰਨਾਲਾ (ਪੱਤਰ ਪ੍ਰੇਰਕ)–ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਕੀਤੇ ਬਾਰ੍ਹਵੀਂ ਦੇ ਨਤੀਜਿਆਂ 'ਚ ਸਥਾਨਕ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਦੀ ਵਿਦਿਆਰਥਣ ਹਰਸੀਰਤ ਕੌਰ ਨੇ ਸੂਬੇ 'ਚ ਪਹਿਲਾਂ ਸਥਾਨ ਹਾਸਲ ਕੀਤਾ ਹੈ। ਸੰਸਦ ਮੈਂਬਰ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਵਿਦਿਆਰਥਣ ਨੂੰ ਵਧਾਈ ਦਿੰਦਿਆਂ ਕਿਹਾ ਕਿ ਬੱਚੀ ਦੀ ਮਿਹਨਤ ਅਤੇ ਸਕੂਲ ਅਧਿਆਪਕਾਂ ਦੀ ਮਿਹਨਤ ਸਦਕਾ ਹੀ ਅੱਜ ਇਸ ਬੱਚੀ ਨੇ ਬਰਨਾਲੇ ਦਾ ਨਾਮ ਪੂਰੇ ਸੂਬੇ 'ਚ ਨਾਮ ਰੋਸ਼ਨ ਕੀਤਾ ਹੈ। ਸਕੂਲ ਪ੍ਰਿੰਸੀਪਲ ਸੁਨੀਲ ਮਲਿਕ ਨੇ ਦੱਸਿਆ ਕਿ ਹਰਸੀਰਤ ਕੌਰ ਪੁੱਤਰੀ ਸਿਮਰਦੀਪ ਸਿੰਘ ਨੇ 100 ਪ੍ਰਤੀਸ਼ਤ (500/500) ਅੰਕ ਪ੍ਰਾਪਤ ਕਰਕੇ ਸੂਬੇ 'ਚ ਪਹਿਲਾਂ ਸਥਾਨ ਹਾਸਲ ਕੀਤਾ ਹੈ। ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਨੂੰ ਪਛਾੜਦਿਆਂ ਇਸ ਵਾਰ ਪ੍ਰਾਈਵੇਟ ਸਕੂਲ ਦੀ ਵਿਦਿਆਰਥਣ ਨੇ ਮੱਲ੍ਹਾਂ ਮਾਰੀਆਂ ਹਨ। ਜਦਕਿ ਐੱਸਐੱਸ ਮੈਮੋਰੀਅਲ ਸੀਨੀਅਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਕੱਸੋਆਨਾ ਜ਼ਿਲ੍ਹਾ ਫਿਰੋਜ਼ਪੁਰ ਦੀ ਮਨਵੀਰ ਕੌਰ ਨੇ ਦੂਜਾ ਅਤੇ ਸ੍ਰੀ ਤਾਰਾ ਚੰਦ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਭੀਖੀ ਜ਼ਿਲ੍ਹਾ ਮਾਨਸਾ ਦੀ ਵਿਦਿਆਰਥਣ ਅਰਸ਼ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਹਰਸੀਰਤ ਕੌਰ ਨੇ ਕਿਹਾ ਕਿ ਇਸ ਸਿਹਰਾ ਅਧਿਆਪਕਾਂ ਅਤੇ ਮਾਪਿਆਂ ਨੂੰ ਜਾਂਦਾ ਹੈ। ਉਸ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਸ ਦੀ ਮਾਂ ਰੋਲ ਮਾਡਲ ਹੈ, ਤੇ ਉਸ ਦਾ ਸਹਿਯੋਗ ਹਰ ਥਾਂ ਉਸ ਨੂੰ ਮਿਲਦਾ ਰਿਹਾ ਹੈ। ਹਰਸੀਰਤ ਕੌਰ ਦੇ ਪਿਤਾ ਜੋ ਜ਼ਿਲ੍ਹਾ ਸਿੱਖਿਆ ਵਿਭਾਗ ਵਿਖੇ ਸਪੋਰਟਸ ਮੈਨੇਜਰ ਹਨ,। ਉਨ੍ਹਾਂ ਕਿਹਾ ਕਿ ਧੀਆਂ ਨੂੰ ਬੋਝ ਨਹੀਂ ਸਮਝਣਾ ਚਾਹੀਦਾ। ਸਕੂਲ ਪ੍ਰਬੰਧਕੀ ਕਮੇਟੀ ਦੇ ਜੀਵਨ ਮੋਦੀ, ਅਭੇ ਜਿੰਦਲ ਐਡਵੋਕੇਟ, ਸੋਮ ਨਾਥ ਗਰਗ ਐਡਵੋਕੇਟ, ਬਾਲ ਮੁਕੰਦ ਬਾਂਸਲ ਅਤੇ ਸਕੂਲ ਸਟਾਫ਼ ਵੱਲੋਂ ਵਿਦਿਆਰਥਣ ਨੂੰ ਵਧਾਈ ਦਿੱਤੀ ਗਈ।

ਬਠਿੰਡਾ (ਪੱਤਰ ਪ੍ਰੇਰਕ)–ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 12ਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਸਰਕਾਰੀ ਸਕੂਲਾਂ ਨੇ ਝੰਡੇ ਬੁਲੰਦ ਕੀਤੇ ਹਨ। ਬਠਿੰਡਾ ਦੇ ਮੈਰੀਟੋਰੀਅਸ ਸਕੂਲ ਦੇ ਛੇ ਬੱਚਿਆਂ ਨੇ ਮੈਰਿਟ ਵਿਚ ਬਾਜ਼ੀ ਮਾਰੀ ਹੈ। ਵੇਰਵਿਆਂ ਅਨੁਸਾਰ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਰਾਮਨਗਰ ਦੀ ਵਿਦਿਆਰਥਣ ਯਸਮੀਤ ਕੌਰ ਨੇ ਆਰਟਸ ਗਰੁੱਪ ਵਿੱਚੋਂ ਪੰਜਾਬ ਦੀ ਮੈਰਿਟ ਸੂਚੀ 'ਚ 5 ਵਾਂ ਰੈਂਕ ਪ੍ਰਾਪਤ ਕੀਤਾ ਹੈ ਅਤੇ ਉਸ ਨੇ 495/500 ਅੰਕ ਪ੍ਰਾਪਤ ਕਰਕੇ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਬਠਿੰਡਾ ਦੇ ਬਾਬਾ ਫ਼ਰੀਦ ਪਬਲਿਕ ਸਕੂਲ ਦੀ ਵਿਦਿਆਰਥਣ ਨੇ ਜਸਮੀਤ ਕੌਰ 489/500 ਅੰਕ ਪ੍ਰਾਪਤ ਕਰਦੇ ਹੋਏ ਜ਼ਿਲ੍ਹੇ 'ਚੋਂ ਦੂਜਾ ਸਥਾਨ ਹਾਸਿਲ ਕੀਤਾ ਹੈ। ਮੈਰੀਟੋਰੀਅਸ ਸਕੂਲ ਦੀ ਵਿਦਿਆਰਥਣ ਰਮਨਦੀਪ ਕੌਰ ਨੇ ਵੀ 489/500 ਅੰਕਾਂ ਨਾਲ ਜ਼ਿਲ੍ਹੇ ਵਿੱਚੋਂ ਤੀਜਾ ਸਥਾਨ ਹਾਂਸਲ ਕੀਤਾ ਹੈ। ਖਾਲਸਾ ਕੰਨਿਆ ਸੈਕੰਡਰੀ ਸਕੂਲ ਤਲਵੰਡੀ ਸਾਬੋ ਦੀ ਵਿਦਿਆਰਥਣ ਕੋਮਲ ਨੇ 488/500 ਅੰਕ ਪ੍ਰਾਪਤ ਕੀਤੇ। ਬਠਿੰਡਾ ਦੇ ਮੈਰੀਟੋਰੀਅਸ ਸਕੂਲ ਦੀ ਵਿਦਿਆਰਥਣ ਰਮਨਦੀਪ ਕੌਰ ਨੇ 488/500 ਅੰਕ ਪ੍ਰਾਪਤ ਕੀਤੇ। ਖਾਲਸਾ ਕੰਨਿਆ ਸਕੂਲ ਤਲਵੰਡੀ ਸਾਬੋ ਦੀ ਇੱਕ ਹੋਰ ਵਿਦਿਆਰਥਣ ਲਾਇਬ ਨੂਰ ਨੇ ਸਾਇੰਸ ਸਟਰੀਮ ਵਿੱਚੋਂ 487/500 ਅੰਕ ਪ੍ਰਾਪਤ ਕੀਤੇ ਹਨ। ਮੈਰੀਟੋਰੀਅਸ ਸਕੂਲ ਬਠਿੰਡਾ ਦੀ ਵਿਦਿਆਰਥਣ ਅੰਜਲੀ ਸ਼ਰਮਾ ਨੇ 487/500 ਅੰਕ ਪ੍ਰਾਪਤ ਕੀਤੇ। ਮੈਰੀਟੋਰੀਅਸ ਸਕੂਲ ਦੀਆਂ ਵਿਦਿਆਰਥਣ ਭਾਵਨਾ ਪੁੱਤਰੀ ਰਜਿੰਦਰ ਕੁਮਾਰ ਨੇ 487/500 ਅੰਕ ਹਾਸਲ ਕੀਤੇ। ਸਿਕੰਦਰ ਸਿੰਘ ਨੇ 486/500 ਵਿੱਚੋਂ ਅੰਕ ਪ੍ਰਾਪਤ ਕੀਤੇ ਹਨ।

# ਹਿੰਦ-ਪਾਕਿ ਤਣਾਅ: ਕਿਸਾਨਾਂ ਵੱਲੋਂ ਵੱਖ-ਵੱਖ ਸ਼ਹਿਰਾਂ 'ਚ ਸ਼ਾਂਤੀ ਮਾਰਚ

ਬਠਿੰਡਾ/ਬਰਨਾਲਾ, 15 ਮਈ (ਪੱਤਰ ਪ੍ਰੇਰਕ)–ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ ਸੰਗਠਨਾਂ ਵੱਲੋਂ ਭਾਰਤ-ਪਾਕਿ ਤਣਾਅ ਖ਼ਿਲਾਫ਼ ਅੱਜ ਇੱਥੇ 'ਸ਼ਾਂਤੀ ਮਾਰਚ' ਕੀਤਾ ਗਿਆ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੋਂ ਮਾਲ ਰੋਡ ਤੱਕ ਹੋਏ ਇਸ ਮਾਰਚ ਤੋਂ ਪਹਿਲਾਂ ਇਕੱਠ ਨੂੰ ਸੰਬੋਧਨ ਕਰਦਿਆਂ ਬੀਕੇਯੂ (ਉਗਰਾਹਾਂ) ਦੇ ਆਗੂ ਝੰਡਾ ਸਿੰਘ ਜੇਠੂਕੇ, ਕੁਲ ਹਿੰਦ ਕਿਸਾਨ ਸਭਾ ਦੇ ਬਲਕਰਨ ਸਿੰਘ ਬਰਾੜ, ਬੀਕੇਯੂ ਡਕੌਂਦਾ (ਬੁਰਜ ਗਿੱਲ) ਦੇ ਬਲਦੇਵ ਸਿੰਘ ਭਾਈ ਰੂਪਾ ਨੇ ਕਿਹਾ ਕਿ ਸਮੁੱਚਾ ਆਵਾਮ ਕਦੇ ਜੰਗ ਨਹੀਂ ਚਾਹੁੰਦਾ ਕਿਉਂਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ, ਸਗੋਂ ਇਹ ਤਾਂ ਖੁਦ ਇੱਕ ਮਸਲਾ ਹੈ। ਉਨ੍ਹਾਂ ਕਿਹਾ ਕਿ ਜੰਗ ਵਿੱਚ ਦੋਵਾਂ ਹੀ ਦੇਸ਼ਾਂ ਦਾ ਆਰਥਿਕ ਤੇ ਜਾਨੀ-ਮਾਲੀ ਨੁਕਸਾਨ ਹੋਣਾ ਹੈ। ਇਹ ਜੰਗ ਵੱਡੀਆਂ ਤਾਕਤਾਂ ਲਈ ਜ਼ਰੂਰ ਲਾਭਕਾਰੀ ਹੋ ਸਕਦੀ ਹੈ ਕਿਉਂ ਕਿ ਵੱਡੇ ਦੇਸ਼ਾਂ ਨਾਲ ਭਾਰਤ ਵੱਲੋਂ ਟੈਕਸ ਮੁਕਤ ਸਮਝੌਤੇ ਕੀਤੇ ਜਾ ਰਹੇ ਹਨ। ਇਸ ਦੌਰਾਨ ਬਰਨਾਲਾ ਵਿਚ ਕਿਸਾਨਾਂ ਵੱਲੋਂ ਜੰਗ ਵਿਰੋਧੀ ਇਕੱਤਰਤਾ ਉਪਰੰਤ ਸ਼ਹਿਰ ਦੇ ਵਿੱਚ ਰੋਸ ਮਾਰਚ ਕੀਤਾ ਗਿਆ। ਚਮਕੌਰ ਸਿੰਘ ਨੈਣੇਵਾਲ, ਪਵਿੱਤਰ ਸਿੰਘ ਲਾਲੀ, ਗੁਰਨਾਮ ਸਿੰਘ ਨੇ ਦੱਸਿਆ ਕਿ ਭਾਰਤ ਅਤੇ ਪਾਕਿਸਤਾਨ ਵਿੱਚਕਾਰ ਜੰਗਬੰਦੀ ਭਾਵੇਂ ਹੋ ਗਈ ਹੈ ਪਰੰਤੂ ਜੰਗ ਦੇ ਲਈ



ਵਰਤੇ ਗਏ ਖਤਰਨਾਕ ਹਥਿਆਰ ਲੋਕ ਮਾਰੂ ਹਨ। ਉਨ੍ਹਾਂ ਲੋਕ ਪੱਖੀ ਧਿਰਾਂ ਨੂੰ ਇਸ ਦੇ ਖ਼ਿਲਾਫ਼ ਡਟਣ ਦਾ ਸੱਦਾ ਦਿੱਤਾ।

ਮਾਨਸਾ (ਜੋਗਿੰਦਰ ਸਿੰਘ ਮਾਨ): ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਇਥੇ 'ਜੰਗਬਾਜ਼ ਤਾਕਤਾਂ ਵਿਰੋਧੀ ਅਮਨ ਮਾਰਚ' ਕੀਤਾ ਗਿਆ। ਮਾਨਸਾ ਵਿਖੇ ਕੀਤੇ ਗਏ ਮਾਰਚ ਦੌਰਾਨ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਨੇ ਕਿਹਾ ਕਿ ਪਹਿਲਗਾਮ ਘਟਨਾ ਦੇ ਅਸਲ ਕਸੂਰਵਾਰਾਂ ਦਾ ਪਤਾ ਲਾਉਣ ਲਈ ਨਿਰਪੱਖ ਜਾਂਚ ਕਰਵਾਈ ਜਾਵੇ ਅਤੇ 26 ਸੈਲਾਨੀਆਂ ਦੀ ਮੌਤ ਦਾ ਕਾਰਨ ਬਣੀ ਸੁਰੱਖਿਆ ਪ੍ਰਬੰਧਾਂ ਵਿੱਚ ਅਣਗਹਿਲੀ ਲਈ ਜ਼ਿੰਮੇਵਾਰੀ ਤੈਅ ਕੀਤੀ ਜਾਵੇ।

ਫਾਜ਼ਿਲਕਾ (ਪੱਤਰ ਪ੍ਰੇਰਕ)–ਇਥੇ ਕਿਸਾਨ ਮੋਰਚੇ ਦੇ ਸੱਦੇ ਤਹਿਤ ਜੰਗਬਾਜ਼ ਤਾਕਤਾਂ ਖਿਲਾਫ਼ ਬਜ਼ਾਰਾਂ 'ਚ ਅਮਨ ਮਾਰਚ ਕੀਤਾ ਗਿਆ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ, ਔਰਤ ਵਿੰਗ ਦੇ ਆਗੂ ਰਾਜ ਕੌਰ, ਜ਼ਿਲ੍ਹਾ ਸਕੱਤਰ ਮਨਦੀਪ ਸਿੰਘ, ਬੀਕੇਯੂ ਡਕੌਂਦਾ ਧਨੇਰ ਅਮਰੀਕ ਸਿੰਘ ਤੇ ਹੋਰਨਾਂ ਨੇ ਸੰਬੋਧਨ ਕੀਤਾ।

# ਐੱਸਡੀਐੱਮ ਦਫ਼ਤਰ ਅੱਗੇ ਫਾਇਨਾਂਸਰ ਖ਼ਿਲਾਫ਼ ਧਰਨਾ ਜਾਰੀ



ਲਹਿਰਾਗਾਗਾ, 15 ਮਈ (ਪੱਤਰ ਪ੍ਰੇਰਕ)–ਹਲਕਾ ਲਹਿਰਾਗਾਗਾ ਅੰਦਰ ਕਥਿਤ ਫਾਇਨਾਂਸ ਦਾ ਗੋਰਖਧੰਦਾ ਕਰਨ ਵਾਲੇ ਬਲਦੀਪ ਸਿੰਘ ਖ਼ਿਲਾਫ਼ ਐੱਸਡੀਐੱਮ ਦਫ਼ਤਰ ਵਿੱਚ ਲੱਗਾ ਧਰਨਾ 23ਵੇਂ ਦਿਨ ਵਿੱਚ ਸ਼ਾਮਲ ਹੋ ਚੁੱਕਾ ਹੈ। ਇਸ ਮਸਲੇ ਸਬੰਧੀ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਲਿਬਰੇਸ਼ਨ ਅਤੇ ਪ੍ਰਗਤੀਸ਼ੀਲ ਇਸਤਰੀ ਸਭਾ ਪੰਜਾਬ ਨੇ ਸਾਂਝੇ ਤੌਰ 'ਤੇ ਐੱਸਡੀਐੱਮ ਦਫ਼ਤਰ ਵਿੱਚ ਭਰਵੀਂ ਮੀਟਿੰਗ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਕਿਹਾ ਕਿ ਫਾਇਨਾਂਸਰ ਦੀ ਲੁੱਟ ਦੇ ਖਿਲਾਫ਼ ਅੱਜ ਵਿਚਾਰ ਵਟਾਂਦਰਾ ਹੋਇਆ ਹੈ ਕਿ ਆਉਣ ਵਾਲੀ 22 ਮਈ ਨੂੰ ਵਿਸ਼ਾਲ ਰੈਲੀ ਕਰ ਕੇ ਪੀੜਤਾਂ ਲਈ ਇਨਸਾਫ਼ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੁਲੀਸ ਵੱਲੋਂ ਅਜੇ ਤੱਕ ਜਾਂਚ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਪੁਲੀਸ ਪੀੜਤ ਪਰਿਵਾਰਾਂ ਦਾ ਮੁੜ ਵਸੇਬਾ ਨਹੀਂ ਕਰਵਾਉਂਦੀ,ਉਦੋਂ ਤੱਕ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ 22 ਮਈ ਨੂੰ ਹੋਣ ਵਾਲੀ ਵਿਸ਼ਾਲ ਰੈਲੀ ਅੰਦਰ ਕੋਈ ਵੀ ਵਧੀਕੀ ਹੁੰਦੀ ਹੈ ਤਾਂ ਇਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਤੇ ਪੁਲੀਸ ਹੋਵੇਗੀ। ਇਸ ਮੌਕੇ ਮੀਟਿੰਗ 'ਚ ਜ਼ਿਲ੍ਹਾ ਪ੍ਰਧਾਨ ਕਾਮਰੇਡ ਬਿੱਟੂ ਖੋਖਰ, ਕੁਲਵੰਤ ਛਾਜਲੀ, ਮਨਜੀਤ ਕੌਰ ਆਲੋਅਰਖ, ਘੁਮੰਡ ਸਿੰਘ ਖਾਲਸਾ, ਕਿੱਕਰ ਸਿੰਘ ਖਾਲਸਾ, ਬਲਵੀਰ ਸਿੰਘ ਜਲੂਰ, ਕਿਸਾਨ ਆਗੂ ਸਵਰਨ ਸਿੰਘ, ਕਿਰਨਪਾਲ ਕੌਰ ਭੁਟਾਲ, ਗੋਗੀ ਲਹਿਰਾਗਾਗਾ, ਗੀਨਾ ਰਾਣੀ, ਬਲਜੀਤ ਕੌਰ, ਦਵਿੰਦਰ ਕੌਰ, ਮਨਜੀਤ ਕੌਰ ਲਹਿਰਾਗਾਗਾ ਜਸਵੰਤ ਕੌਰ ਭੁਟਾਲ ਤੇ ਸੁਰਜੀਤ ਕੌਰ ਭੁਟਾਲ ਵੀ ਹਾਜ਼ਰ ਸਨ।

# ਨੌਜਵਾਨਾਂ ਨੂੰ ਸਿਵਲ ਡਿਫੈਂਸ ਵਾਲੰਟੀਅਰਾਂ ਵਜੋਂ ਭਰਤੀ ਹੋਣ ਦਾ ਸੱਦਾ

ਸੰਗਰੂਰ, 15 ਮਈ (ਪੱਤਰ ਪ੍ਰੇਰਕ)–ਜ਼ਿਲ੍ਹਾ ਯੂਥ ਅਫ਼ਸਰ 'ਮੇਰਾ ਭਾਰਤ' ਰਾਹੁਲ ਸੈਣੀ ਨੇ ਦੱਸਿਆ ਕਿ ਮੌਜੂਦਾ ਹਾਲਾਤ ਅਤੇ ਉੱਭਰ ਰਹੀਆਂ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ ਮਜ਼ਬੂਤ, ਭਾਈਚਾਰਾ-ਅਧਾਰਤ ਪ੍ਰਤੀਕਿਰਿਆ ਵਿਧੀ ਸਥਾਪਤ ਕਰਨ ਦੀ ਲੋੜ ਹੈ। ਸਿਵਲ ਡਿਫੈਂਸ ਵਾਲੰਟੀਅਰ ਇਸ ਸਬੰਧ ਵਿੱਚ ਸੇਵਾਵਾਂ ਦੀ ਵਿਸ਼ਾਲ ਸ਼੍ਰੇਣੀ ਰਾਹੀਂ ਸਥਾਨਕ ਅਧਿਕਾਰੀਆਂ ਦਾ ਸਮਰਥਨ ਕਰ ਕੇ ਮਹੱਤਵਪੂਰਨ ਭੂਮਿਕਾ ਨਿਭਾਉਂਦੇਹਨ। ਇਸ ਲਈ ਨੌਜਵਾਨਾਂ ਨੂੰ ਅੱਗੇ ਆਉਣ ਅਤੇ 'ਮੇਰਾ ਭਾਰਤ' ਸਿਵਲ ਡਿਫੈਂਸ ਵਾਲੰਟੀਅਰਾਂ ਵਜੋਂ ਰਜਿਸਟਰ ਹੋਣ ਦੀ ਅਪੀਲ ਕੀਤੀ ਜਾ ਰਹੀ ਹੈ। ਇਹ ਪਹਿਲਕਦਮੀ ਨਾ ਸਿਰਫ਼ ਨੌਜਵਾਨਾਂ ਵਿੱਚ ਨਾਗਰਿਕ ਜ਼ਿੰਮੇਵਾਰੀ ਅਤੇ ਅਨੁਸ਼ਾਸਨ ਦੀ ਮਜ਼ਬੂਤ ਭਾਵਨਾ ਪੈਦਾ ਕਰਦੀ ਹੈ ਸਗੋਂ ਉਨ੍ਹਾਂ ਨੂੰ ਵਿਹਾਰਕ ਜੀਵਨ-ਰੱਖਿਅਕ ਹੁਨਰਾਂ ਅਤੇ ਨਾਜ਼ੁਕ ਸਥਿਤੀਆਂ ਵਿੱਚ ਤੇਜ਼ੀ ਨਾਲ ਕੰਮ ਕਰਨ ਲਈ ਸਿਖਲਾਈ ਨਾਲ ਵੀ ਲੈਸ ਕਰਦੀ ਹੈ। ਰਜਿਸਟ੍ਰੇਸ਼ਨ ਪ੍ਰਕਿਰਿਆ ਅਧਿਕਾਰਤ 'ਮੇਰਾ ਭਾਰਤ' ਪੋਰਟਲ: ਾਂਵਵਬਤ:// ਠਖਲੀ ਰਾਹੀਂ ਸਰਲ ਅਤੇ ਪਹੁੰਚਯੋਗ ਹੈ। ਇਹ ਨੌਜਵਾਨਾਂ ਲਈ ਅੱਗੇ ਆਉਣ ਅਤੇ ਇਸ ਰਾਸ਼ਟਰੀ ਉਦੇਸ਼ ਲਈ ਸਾਰੇ ਦਿਲਚਸਪੀ ਰੱਖਣ ਵਾਲੇ ਨੌਜਵਾਨਾਂ ਨੂੰ ਲਾਮਬੰਦ ਕਰਨ ਦਾ ਸਪੱਸ਼ਟ ਸੱਦਾ ਹੈ। ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ: 8279508167 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

# ਲੋਕਾਂ ਲਈ ਵਰਦਾਨ ਸਾਬਤ ਹੋ ਰਹੀ ਮੋਬਾਈਲ ਮੈਡੀਕਲ ਬੱਸ ਸੇਵਾ: ਸਿਵਲ ਸਰਜਨ

ਸੰਗਰੂਰ, 15 ਮਈ (ਪੱਤਰ ਪ੍ਰੇਰਕ)–ਸਿਵਲ ਸਰਜਨ ਡਾ. ਸੰਜੈ ਕਾਮਰਾ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਮੋਬਾਈਲ ਮੈਡੀਕਲ ਬੱਸ ਚਲਾਈ ਜਾ ਰਹੀ ਹੈ ਜਿਸ 'ਤੇ ਤਾਇਨਾਤ ਸਟਾਫ ਵੱਲੋਂ ਪਿੰਡਾਂ ਦੇ ਦੌਰੇ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮੈਡੀਕਲ ਸੁਵਿਧਾ ਰਾਹੀਂ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦੇਣ ਦੇ ਨਾਲ-ਨਾਲ ਈਸੀਜੀ, ਲੈਬ ਟੈਸਟ ਆਦਿ ਵੀ ਮੌਕੇ 'ਤੇ ਮੁਫ਼ਤ ਕੀਤੇ ਜਾਂਦੇ ਹਨ। ਇਸ ਮੈਡੀਕਲ ਬੱਸ ਰਾਹੀਂ ਲੋੜਵੰਦਾਂ ਤੱਕ ਪਹੁੰਚ ਕਰ ਕੇ ਸਿਹਤ ਸੇਵਾਵਾਂ ਦੇਣ ਨਾਲ ਜ਼ਿਲ੍ਹੇ ਦੇ ਦੂਰ-ਦੁਰਾਜ ਖੇਤਰਾਂ ਦੇ ਲੋਕਾਂ ਨੂੰ ਵੱਡਾ ਲਾਭ ਮਿਲਦਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਪਿੰਡਾਂ ਵਿੱਚ ਰਹਿੰਦੇ ਬਜ਼ੁਰਗ, ਦਿਵਿਆਂਗ, ਬੱਚੇ ਅਤੇ ਹੋਰ ਲੋੜਵੰਦ ਵਿਅਕਤੀ ਜਿਹੜੇ ਹਸਪਤਾਲ ਤੱਕ ਦਵਾਈ ਲੈਣ ਲਈ ਨਹੀਂ ਪਹੁੰਚ ਸਕਦੇ, ਅਜਿਹੇ ਮਰੀਜ਼ਾਂ ਨੂੰ ਦਵਾਈ ਪਹੁੰਚਾਉਣ ਲਈ ਇਹ ਬੱਸ ਲਾਹੇਵੰਦ ਸਾਬਿਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਮੋਬਾਈਲ ਮੈਡੀਕਲ ਬੱਸ ਸੇਵਾ ਦਿਹਾਤੀ ਖੇਤਰ ਦੇ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ। ਇਸ ਮੋਬਾਈਲ ਮੈਡੀਕਲ ਯੂਨਿਟ ਵੱਲੋਂ ਬਲਾਕ ਭਵਾਨੀਗੜ੍ਹ ਦੇ ਪਿੰਡ ਮਹਿਸਮਪੁਰ 'ਚ 15 ਮਈ, ਸੰਤੋਖਪੁਰਾ ਵਿੱਚ 16 ਮਈ, ਜੌਲੀਆਂ 'ਚ 17, ਬਾਲਦ ਖੁਰਦ 'ਚ 19, ਬਲਿਆਲ 'ਚ 20, ਨਰੈਣਗੜ੍ਹ ਵਿੱਚ 21, ਗਹਿਲਾਂ ਵਿੱਚ 22, ਖੇੜੀ ਚੰਦਵਾਂ ਵਿੱਚ 23, ਰੇਤਗੜ੍ਹ ਵਿੱਚ 24, ਫਤਹਿਗੜ੍ਹ ਭਾਦਸੋਂ 'ਚ 26, ਦਿਆਲਗੜ੍ਹ 'ਚ 27, ਕਪਿਆਲ 28, ਬਿਰਧ ਆਸ਼ਰਮ ਮਸਤੂਆਣਾ ਸਾਹਿਬ ਬਹਾਦਰਪੁਰ ਵਿੱਚ 29 ਅਤੇ ਹਰਦਿੱਤਪੁਰਾ ਵਿੱਚ 31 ਮਈ ਨੂੰ ਜਾ ਕੇ ਉੱਥੋਂ ਦੇ ਵਸਨੀਕਾਂ ਦਾ ਮੁਫ਼ਤ ਇਲਾਜ ਕੀਤਾ ਜਾਵੇਗਾ।

# ਧੂਲਕੋਟ ਵਿੱਚ ਕੈਮਰੇ ਲਗਾਉਣ ਲਈ ਮਨਜ਼ੂਰੀ ਪੱਤਰ ਜਾਰੀ



ਗਿੱਦੜਬਾਹਾ, 15 ਮਈ (ਪੱਤਰ ਪ੍ਰੇਰਕ)–ਪਿੰਡ ਧੂਲਕੋਟ 'ਚ ਕੈਮਰੇ ਲਗਾਉਣ ਲਈ ਚੇਅਰਮੈਨ, ਜ਼ਿਲ੍ਹਾ ਯੋਜਨਾ ਕਮੇਟੀ ਸ੍ਰੀ ਮੁਕਤਸਰ ਸਾਹਿਬ ਸੁਖਜਿੰਦਰ ਸਿੰਘ ਕਾਉਣੀ ਨੇ ਆਪਣੇ ਦਫ਼ਤਰ ਵਿੱਚ ਪੰਜ ਲੱਖ ਰੁਪਏ ਦੀ ਰਾਸ਼ੀ ਦਾ ਮਨਜ਼ੂਰੀ ਪੱਤਰ ਜਾਰੀ ਕੀਤਾ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਕੈਮਰੇ ਲੱਗਣ ਨਾਲ ਜਿੱਥੇ ਸ਼ਰਾਰਤੀ ਅਨਸਰਾਂ ਉੱਤੇ ਨਜ਼ਰ ਰਹੇਗੀ, ਉੱਥੇ ਨਾਲ ਹੀ ਪਿੰਡ ਵਾਸੀ ਵੀ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਨਗੇ। ਇਸ ਮੌਕੇ ਸਰਪੰਚ ਛਿੰਦਰ ਕੌਰ ਪਤਨੀ ਇਕਬਾਲ ਸਿੰਘ, ਮਨਦੀਪ ਸਿੰਘ ਯੂਥ ਪ੍ਰਧਾਨ, ਸੁਖਜੀਤ ਸਿੰਘ ਮੈਂਬਰ, ਮੱਖਣ ਸਿੰਘ ਮੈਂਬਰ, ਸੁਖਮੰਦਰ ਸਿੰਘ ਮੈਂਬਰ, ਰੇਸ਼ਮ ਸਿੰਘ ਮੈਬਰ, ਚਰਨਜੀਤ ਸਿੰਘ, ਜਬਰਜੰਗ ਸਿੰਘ ਮੈਬਰ, ਹਰਮਨ ਸਿੰਘ, ਨਿਰਮਲ ਸਿੰਘ ਹਾਜ਼ਰ ਸਨ।

ਕਹਾਣੀ

# ਪੰਛੀ

ਤੇਲੂ ਰਾਮ ਕੁਹਾੜਾ



ਜਿਉਂ ਹੀ ਗੱਡੀ ਰੁਕੀ, ਮੁੰਡਿਆਂ ਨੇ ਸਾਮਾਨ ਹੱਥੋ-ਹੱਥੀਂ ਥੱਲੇ ਲਾਹ ਲਿਆ। ਕੱਲ੍ਹ ਅਤੇ ਪਰਸੋਂ ਉਨ੍ਹਾਂ ਦਿੱਲੀ ਦੇਖੀ ਸੀ, ਅੱਜ ਅਤੇ ਕੱਲ੍ਹ ਆਗਰਾ ਲਈ ਸਨ।

ਰਾਤ ਗੁਜ਼ਾਰਨ ਲਈ ਉਨ੍ਹਾਂ ਨੂੰ ਕੋਈ ਵੀ ਢੁਕਵੀਂ ਥਾਂ ਨਾ ਮਿਲ ਸਕੀ। ਬੇਲਣ-ਗੰਜ ਦੀ ਸਰਾਂ ਬਰਾਤਾਂ ਲਈ ਪਹਿਲਾਂ ਹੀ ਰਾਖਵੀਂ ਸੀ। ਦੋ-ਤਿੰਨ ਧਰਮਸ਼ਾਲਾਵਾਂ ਵਿਚੋਂ ਹੋਰ ਪਤਾ ਕੀਤਾ, ਕੋਈ ਵੀ ਖਾਲੀ ਨਾ ਮਿਲੀ। ਗਰੁੱਪ ਲੀਡਰ ਅਤੇ ਦੋਵੇਂ ਇੰਚਾਰਜ ਸਾਰੇ ਪਾਸਿਆਂ ਤੋਂ ਨਿਰਾਸ਼ ਪਰਤ ਆਏ ਸਨ। ਇਕ ਪਲੇਟਫਾਰਮ ਦੇ ਇਕ ਸਿਰੇ 'ਤੇ ਸਾਰਾ ਸਾਮਾਨ ਰੱਖਿਆ ਗਿਆ। ਬੰਤੇ ਨੂੰ ਸਮਾਨ ਦੀ ਰਾਖੀ ਬਿਠਾਇਆ ਗਿਆ। ਸਾਰਾ ਗਰੁੱਪ ਫਤਹਿਪੁਰ ਸੀਕਰੀ ਦੇਖਣ ਲਈ ਰਵਾਨਾ ਹੋ ਗਿਆ। ਬਿਗਾਨਾ ਸ਼ਹਿਰ, ਬਿਗਾਨੇ ਲੋਕ, ਸਟੇਸ਼ਨ ਦੀ ਚਹਿਲ-ਪਹਿਲ ਵਿਚ ਵੀ ਬੰਤਾ ਆਪਣੇ-ਆਪ ਨੂੰ ਇਕੱਲਾ ਜਿਹਾ ਮਹਿਸੂਸ ਕਰ ਰਿਹਾ ਸੀ। ਨਾਲ ਦੇ ਪਲੇਟਫਾਰਮ 'ਤੇ ਗੱਡੀ ਆਈ ਤਾਂ ਬੰਤਾ ਧਮਕ ਨਾਲ ਕੰਬ ਜਿਹਾ ਗਿਆ। ਗੱਡੀ ਦੀ ਤਿੱਖੀ ਚੀਕ ਨੇ ਜਿਵੇਂ ਬੰਤੇ ਦੇ ਕੰਨ ਵਿਚ ਵਰਮਾ ਬਣ ਗਲੀ ਕੱਢ ਦਿੱਤੀ ਹੋਵੇ। ਉਸ ਨੇ ਇਕਦਮ ਆਪਣੇ ਕੰਨਾਂ ਵਿਚ ਉਂਗਲੀਆਂ ਦੇ ਲਈਆਂ ਅਤੇ ਉਸ ਦੀ ਨਜ਼ਰ ਉਤਰਦੀਆਂ-ਚੜ੍ਹਦੀਆਂ ਸਵਾਰੀਆਂ ਵਿਚ ਗੁਆਚ ਗਈ। ਪਰ ਜਿਉਂ ਹੀ ਉਸ ਨੂੰ ਨੇੜੇ ਪਏ ਸਾਮਾਨ ਦਾ ਖਿਆਲ ਆਇਆ, ਉਹ ਕੰਨਾਂ ਵਿਚੋਂ ਉਂਗਲਾਂ ਕੱਢ ਇਕਦਮ ਚੇਤੰਨ ਹੋ ਗਿਆ। ਉਸ ਦੀ ਨਜ਼ਰ ਸਾਮਾਨ ਉਤੇ ਸੀ ਅਤੇ ਸੋਚ ਹੌਲੀ-ਹੌਲੀ ਕਾਲਜ ਵਿਚ ਜਾ ਵੜੀ।

'ਕਮਲਾ ਏ ਬੰਤਿਆ ਤੂੰ ਤਾਂ, ਇਹ ਕੋਈ ਧਾਰਮਿਕ ਸਥਾਨ ਨਹੀਂ, ਇਹ ਤਸਵੀਰ ਤਾਂ ਤਾਜ ਮਹੱਲ ਦੀ ਹੈ... ਤਾਜ...।' ਪ੍ਰਿੰਸੀਪਲ ਨੇ ਦੱਸਿਆ ਸੀ। ਬੰਤੇ ਨੇ ਵਿਚੋਂ ਹੀ ਪ੍ਰਸ਼ਨ ਕੀਤਾ ਸੀ, 'ਜੀ ਕਿਹੜੇ ਰਾਜੇ ਦਾ?'

'ਸ਼ਾਹ ਜਹਾਨ ਨੇ ਆਪਣੀ ਸੁੰਦਰ ਪਤਨੀ ਦੀ ਯਾਦ ਵਿਚ ਬਣਵਾਇਆ ਸੀ... ਬਾਈ ਸਾਲਾਂ ਵਿਚ ਬਣਿਆ ਸੀ। ਬਾਈ ਸਾਲਾਂ ਵਿਚ ਬੱਚੇ ਜੁਆਨ, ਜੁਆਨ ਬੁੱਢੇ ਅਤੇ ਬੁੱਢੇ ਰੱਬ ਨੂੰ ਪਿਆਰੇ ਹੋ ਜਾਂਦੇ ਨੇ। ਕਿੰਨੇ ਹੀ ਮਰਦ ਔਰਤਾਂ, ਇਸ ਨੂੰ ਬਣਾਉਂਦੇ-ਬਣਾਉਂਦੇ ਮਰ ਗਏ ਸੀ।' ਕਹਿੰਦਿਆਂ-ਕਹਿੰਦਿਆਂ ਪ੍ਰਿੰਸੀਪਲ ਦੇ ਬੁੱਲ੍ਹਾਂ ਤੋਂ ਮੁਸਕਰਾਹਟ ਜਿਵੇਂ ਉੱਡ ਗਈ ਸੀ। ਬੰਤਾ ਪ੍ਰਿੰਸੀਪਲ ਦੇ ਚਿਹਰੇ 'ਤੇ ਆਈ ਤਬਦੀਲੀ ਤੋਂ ਹੈਰਾਨ ਸੀ। ਉਹ ਅੰਦਰੋਂ-ਅੰਦਰ ਸੋਚਣ ਲੱਗਿਆ, 'ਸ਼ਾਇਦ ਪ੍ਰਿੰਸੀਪਲ ਸਾਹਿਬ, ਮਰਨ ਵਾਲਿਆਂ ਦੇ ਦੁੱਖ ਵਿਚ ਡੁੱਬ ਗਏ ਨੇ...', ਬੰਤਾ ਸੋਚਦਾ-ਸੋਚਦਾ ਇਕਦਮ ਗੰਭੀਰ ਹੋ ਗਿਆ, ਪਰ ਉਸ ਦੇ ਮਨ ਦੀ ਇਕ ਕੂੰਟ ਵਿਚੋਂ ਇਕ ਖੁਸ਼ੀ ਜਿਹੀ ਮਹਿਕ ਰਹੀ ਸੀ ਕਿ ਅੱਜ ਪਹਿਲੇ ਦਿਨ ਉਸ ਦੇ ਸਾਹਿਬ ਨੇ ਉਸ ਨਾਲ ਹੱਸ ਕੇ ਗੱਲਾਂ ਕੀਤੀਆਂ ਸਨ।

ਬੰਤਾ ਚੁੱਪ-ਚਾਪ ਕਦੇ ਆਪਣੇ ਸਾਹਿਬ ਵੱਲ ਦੇਖ ਲੈਂਦਾ, ਕਦੇ ਤਾਜ ਮਹੱਲ ਦੀ ਤਸਵੀਰ ਵੱਲ।

ਇਕ ਦਿਨ ਇਕ ਪ੍ਰੋਫੈਸਰ ਕੋਲੋਂ ਤਾਜ ਮਹੱਲ ਬਾਬਤ ਸਾਰਾ ਕੁਝ ਸੁਣਨ ਪਿੱਛੋਂ ਬੰਤਾ ਮਹਿਸੂਸ ਕਰਨ ਲੱਗ ਪਿਆ ਸੀ, 'ਊ ਅਜਿਹਾ ਮਹੱਲ ਦੇਖਣਾ ਤਾਂ ਜ਼ਰੂਰ ਚਾਹੀਦੈ।' ਫਿਰ ਪੂਰਨਮਾਸ਼ੀ ਦੀ ਜਿਹੜੀ ਰਾਤ ਵੀ ਆਉਂਦੀ, ਬੰਤਾ ਚੰਦ ਵੱਲ ਦੇਖਦਾ ਰਹਿੰਦਾ। ਉਸ ਦੇ ਖਿਆਲਾਂ ਵਿਚ ਇਕ ਦੁਧੀਆ ਸੰਗਮਰਮਰ ਦਾ ਤਾਜ ਮਹੱਲ ਉੱਸਰਦਾ, ਉਸ ਨੂੰ ਚੰਨ ਚਾਨਣੀ ਫਿੱਕੀ-ਫਿੱਕੀ ਨਜ਼ਰ ਆਉਣ ਲਗਦੀ...।

ਪਰਲੇ ਕਿਸੇ ਪਲੇਟਫਾਰਮ 'ਤੇ ਆ ਰਹੀ ਗੱਡੀ ਦੀ ਚੀਕ ਨੇ ਉਸ ਦਾ ਧਿਆਨ ਕਾਲਜ ਵਿਚੋਂ ਮੋੜ ਕੇ ਫਿਰ ਸਟੇਸ਼ਨ 'ਤੇ ਲੈ ਆਂਦਾ। ਉਸ ਨੇ ਇਕੱਲੇ-ਇਕੱਲੇ ਨਗਾਂ ਉਤੇ ਨਜ਼ਰ ਘੁਮਾਈ, 'ਸਭ ਠੀਕ ਠਾਕ ਹੈ...', ਆਖ ਉਹ ਫਿਰ ਆਪਣੇ ਸਾਹਿਬ ਨਾਲ ਕੀਤੀਆਂ ਗੱਲਾਂ ਯਾਦ ਕਰਨ ਲੱਗਿਆ।

'ਅੱਛਾ ਬਈ ਬੰਤਿਆ, ਤੂੰ ਆਪਣੀ ਪਤਨੀ ਦੀ ਯਾਦ ਵਿਚ ਬਣਵਾ ਸਕਦੈਂ ਅਜਿਹਾ ਮਹੱਲ...।'

'ਰੱਬ ਰੱਬ ਕਰੋ ਸਾਹਿਬ ਜੀ... ਆਪਣਾ ਸਿਰ ਢਕਣ ਨੂੰ ਤਾਂ...'

'ਅੱਛਾ! ਤਾਂ ਦੇਖਣਾ ਵੀ ਨਹੀਂ ਚਾਹੁੰਦਾ।'

'ਨਵੀਂ ਚੀਜ਼ ਆ, ਜ਼ਰੂਰ ਦੇਖ ਲਵਾਂਗੇ, ਭਾੜਾ...', ਪ੍ਰਿੰਸੀਪਲ ਨੇ ਬੰਤੇ ਦੀ ਗੱਲ ਕੱਟਦਿਆਂ ਮੁਸਕਰਾ ਕੇ ਕਿਹਾ, 'ਭਾੜੇ ਦਾ ਤੈਨੂੰ ਕਾਹਦਾ ਫਿਕਰ? ਤੇਰੇ ਲਈ ਫ੍ਰੀ, ਬਿਲਕੁਲ ਫ੍ਰੀ।'

'ਕਦੋਂ ਜਾਣਾ ਹੈ ਸਾਹਿਬ ਜੀ ਦੇਖਣ...।'

'ਅਗਲੇ ਮਹੀਨੇ, ਬੱਸ ਖਿੱਚ ਲੈ ਤਿਆਰੀਆਂ... ਕੱਪੜੇ ਕੁਪੜੇ ਸੁਆ ਲੈ ਨਵੇਂ ਤੂੰ।'

ਪ੍ਰਿੰਸੀਪਲ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਸੀ ਅਤੇ ਬੰਤੇ ਦੀਆਂ ਅੱਖਾਂ ਵਿਚ ਅਜੀਬ ਜਿਹੀ ਲਿਸ਼ਕ।

ਜਦੋਂ ਸਟੇਸ਼ਨ ਦੀਆਂ ਬੱਤੀਆਂ ਇਕਦਮ ਜਗੀਆਂ ਤਾਂ ਬੰਤੇ ਦੀਆਂ ਅੱਖਾਂ ਚੁੰਧਿਆ ਗਈਆਂ। ਉਸ ਦਾ ਸਾਰਾ ਦਿਨ ਆਉਣ ਵਾਲੀ ਕੱਲ੍ਹ ਦੀ ਉਡੀਕ ਵਿਚ ਗੁਜ਼ਰ ਗਿਆ। ਤੇ ਰਾਤ...। ਰਾਤ ਜਾਗ-ਜਾਗ ਕੇ, ਬੇਆਰਾਮੀ, ਬੇਤਾਬੀ ਜਿਹੀ ਵਿਚ ਲੰਘੀ।

ਦੂਜੇ ਦਿਨ ਸਵੇਰੇ ਮੁੰਡੇ ਆਗਰਾ ਦੇਖਣ ਲਈ ਸਟੇਸ਼ਨ ਤੋਂ ਬਾਹਰ ਨਿਕਲ ਆਏ। ਨਵੰਬਰ ਦੇ ਅਖੀਰਲੇ ਦਿਨਾਂ ਦੀ ਕੋਸੀ-ਕੋਸੀ ਧੁੱਪ ਜਿਵੇਂ ਸੜਕਾਂ 'ਤੇ ਵਿਛ-ਵਿਛ ਉਨ੍ਹਾਂ ਦਾ ਸਵਾਗਤ ਕਰ ਰਹੀ ਸੀ। ਤਾਂਗੇ ਵਾਲੇ ਲਾਲ ਕਿਲ੍ਹਾ, ਤਾਜ ਮਹੱਲ, ਦਿਆਲ ਬਾਗ਼ ਲਈ ਆਵਾਜ਼ਾਂ ਮਾਰ ਰਹੇ ਸਨ। ਮੁੰਡੇ ਸਟੇਸ਼ਨ ਦੇ ਬਾਹਰ ਖੜ੍ਹੇ ਆਪਣੇ ਦੋਵੇਂ ਇੰਚਾਰਜਾਂ ਨੂੰ ਉਡੀਕ ਰਹੇ ਸਨ। ਇੰਚਾਰਜ ਬੰਤੇ ਕੋਲ ਪਲੇਟਫਾਰਮ 'ਤੇ ਖੜ੍ਹੇ ਉਸ ਨੂੰ ਕਹਿ ਰਹੇ ਸਨ, 'ਬੰਤੇ ਤੇਰੀ ਵਾਰੀ ਆਥਣੇ ਹੈ, ਦੋ ਮੁੰਡੇ ਤੇਰੇ ਨਾਲ ਭੇਜਾਂਗੇ... ਤੈਨੂੰ ਸਾਰਾ ਆਗਰਾ ਦਿਖਾ ਲਿਆਉਣਗੇ।'

ਬੰਤਾ ਉਨ੍ਹਾਂ ਦੀ ਗੱਲ ਸੁਣ, ਥੱਕੇ ਹੋਏ ਮੁਸਾਫ਼ਿਰ ਵਾਂਗ ਫਿਰ ਬੈਂਚ ਉੱਤੇ ਬੈਠ ਗਿਆ। ਰੇਲ ਗੱਡੀਆਂ ਦੇ ਖੜਕੇ ਨਾਲ ਤੇ ਰਾਤ ਦੇ ਉਨੀਂਦਰੇ ਕਾਰਨ ਉਸ ਦਾ ਸਿਰ ਦੁਖਣ ਲੱਗ ਪਿਆ ਸੀ। ਪੁੜਪੁੜੀਆਂ ਤਾਂ ਜਿਵੇਂ ਟੱਸ-ਟੱਸ ਕਰਦੀਆਂ ਸਨ। ਸਵੇਰ ਦੀ ਚਾਹ ਤੋਂ ਬਿਨਾਂ ਉਸ ਨੇ ਕੁਝ ਵੀ ਨਹੀਂ ਸੀ ਖਾਧਾ-ਪੀਤਾ, ਨਾ ਹੀ ਕੁਝ ਖਾਣ-ਪੀਣ ਨੂੰ ਉਸ ਦਾ ਜੀਅ ਕਰਦਾ ਸੀ। ਤਿੰਨ ਵਜੇ ਤੱਕ ਗਰੁੱਪ ਨਹੀਂ ਸੀ ਪਰਤਿਆ।

ਬੰਤੇ ਵਾਲੇ ਬੈਂਚ ਤੋਂ ਥੋੜ੍ਹੀ ਦੂਰ ਇਕ ਖੰਭੇ ਨਾਲ ਲਾਊਡ ਸਪੀਕਰ ਬੰਨ੍ਹਿਆ ਹੋਇਆ ਸੀ, ਜਿਸ ਦੀ ਤਿੱਖੀ ਜ਼ਨਾਨਾ ਆਵਾਜ਼ ਗੱਡੀਆਂ ਦੀ ਆਵਾਜਾਈ ਬਾਬਤ ਦੱਸ ਰਹੀ ਸੀ। ਬੰਤੇ ਨੂੰ ਉਹ ਆਵਾਜ਼ ਇਸ ਤਰ੍ਹਾਂ ਲੱਗੀ ਜਿਵੇਂ ਉਸ ਦੇ ਪਿੰਡ, ਉਸ ਦੇ ਘਰ ਚੁੱਲ੍ਹੇ ਵਾਲੇ ਓਟੇ ਕੋਲ ਖੜ੍ਹੀ ਉਸ ਦੀ ਭੁੱਖੀ ਬੱਕਰੀ ਮਿਆਂਕ ਰਹੀ ਹੋਵੇ। ਘਰ ਵਾਲੀ ਦਾ ਖਿਆਲ ਆਉਂਦਿਆਂ ਹੀ ਉਹ ਸੋਚਣ ਲੱਗਿਆ, 'ਹੁਣ ਸ਼ਾਇਦ ਉਹ ਪੱਠਿਆਂ ਨੂੰ ਗਈ ਹੋਣੀ ਆ ਤੇ ਨਿਆਣੇ ਸਕੂਲੋਂ ਆ ਗਏ ਹੋਣੇ ਨੇ... ਲੱਭਦੇ ਫਿਰਦੇ ਹੋਣਗੇ ਉਹਨੂੰ ਪਰ ਡੇਕ ਦੀਆਂ ਜੜ੍ਹਾਂ ਵਿਚ, ਇੱਟ ਥੱਲਿਉਂ ਕੁੰਜੀ ਚੁੱਕ ਕੇ ਖੋਲ੍ਹ ਲੈਣਗੇ ਜਿੰਦਾ... ਛੋਟਾ ਤਾਂ ਗੁੜ ਨੂੰ ਪਿਆ ਹੋਣਾ ਟੁੱਟ ਕੇ।'

ਉਸ ਕੋਲ ਆ ਕੇ ਖੜ੍ਹੀਆਂ ਦੋ ਮੁਟਿਆਰਾਂ ਨੇ ਉਸ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਪਹਿਲਾਂ ਤਾਂ ਬੰਤਾ ਸੋਚ ਹੀ ਨਾ ਸਕਿਆ ਕਿ ਉਹ ਕੁੜੀਆਂ ਹਨ ਜਾਂ ਮੁੰਡੇ, ਫਿਰ ਛੇਤੀ ਹੀ ਉਸ ਦਾ ਭੁਲੇਖਾ ਉਦੋਂ ਦੂਰ ਹੋ ਗਿਆ ਜਦੋਂ ਉਨ੍ਹਾਂ ਬੰਤੇ ਵੱਲ ਨੂੰ ਮੂੰਹ ਘੁਮਾਏ।

'ਓਏ ਬੰਤਿਆ! ਇਹ ਤਾਂ ਸਹੁਰੀਆਂ ਮੇਮਾਂ ਨੇ...', ਉਹ ਮਨ ਹੀ ਮਨ ਵਿਚ ਉਨ੍ਹਾਂ ਦੀ ਚਿੱਟੀ-ਚਿੱਟੀ ਚਮੜੀ ਨੂੰ ਦੇਖ ਖੁਸ਼ ਹੋ ਰਿਹਾ ਸੀ। ਕੰਨ ਉਨ੍ਹਾਂ ਵੱਲ ਲਾ ਕੇ ਉਨ੍ਹਾਂ ਦੀ ਗਿਟ-ਮਿਟ ਸੁਣਨ ਲੱਗਿਆ ਪਰ ਉਸ ਨੂੰ 'ਟਾਜ ਮਹੱਲ' ਤੋਂ ਬਿਨਾਂ ਹੋਰ ਕੁਝ ਵੀ ਸਮਝ ਨਹੀਂ ਸੀ ਆ ਰਿਹਾ।

ਪੇਠੇ ਦੀ ਮਠਿਆਈ ਵੇਚਣ ਵਾਲਾ ਕੁਝ ਪਲ ਆਰਾਮ ਕਰਨ ਲਈ ਆਪਣੀ ਛਾਬੜੀ ਸਮੇਤ ਬੰਤੇ ਕੋਲ ਬੈਂਚ 'ਤੇ ਆ ਕੇ ਬੈਠਾ। ਉਸ ਬੀੜੀ ਸੁਲਘਾਈ, ਬੰਤੇ ਨੇ ਉਸ ਤੋਂ ਕਈ ਗੱਲਾਂ ਪੁੱਛੀਆਂ। ਫਿਰ ਬੰਤੇ ਨੇ ਉਸ ਨੂੰ ਆਗਰਾ ਸ਼ਹਿਰ ਬਾਰੇ ਪੁੱਛਿਆ। ਉਹ ਦੱਸਣ ਲੱਗਿਆ, 'ਤਾਜ ਮਹੱਲ ਜਿਸ ਦੇ ਕਲਸ ਵਿਚ ਡੇਢ ਕੁਇੰਟਲ ਛੋਲੇ ਪੈ ਸਕਦੇ ਹਨ, ਕਬਰਾਂ 'ਤੇ ਮੀਂਹ ਪੈਣ 'ਤੇ ਪਾਣੀ ਦੇ ਤੁਪਕੇ ਡਿਗਦੇ ਹਨ, ਜੋ ਕਾਰੀਗਰਾਂ ਦੀ ਕਾਰੀਗਰੀ ਸਬੂਤ ਹੈ। ਉਸ ਨੇ ਬੰਤੇ ਨੂੰ ਦੱਸਿਆ ਦਿਆਲ ਬਾਗ ਬਾਬਤ, ਜਿਥੋਂ ਚਮੜੇ ਦਾ ਸਾਮਾਨ ਵਿਦੇਸ਼ਾਂ ਨੂੰ ਜਾਂਦਾ ਹੈ।

ਲਾਲ ਕਿਲ੍ਹੇ ਬਾਬਤ ਜਿਥੇ ਇਕ ਪੁੱਤ ਨੇ ਆਪਣੇ ਪਿਓ ਨੂੰ ਕੈਦ ਕੀਤਾ ਸੀ। ਕਿਨਾਰੀ ਬਾਜ਼ਾਰ ਬਾਬਤ ਜਿਥੇ ਭਾਰਤ ਵਿਚ ਅੱਜ ਵੀ ਔਰਤਾਂ ਨੂੰ ਜੀਵਨ ਗੁਜ਼ਾਰਨ ਲਈ ਸਰੀਰ ਵੇਚਣੇ ਪੈਂਦੇ ਹਨ। ਉਸ ਨੇ ਬੰਤੇ ਨੂੰ ਦੱਸਿਆ, ਰਾਧਾ-ਸੁਆਮੀ ਮੰਦਿਰ ਬਾਰੇ ਜਿਸ ਦੀਆਂ ਦੀਵਾਰਾਂ ਉਤੇ ਆਧੁਨਿਕ ਕਲਾ ਦੇ ਨਮੂਨੇ ਮਨ-ਮੋਹਣੇ ਹਨ।

ਸਭ ਕੁਝ ਸੁਣ ਕੇ ਬੰਤੇ ਨੇ ਇਕ ਲੰਬਾ ਹਉਕਾ ਭਰਿਆ। ਉਸ ਦੀ ਉਤਸੁਕਤਾ ਕੌੜੀ ਵੇਲ ਵਾਂਗ ਵਧ ਗਈ। ਉਸ ਦੇਖਿਆ ਧੁੱਪ ਪਲੇਟਫਾਰਮ ਨੰਬਰ ਦੋ ਤੋਂ ਸਰਕ ਕੇ, ਨੰਬਰ ਇਕ ਪਲੇਟਫਾਰਮ 'ਤੇ ਆ ਚੜ੍ਹੀ ਸੀ। ਪੇਠੇ ਦੀ ਮਠਿਆਈ ਵਾਲਾ ਅੱਧ-ਜਲੀ ਜਿਹੀ ਬੀੜੀ ਸੁੱਟ ਨਾਲ ਵਾਲੇ ਪਲੇਟਫਾਰਮ 'ਤੇ ਆ ਰਹੀ ਗੱਡੀ ਕਾਰਨ ਉੱਠ ਕੇ ਚਲਾ ਗਿਆ। ਉਸ ਦੇ ਜਾਣ ਪਿੱਛੋਂ ਬੰਤੇ ਦਾ ਜੀਅ ਕੀਤਾ ਕਿ ਉਹ ਉਡਾਰੀ ਮਾਰ ਕੇ ਸਾਰਾ ਸ਼ਹਿਰ ਦੇਖ ਆਵੇ। ਖੜ੍ਹਾ ਹੋ ਉਸ ਨੇ ਪਲੇਟਫਾਰਮ ਵਾਲੀ ਦੀਵਾਰ ਉੱਤੋਂ ਬਾਹਰ ਨਜ਼ਰ ਮਾਰੀ, ਕੋਈ ਵੀ ਮੁੰਡਾ ਨਜ਼ਰ ਨਾ ਆਇਆ। ਉਹ ਉਦਾਸ ਹੋ ਕੇ ਫਿਰ ਬੈਂਚ ਉਤੇ ਬੈਠ ਗਿਆ।

ਭਾਵੇਂ ਬੰਤਾ ਕੱਲ੍ਹ ਦਾ ਬੈਂਚ ਉਤੇ ਬਿਲਕੁਲ ਵਿਹਲਾ ਬੈਠਾ ਸੀ, ਫਿਰ ਵੀ ਉਸ ਨੂੰ ਆਪਣਾ ਸਰੀਰ ਥੱਕਿਆ-ਥੱਕਿਆ ਤੇ ਟੁੱਟਿਆ-ਟੁੱਟਿਆ ਲਗਦਾ ਸੀ।

ਸ਼ਾਮ ਹੋਈ, ਗਰੁੱਪ ਪਰਤਿਆ। ਬੰਤਾ ਉਠ ਕੇ ਮੁੰਡਿਆਂ ਵੱਲ ਨੂੰ ਤੁਰਿਆ। ਕੁਝ ਮੁੰਡਿਆਂ ਕੋਲੋਂ ਉਸ ਨੂੰ ਸ਼ਰਾਬ ਦੀ ਬੂ ਆ ਰਹੀ ਸੀ ਤੇ ਉਹ ਝੂਮ-ਝੂਮ ਕੇ ਬੰਤੇ ਨੂੰ ਆਗਰੇ ਦੀ ਮਹੱਤਤਾ ਬਾਰੇ ਦੱਸ ਰਹੇ ਸਨ। ਗੱਲਾਂ ਦੱਸਦਿਆਂ-ਦੱਸਦਿਆਂ ਦੋਵੇਂ ਇੰਚਾਰਜ ਵੀ ਆ ਗਏ।

'ਲਓ ਬਈ ਸਾਮਾਨ ਸੰਭਾਲ ਲਵੋ... ਆਗਰਾ ਦੇਖਿਆ ਗਿਆ, ਆਪਾਂ ਹੁਣ ਕਿਸੇ ਗੱਡੀ...', ਇਕ ਇੰਚਾਰਜ ਦੀ ਗੱਲ ਲਾਊਡ ਸਪੀਕਰ 'ਤੇ ਆ ਰਹੀ ਆਵਾਜ਼ ਨੇ ਜਿਵੇਂ ਖੁਰਦ-ਬੁਰਦ ਹੀ ਕਰ ਦਿੱਤਾ ਹੋਵੇ। ਸੂਚਨਾ ਵਾਰ-ਵਾਰ ਦੁਹਰਾਈ ਜਾ ਰਹੀ ਸੀ, 'ਦਿੱਲੀ ਜਾਨੇ ਵਾਲੀ ਗਾਡੀ, ਪਲੇਟਫਾਰਮ ਨੰਬਰ ਦੋ ਸੇ ਉਨੀਸ ਪਾਂਚ ਪੇ ਰਵਾਨਾ ਹੋਗੀ।'

ਗੱਡੀ ਸੀਲ ਘੋੜੇ ਵਾਂਗ ਰੁਕੀ ਖੜ੍ਹੀ ਸੀ। ਸਾਰੇ ਆਪਣਾ-ਆਪਣਾ ਸਾਮਾਨ ਲੈ ਕੇ ਗੱਡੀ ਚੜ੍ਹਨ ਲਈ ਖਿੰਡ-ਪੁੰਡ ਗਏ। ਬੰਤੇ ਦੀ ਕਲਪਨਾ, ਪ੍ਰਿੰਸੀਪਲ ਦੇ ਦਫਤਰ ਵਿਚ ਲੱਗੀ ਤਾਜ ਮਹੱਲ ਦੀ ਤਸਵੀਰ ਦੁਆਲੇ ਘੁੰਮ ਰਹੀ ਸੀ।

ਉਸ ਨੂੰ ਆਪਣੇ ਸਾਹਿਬ ਨਾਲ-ਨਾਲ ਕੀਤੀਆਂ ਗੱਲਾਂ ਯਾਦ ਆ ਰਹੀਆਂ ਸਨ। 'ਸਾਹਿਬ ਮੈਂ ਆਗਰਾ...', ਆਪਣੇ ਕੋਲ ਖੜ੍ਹੇ ਪ੍ਰੋਫੈਸਰ ਨੂੰ ਜਦੋਂ ਬੰਤੇ ਨੇ ਕਿਹਾ ਤਾਂ ਪ੍ਰੋਫੈਸਰ ਨੇ ਉਸ ਦੀ ਗੱਲ ਅਣਸੁਣੀ ਕਰ ਦਿੱਤੀ।

'ਛੇਤੀ ਸਾਮਾਨ ਡੱਬੇ ਵਿਚ ਸਿੱਟ... ਗੱਡੀ ਤੁਰਨ ਵਾਲੀ ਹੈ, ਇਥੇ ਭਲਾ ਦੇਖਣ ਵਾਲਾ ਹੈ ਹੀ ਕੀ?' ਸੁਣ ਕੇ ਹਲਕੀ-ਹਲਕੀ ਠੰਢ ਵਿਚ ਵੀ ਜਿਵੇਂ ਬੰਤੇ ਦੇ ਸਰੀਰ ਵਿਚੋਂ ਭਾਫ ਜਿਹੀ ਨਿਕਲੀ ਹੋਵੇ। ਗੁੱਸਾ ਜਿਹਾ ਉਸ ਦੇ ਸਰੀਰ ਨੂੰ ਕਾਂਬਾ ਜਿਹਾ ਛੇੜ ਗਿਆ।

'ਬਈ ਛੇਤੀ ਕਰ ਨਹੀਂ ਤਾਂ ਰਹਿ ਜਾਏਗਾ...', ਇਕ ਮੁੰਡਾ ਅੰਦਰੋਂ ਉੱਚੀ ਆਵਾਜ਼ ਵਿਚ ਕਹਿ ਰਿਹਾ ਸੀ ਪਰ ਬੰਤਾ ਖੜ੍ਹਾ ਸੋਚ ਰਿਹਾ ਸੀ, 'ਇਹੋ ਜਿਹੇ ਬੰਦਿਆਂ ਨਾਲ ਵੀ ਕੀ ਜਾਣਾ ਹੋਇਆ? ਜਿਹੜੇ...।' ਗਾਰਡ ਦੀ ਸੀਟੀ ਵੱਜੀ... ਪਲੇਟਫਾਰਮ ਦੀ ਛੱਤ ਵਾਲੀਆਂ ਟੀਨਾਂ ਨਾਲ ਟਕਰਾਕੇ ਸੀਟੀ ਦੀ ਆਵਾਜ਼ ਗੂੰਜੀ।

ਪ੍ਰੋਫੈਸਰ ਦੇ ਕਹੇ 'ਤੇ ਦੋ ਮੁੰਡਿਆਂ ਨੇ ਬੰਤੇ ਨੂੰ ਬਾਹਾਂ ਤੋਂ ਫੜ ਕੇ, ਡੱਬੇ ਅੰਦਰ ਖਿੱਚ ਲਿਆ। ਜਿਉਂ ਹੀ ਗੱਡੀ ਚੱਲੀ, ਬੰਤੇ ਨੂੰ ਲੱਗਿਆ... ਜਿਵੇਂ ਗੱਡੀ ਦਾ ਡੱਬਾ ਇਕ ਵੱਡਾ ਸਾਰਾ ਪਿੰਜਰਾ ਹੋਵੇ... ਉਹ ਉਸ ਵਿਚ ਬੰਦ ਇਕ ਪੰਛੀ, ਉਹ ਵੀ ਪਰ-ਕੱਟਿਆ ਤੇ ਉਸ ਦੀ ਨਜ਼ਰ ਪਲੇਟਫਾਰਮ ਉਤੇ ਸ਼ੀਸ਼ੇ ਵਿਚ ਬੰਦ ਤਾਜ ਮਹੱਲ 'ਤੇ ਪਈ... ਜਿੰਨਾ ਚਿਰ ਉਹ ਓਹਲੇ ਨਾ ਹੋਇਆ, ਉਹ ਉਸ ਵੱਲ ਦੇਖੀ ਗਿਆ, ਦੇਖੀ ਗਿਆ।

**-ਪਿੰਡ ਤੇ ਡਾਕ: ਕੁਹਾੜਾ, ਜ਼ਿਲ੍ਹਾ ਲੁਧਿਆਣਾ।**

# ਹਾਸ-ਵਿਅੰਗ : ਲੱਛੂ ਸਿੰਘ ਦੀ ਅਪੀਲ



ਲੱਛੂ ਸਿੰਘ ਨੇ ਆਲੀਸ਼ਾਨ ਕੋਠੀ ਆਪਣੇ ਪਿੰਡ ਮੀਰਹੇੜੀ ਦੇ ਲਾਗਲੇ ਸ਼ਹਿਰ ਧੂਰੀ ਵਿਖੇ ਬਣਾ ਲਈ ਅਤੇ ਉਥੇ ਹੀ ਆਪਣੇ ਪਰਿਵਾਰ ਸਮੇਤ ਰਹਿਣ ਲੱਗ ਪਿਆ। ਉਸ ਦੀ ਜ਼ਮੀਨ ਪਿੰਡ ਵਿਚ ਸੀ, ਜਿਥੇ ਉਹ ਰੋਜ਼ਾਨਾ ਚੱਕਰ ਮਾਰ ਆਉਂਦਾ ਸੀ ਅਤੇ ਆਪਣੇ ਜੱਦੀ ਮਕਾਨ ਦੀ ਦੇਖ-ਭਾਲ ਵੀ ਕਰ ਆਉਂਦਾ ਸੀ। ਲੱਛੂ ਸਿੰਘ ਭਾਵੇਂ ਦਸ ਜਮਾਤਾਂ ਪੜ੍ਹਿਆ-ਹੋਇਆ ਸੀ ਪਰ ਉਹ ਲੱਛੇਦਾਰ ਭਾਸ਼ਣ ਦੇਣ ਵਿਚ ਬਹੁਤ ਮਾਹਿਰ ਸੀ। ਉਸ ਨੇ ਸ਼ਹਿਰ ਵਿਚ ਰਹਿੰਦਿਆਂ ਨਸ਼ਿਆਂ, ਮਿਲਾਵਟ, ਫਾਸਟ ਫੂਡ, ਕੁੜੀਆਂ ਦੀ ਸੁਰੱਖਿਆ, ਭ੍ਰਿਸ਼ਟਾਚਾਰ, ਦਾਜ ਪ੍ਰਥਾ ਆਦਿ ਦੇ ਵਿਰੁੱਧ ਜਾਗਰੂਕਤਾ ਮੁਹਿੰਮ ਵੀ ਚਲਾਈ ਹੋਈ ਸੀ। ਇਸ ਅਭਿਆਨ ਦੇ ਨਾਲ ਲੋਕ ਕਾਫ਼ੀ ਸੁਚੇਤ ਤੇ ਪ੍ਰਭਾਵਿਤ ਵੀ ਹੋ ਗਏ ਸਨ। ਚੋਣਾਂ ਦੌਰਾਨ ਲੱਛੂ ਸਿੰਘ ਨੂੰ ਰਾਜਨੀਤਕ ਪਾਰਟੀਆਂ ਦੇ ਪ੍ਰੋਗਰਾਮਾਂ ਪ੍ਰਤੀ ਭਾਸ਼ਣ ਦੇਣ ਦੇ ਕਈ ਸੱਦੇ-ਪੱਤਰ ਆਏ ਪ੍ਰੰਤੂ ਉਸ ਨੇ ਸਭ ਨੂੰ ਨਕਾਰ ਦਿੱਤਾ। ਹਾਲਾਂਕਿ ਰਾਜਨੀਤਕ ਪਾਰਟੀਆਂ ਵੱਲੋਂ ਲੱਛੂ ਸਿੰਘ ਨੂੰ ਭਾਸ਼ਣ ਦੇਣ ਪ੍ਰਤੀ ਨੋਟਾਂ ਦੇ ਖੁੱਲ੍ਹੇ ਗੱਫੇ ਦੇਣ ਦੀ ਪੇਸ਼ਕਸ਼ ਕੀਤੀ ਗਈ ਪ੍ਰੰਤੂ ਉਸ ਨੇ ਠੁਕਰਾ ਦਿੱਤੀ। ਲੱਛੂ ਸਿੰਘ ਨੇ ਮੌਕੇ ਦੀ ਨਬਜ਼ ਪਹਿਚਾਣਦਿਆਂ ਆਪਣੇ ਸਾਥੀਆਂ ਨੂੰ ਇਕੱਠੇ ਕਰਕੇ ਹਰ ਵਿਅਕਤੀ ਨੂੰ ਆਪਣੀ ਵੋਟ ਦੀ ਵਰਤੋਂ ਕਰਨ ਦੀ ਮੁਹਿੰਮ ਛੇੜ ਦਿੱਤੀ ਅਤੇ ਹੋਰ ਸ਼ਹਿਰਾਂ ਵਿਚ ਜਾ ਕੇ ਵੋਟਰਾਂ ਨੂੰ ਵੋਟ ਪਾਉਣ ਲਈ ਭਾਸ਼ਣ ਦੇਣ ਦੇ ਕਈ ਪ੍ਰੋਗਰਾਮ ਬਣਾ ਲਏ। ਜ਼ਿਲ੍ਹੇ ਦੇ ਇਕ ਵੱਡੇ ਪ੍ਰੋਗਰਾਮ ਵਿਚ ਨੌਜਵਾਨਾਂ ਨੂੰ ਭਾਸ਼ਣ ਦਿੰਦੇ ਹੋਏ ਲੱਛੂ ਸਿੰਘ ਨੇ ਕਿਹਾ, 'ਨੌਜਵਾਨੋ ਤੁਹਾਡੇ ਹੱਥਾਂ ਵਿਚ ਭਵਿੱਖ ਦੀ ਡੋਰ ਹੈ, ਨਿਸਚਿਤ ਤਾਰੀਖ ਨੂੰ ਆਪਣੀ ਵੋਟ ਜ਼ਰੂਰ ਪਾਉਣ ਜਾਇਓ, ਵੇਖਿਓ ਕਿਤੇ ਐਵੇਂ ਵਟਸ ਅੱਪ ਤੇ ਫੇਸ ਬੁੱਕ 'ਤੇ ਆਪਣੇ ਪੋਟੇ (ਉਂਗਲਾਂ) ਨਾ ਘੁਮਾਈ ਜਾਇਓ। ਕਿਸੇ ਵੀ ਚੋਣ ਨਿਸ਼ਾਨ 'ਤੇ ਠੱਪਾ ਠੋਕ ਦੇਣਾ, ਇਹ ਤੁਹਾਡੀ ਸੋਚ 'ਤੇ ਨਿਰਭਰ ਹੋਵੇਗਾ ਕਿ ਕਿਹੜੀ ਪਾਰਟੀ ਦੇਸ਼ ਦਾ ਭਲਾ ਕਰ ਸਕਦੀ ਹੈ।' ਲੱਛੂ ਸਿੰਘ ਨੇ ਬਜ਼ੁਰਗਾਂ ਨੂੰ ਵੋਟ ਪਾਉਣ ਦੀ ਅਪੀਲ ਕਰਦਿਆਂ ਕਿਹਾ, 'ਦੇਸ਼ ਦਾ ਸਰਮਾਇਆ, ਮੇਰੇ ਬਜ਼ੁਰਗੋ ਮੈਨੂੰ ਭਲੀ-ਭਾਂਤ ਪਤਾ ਹੈ ਕਿ ਤੁਹਾਡੀ ਉਮਰ ਦਾ ਤਕਾਜ਼ਾ ਹੈ ਪਰ ਤੁਸੀਂ ਵੋਟ ਜ਼ਰੂਰ ਪਾਉਣੀ ਹੈ। ਤੁਸੀਂ ਇਸ ਦਿਨ ਆਪਣੇ ਪੁੱਤ, ਪੋਤਿਆਂ ਤੇ ਪੋਤੀਆਂ ਨੂੰ ਥੋੜ੍ਹੀ ਜਿਹੀ ਪਿਆਰ ਨਾਲ ਘੂਰੀ ਵੱਟਿਓ, ਹਲਕੀ ਜਿਹੀ ਖੂੰਡੀ ਵਾਲਾ ਰੋਹਬ ਮਾਰਿਓ ਕਿ ਉਹ ਤੁਹਾਨੂੰ ਆਪਣੇ ਬੰਬੂਕਾਟ (ਮੋਟਰਸਾਈਕਲ) ਸਕੂਟਰੀ ਜਾਂ ਫਿਰ ਲੰਡੀ ਜਿਹੀ ਜੀਪ 'ਤੇ ਬੂਥ 'ਤੇ ਲੈ ਜਾਣ, ਬਸ ਫਿਰ ਕੀ ਤੁਸੀਂ ਮੋਹਰ ਠੋਕਣੀ, ਜਿੱਤ ਹਾਰ ਤਾਂ ਬਾਅਦ ਦੀ ਗਿੱਲ ਹੈ ਵੇਖੀ ਜਾਵੇਗੀ।' ਲੱਛੂ ਸਿੰਘ ਨੇ ਕੁੜੀਆਂ ਤੇ ਔਰਤਾਂ ਨੂੰ ਸੰਬੋਧਨ ਕਰਦਿਆਂ ਕਿਹਾ, 'ਭਾਈ ਬੀਬੀਓ, ਆਪਣੀ ਵੋਟ ਜ਼ਰੂਰ ਪਾਉਣੀ ਹੈ, ਮੈਂ ਜਾਣਦਾ ਹਾਂ ਕਿ ਤੁਹਾਡਾ ਸਾਰਾ ਦਿਨ ਚਾਕਾ-ਚੁੱਲਾ ਖਹਿੜਾ ਨਹੀਂ ਛੱਡਦਾ, ਜਿਤਨਾ ਤੁਹਾਨੂੰ ਰੱਬ ਨੇ ਸਬਰ ਸੰਤੋਖ ਦਿੱਤਾ ਹੈ, ਓਨਾ ਕਿਸੇ ਨੂੰ ਨਹੀਂ ਦਿੱਤਾ, ਜੇ ਮੈਂ ਸ਼ਰਮ ਹਯਾ ਦੀ ਗੱਲ ਕਰਾਂ, ਉਹ ਤਾਂ ਤੁਹਾਡਾ ਗਹਿਣਾ ਹੀ ਹੈ, ਤੁਸੀਂ ਤਾਂ ਮਮਤਾ ਦੀ ਮੂਰਤ ਹੋ, ਆਪ ਦੁੱਖ ਸਹਿ ਕੇ ਹੋਰਾਂ ਨੂੰ ਸੁੱਖ ਦੇਣਾ ਤੁਹਾਡੀ ਫ਼ਿਤਰਤ ਹੈ। ਮੈਂ ਮੰਨਦਾ ਹਾਂ ਕਿ ਤੁਹਾਡੀ ਸੁਰੱਖਿਆ ਦੇ ਪ੍ਰਤੀ ਮਰਦ ਪ੍ਰਧਾਨ ਸਮਾਜ ਵੱਲੋਂ ਬਹੁਤ ਕਮੀਆਂ ਰਹੀਆਂ ਹਨ ਅਤੇ ਸੁਰੱਖਿਆ ਪ੍ਰਤੀ ਲੀਡਰਾਂ ਤੇ ਸਮਾਜ ਦੇ ਹੋਰ ਲੋਕਾਂ ਨੇ ਫੋਕੀਆਂ ਦੁਹਾਈਆਂ ਪਾਈਆਂ। ਭਾਸ਼ਣ ਦਿੱਤੇ ਪਰ ਪਰਨਾਲਾ ਉਥੇ ਹੀ ਰਿਹਾ। ਆਪਣੀ ਵੋਟ ਦੀ ਵਰਤੋਂ ਕਰਨਾ ਸਾਡਾ ਰਾਸ਼ਟਰੀ ਫ਼ਰਜ਼ ਹੈ, ਸੌ ਤੁਸੀਂ ਵੋਟਾਂ ਵਾਲੇ ਦਿਨ ਆਪਣੀ ਵੋਟ ਜ਼ਰੂਰ ਪਾਉਣਾ, ਇਹ ਮੇਰੀ ਨਿਮਰਤਾ ਭਰੀ ਬੇਨਤੀ ਹੈ।'

**-ਬਲਵਿੰਦਰ ਸਿੰਘ ਸੋਢੀ**

# ਲਘੂ ਕਹਾਣੀ ਅਸਲੀ ਪੁੱਤ

ਉਹ ਜਦੋਂ ਵੀ ਆਪਣੇ ਮਾਂ-ਪਿਓ ਦੇ ਘਰ ਜਾਂਦਾ, ਉਸ ਦਾ ਨਵਾਂ ਸੂਟ ਪਾਇਆ ਹੁੰਦਾ। ਵਧੀਆ ਤੋਂ ਵਧੀਆ ਕੀਮਤੀ ਬੂਟ ਪਾਏ ਹੁੰਦੇ। ਉਸ ਕੋਲ ਨਵੀਂ ਤੋਂ ਨਵੀਂ ਘੜੀ ਤੇ ਹੱਥਾਂ ਵਿਚ ਮੋਬਾਈਲ ਫੜਿਆ ਹੁੰਦਾ। ਭਾਵੇਂ ਉਸ ਦੇ ਬਾਪੂ ਨੂੰ ਗੁਜ਼ਾਰੇ ਜੋਗੀ ਪੈਨਸ਼ਨ ਆ ਜਾਂਦੀ ਸੀ ਪਰ ਉਹ ਹਮੇਸ਼ਾ ਆਪਣੀ ਪਤਨੀ ਨੂੰ ਆਖਦਾ, 'ਇਨ੍ਹਾਂ ਕੋਲ ਸਾਡੇ ਲਈ ਤਾਂ ਕੁਝ ਨਹੀਂ।' 'ਪਰ ਤੁਸੀਂ ਕਿਸੇ ਉਤੇ ਉਮੀਦ ਕਿਉਂ ਰੱਖਦੇ ਹੋ?' 'ਮੇਰੇ ਕੋਲ ਦਸ-ਦਸ ਸਾਲ ਪੁਰਾਣੀਆਂ ਪੈਂਟਾਂ-ਕਮੀਜ਼ਾਂ ਹਨ, ਜਿਨ੍ਹਾਂ ਨੂੰ ਮੈਂ ਪਾ ਰਿਹਾ ਹਾਂ। ਪੈਰਾਂ ਵਿਚ ਮੈਂ ਜਲਸਾ ਹੀ ਪਾਉਂਦਾ ਹਾਂ ਤੇ ਇਸ ਤੋਂ ਵਧ ਕੇ ਮੈਨੂੰ ਕਦੀ ਕੁਝ ਨਸੀਬ ਨਹੀਂ ਹੋਇਆ।'

'ਤੁਹਾਡੀ ਪੈਨਸ਼ਨ ਆਉਂਦੀ ਹੈ, ਤੁਸੀਂ ਸਭ ਕੁਝ ਲੈ ਸਕਦੇ ਹੋ।' 'ਤੂੰ ਨਹੀਂ ਸਮਝਦੀ। ਜੇ ਪੁੱਤਾਂ ਦਾ ਲੈਣਾ ਹੱਕ ਬਣਦਾ ਹੈ ਤਾਂ ਉਨ੍ਹਾਂ ਨੂੰ ਦੇਣਾ ਵੀ ਚਾਹੀਦਾ ਹੈ। ਜੇ ਉਹ ਕੋਈ ਕੱਪੜਾ ਵਗੈਰਾ ਲੈ ਦੇਣ ਤਾਂ ਮਾਂ-ਬਾਪ ਹਜ਼ਾਰਾਂ ਨੂੰ ਦੱਸਦੇ। ਮੇਰਾ ਵੀ ਚਿੱਤ ਕਰਦੇ, ਮੈਂ ਆਪਣੇ ਬੱਚਿਆਂ ਬਾਰੇ ਕਿਸੇ ਨਾਲ ਗੱਲ ਕਰਾਂ। ਜਾਣ-ਪਛਾਣ ਵਾਲੇ ਲੋਕ ਆਖਦੇ ਹੋਣੇ ਨੇ ਅਸੀਂ ਬੜੇ ਖੁਸ਼ ਹਾਂ। ਹੁਣ ਮੈਂ ਉਨ੍ਹਾਂ ਨੂੰ ਕੀ ਕਹਾਂ।' 'ਜੇ ਸੱਚ ਜਾਣਿਓ ਤਾਂ ਸਾਡਾ ਅਸਲੀ ਪੁੱਤ ਤਾਂ ਸਰਕਾਰ ਹੀ ਹੈ ਜੋ ਬਿਨਾਂ ਕਿਸੇ ਲਾਲਚ ਦੇ ਹਰ ਮਹੀਨੇ ਥੱਬਾ ਰੁਪਿਆਂ ਦਾ ਦੇ ਦਿੰਦੀ ਏ', ਅੱਗੋਂ ਉਸ ਦੀ ਪਤਨੀ ਨੇ ਮੱਠਾ ਜਿਹਾ ਹੁੰਗਾਰਾ ਭਰਿਆ।

**-ਜੋਗਿੰਦਰ ਭਾਟੀਆ**

# ਆਪਣੀ ਹੋਣੀ ਨੂੰ ਕੋਸ ਰਿਹਾ 'ਕੋਸ ਮੀਨਾਰ'



ਸੁਨਾਮ ਸ਼ਹਿਰ ਦੇ ਕੋਲੋਂ ਲੰਘਦੇ ਸਰਹਿੰਦ ਚੋਅ ਕੋਲ ਖੜ੍ਹਾ 'ਕੋਸ ਮੀਨਾਰ' ਅਪਣੀ ਹੋਣੀ ਨੂੰ ਕੋਸ ਰਿਹਾ ਪ੍ਰਤੀਤ ਹੁੰਦਾ ਹੈ। ਬੀਤੇ ਸਮੇਂ ਰਾਹਗੀਰਾਂ ਦਾ ਰਾਹ ਦਸੇਰਾ 'ਕੋਸ ਮੀਨਾਰ' ਅੱਜ ਕਿਸੇ ਅਜਿਹੇ ਹਮਦਰਦ ਦੀ ਰਾਹ ਵੇਖ ਰਿਹਾ ਹੈ ਜੋ ਇਸਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾ ਸਕੇ। ਇੱਥੋਂ ਦੇ ਬਹੁਤੇ ਲੋਕਾਂ ਨੂੰ ਨਹੀਂ ਪਤਾ ਕਿ ਸ਼ਹਿਰ ਵਿੱਚ ਸਦੀਆਂ ਪੁਰਾਣਾ ਕੋਸ ਮੀਨਾਰ ਮੌਜੂਦ ਹੈ। ਜਿਨ੍ਹਾਂ ਨੂੰ ਇਸ ਬਾਰੇ ਪਤਾ ਹੈ ਉਹ ਇਸ ਨੂੰ ਰਾਵਣ ਦੀ ਸਮਾਧ ਜਾਂ ਲੰਕਾ ਕਰਕੇ ਹੀ ਜਾਣਦੇ ਹਨ। ਸੁਨਾਮ ਦੇ ਬਹੁਤ ਥੋੜੇ ਲੋਕ ਹਨ, ਜੋ ਇਸ ਮੀਨਾਰ ਦੀ ਇਤਿਹਾਸਕ ਮੱਹਤਤਾ ਜਾਣਦੇ ਹਨ ਤੇ ਉਹ ਸਰਕਾਰ ਪਾਸੋਂ ਇਸਨੂੰ ਵਿਰਾਸਤੀ ਕੌਮੀ ਜਾਇਦਾਦ ਐਲਾਨੇ ਜਾਣ ਲਈ ਯਤਨਸ਼ੀਲ ਵੀ ਹਨ। ਸੁਨਾਮ ਦਾ ਸੱਭਿਆਚਾਰਕ ਇਤਿਹਾਸ ਲਿਖਣ ਵਾਲੇ ਸਾਹਿਤਕਾਰ ਜੰਗੀਰ ਸਿੰਘ ਰਤਨ ਨੇ ਆਪਣੀ ਪੁਸਤਕ ਵਿੱਚ ਇਸ ਦਾ ਜ਼ਿਕਰ ਕੀਤਾ ਹੈ। ਇਸ ਮੀਨਾਰ ਬਾਰੇ ਸੁਨਾਮ ਦੇ ਹੀ ਇੱਕ ਪੁਰਾਤਤਵ ਖੋਜੀ ਬਾਬੂ ਰਾਮੇਸ਼ਵਰ ਦਾਸ ਜਿੰਦਲ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਦੇ ਪੁਰਾਤਤਵ ਵਿਭਾਗ ਦੀ ਟੀਮ ਜੋ ਲਗਭਗ 1989 ਵਿੱਚ ਡਾ. ਦਵਿੰਦਰ ਹਾਂਡਾ ਦੀ ਅਗਵਾਈ ਵਿੱਚ ਸੁਨਾਮ ਆਈ ਸੀ ਮੁਤਾਬਕ ਇਹ ਕੋਸ ਮੀਨਾਰ ਸੱਤਵੀਂ ਸਦੀ ਵਿੱਚ ਭਾਰਤ 'ਤੇ ਰਾਜ ਕਰਨ ਵਾਲੇ ਪ੍ਰਤੀਹਾਰਾ ਰਾਜਿਆਂ ਦੇ ਸਮੇਂ ਦਾ ਹੈ। ਸ਼੍ਰੀ ਜਿੰਦਲ ਨੇ ਇਤਿਹਾਸਕਾਰ ਫ਼ੌਜਾ ਸਿੰਘ ਦੀ ਪੁਸਤਕ 'ਸਰਹੰਦ ਥਰੂ ਏਜਜ਼' ਦਾ ਹਵਾਲਾ ਦਿੰਦਿਆ ਦੱਸਿਆ ਕਿ 322 ਬੀ.ਸੀ. ਵਿੱਚ ਜਦੋਂ ਭਾਰਤ 'ਤੇ ਮੌਰੀਆ ਵੰਸ਼ ਦਾ ਰਾਜ ਸੀ ਉਸ ਸਮੇਂ ਸੁਨਾਮ ਰਾਹੀਂ ਇੱਕ ਰਸਤਾ ਜਾਂਦਾ ਸੀ ਜੋ ਭਾਰਤ ਨੂੰ ਮੱਧ ਏਸ਼ੀਆ ਦੇ ਖਿੱਤੇ ਨਾਲ ਜੋੜਦਾ ਸੀ। ਇਸ ਦੀ ਲੰਬਾਈ 2500 ਕਿਲੋਮੀਟਰ ਦੇ ਲਗਭਗ ਸੀ। ਇਸ ਰਾਹ ਨੂੰ ਉੱਤਰ-ਪੱਥ ਜਾਂ ਰਾਜ ਪੱਥ ਵੀ ਕਿਹਾ ਜਾਂਦਾ ਸੀ। ਸ਼੍ਰੀ ਜਿੰਦਲ ਮੁਤਾਬਕ ਪ੍ਰਤੀਹਾਰਾ ਰਾਜਿਆਂ ਨੇ ਇਸ ਰਾਹ 'ਤੇ ਕੋਸ ਮੀਨਾਰ ਬਣਵਾਏ ਸਨ। ਇਸ ਮੀਨਾਰ ਕੋਲ ਸਮੇਂ ਦਿਆਂ ਸ਼ਾਸਕਾਂ ਦੁਆਰਾ ਕੁਝ ਕਮਰੇ ਵੀ ਬਣਵਾਏ ਗਏ ਸਨ ,ਜਿਨ੍ਹਾਂ ਵਿੱਚ ਫ਼ੌਜੀ ਅਤੇ ਹੋਰ ਕਰਮਚਾਰੀ ਠਹਿਰਦੇ ਸਨ। ਮਾਰਗ 'ਤੇ ਹਰੇਕ ਕੋਹ ਬਾਅਦ ਇਨ੍ਹਾਂ ਮੀਨਾਰਾਂ ਦੀ ਉਸਾਰੀ ਕੀਤੀ ਗਈ ਸੀ। ਇਸ ਮਾਰਗ ਦੀ ਵਰਤੋਂ ਵਪਾਰੀ ਵੀ ਕਰਦੇ ਸਨ । ਬਾਬੂ ਜਿੰਦਲ ਅਨੁਸਾਰ ਇਸ ਮੀਨਾਰ ਨੂੰ ਲੰਕਾ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਪਿਛਲੇ ਲਗਭਗ ਤਿੰਨ ਸੌ ਸਾਲਾਂ ਤੋਂ ਲੋਕ ਇਸ ਮੀਨਾਰ ਨੂੰ ਰਾਵਣ ਦੇ ਪੁਤਲੇ ਵਜੋਂ ਮੰਨਦੇ ਹਨ। ਦੂਜਾ ਕਿਸੇ ਸਮੇਂ ਜਦੋਂ ਸਰਹਿੰਦੀ ਚੋਅ ਭਰ ਜਾਂਦਾ ਸੀ ਤਾਂ ਇਸ ਇਸ ਮੀਨਾਰ ਦੇ ਆਲੇ ਦੁਆਲੇ ਪਾਣੀ ਹੀ ਪਾਣੀ ਹੋ ਜਾਂਦਾ ਸੀ । ਇਕੱਲਾ ਮੀਨਾਰ ਹੀ ਪਾਣੀ ਵਿੱਚ ਖੜ੍ਹਾ ਨਜ਼ਰ ਆਉਂਦਾ ਸੀ, ਜਿਸ ਕਾਰਨ ਲੋਕ ਇਸ ਨੂੰ ਲੰਕਾਂ ਕਹਿਣ ਲੱਗ ਪਏ। ਸ਼੍ਰੀ ਜਿੰਦਲ ਮੁਤਾਬਕ ਇਸ ਮੀਨਾਰ ਦੀ ਸਾਂਭ ਸੰਭਾਲ ਅਤੇ ਇਸ ਨੂੰ ਕੌਮੀ ਵਿਰਾਸਤ ਦਾ ਦਰਜਾ ਦੇਣ ਦੀ ਮੰਗ ਨੂੰ ਲੈ ਕੇ ਉਹ ਸਮੇਂ ਸਮੇਂ ਪ੍ਰਸ਼ਾਸਨ ਤੱਕ ਪਹੁੰਚ ਕਰ ਚੁੱਕੇ ਹਨ ਪਰ ਹਾਲੇ ਤੱਕ ਕਿਸੇ ਵੀ ਸਰਕਾਰ ਨੇ ਇਸ ਵੱਲ ਧਿਆਨ ਨਹੀਂ ਦਿੱਤਾ। ਮਾਲਵਾ ਆਰਟਸ ਸਪੋਰਟਸ ਕਲਚਰ ਐਂਡ ਐਜੂਕੇਸ਼ਨਲ ਵੈਲਫ਼ੇਅਰ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਅਤੇ ਸੁਨਾਮ ਸ਼ਹਿਰ ਦੀਆਂ ਇਤਿਹਾਸਕ ਥਾਂਵਾਂ ਸਬੰਧੀ ਕੰਮ ਕਰਨ ਵਾਲੇ ਮੁਹੰਮਦ ਸਿੰਘ ਆਜ਼ਾਦ ਸਗੰਠਨ ਦੇ ਆਗੂ ਮਨਜੀਤ ਸਿੰਘ ਕੁੱਕੂ ਨੇ ਕਿਹਾ ਕਿ ਸਰਕਾਰ ਸੁਨਾਮ ਦੀਆਂ ਕਈ ਇਤਿਹਾਸਕ ਥਾਂਵਾਂ ਦੀ ਸਾਂਭ ਸੰਭਾਲ ਵੱਲ ਧਿਆਨ ਨਹੀਂ ਦੇ ਰਹੀ। ਸਰਕਾਰ ਦੀ ਭੁੱਲ ਕਾਰਨ ਇਹ ਇਤਿਹਾਸਕ ਯਾਦਗਾਰਾਂ ਤਹਿਸ ਨਹਿਸ ਹੋ ਰਹੀਆਂ ਹਨ ।

ਸਾਹਿੱਤਕਾਰ ਜੰਗੀਰ ਸਿੰਘ ਰਤਨ, ਕਾਮਰੇਡ ਕਾਲੀ ਚਰਨ ਕੌਸ਼ਿਕ ਅਤੇ ਖੋਜਾਰਥੀ ਸ਼੍ਰੀ ਜਿੰਦਲ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਪੁਰਾਤਨ ਮਾਰਗ ਦੀ ਖੋਜ ਕਰਵਾਈ ਜਾਵੇ ਤਾਂ ਜੋ ਇਤਿਹਾਸ ਦਾ ਇੱਕ ਨਵਾਂ ਅਧਿਆਏ ਸਾਹਮਣੇ ਆ ਸਕੇ।

# ਪੁਰਾਤਨ ਗੁੰਬਦ ਦੀ ਹੋਂਦ ਖ਼ਤਮ ਹੋਣ ਕੰਢੇ



ਪੰਜਾਬ ਸਰਕਾਰ ਪਾਇਲ ਸ਼ਹਿਰ ਦੇ ਰਾੜਾ ਸਾਹਿਬ ਚੌਕ ਦੇ ਨੇੜੇ ਬਣੇ ਸੈਂਕੜੇ ਸਾਲ ਪਹਿਲਾ ਬਣੇ ਪੁਰਾਤਨ ਗੁੰਬਦ ਦੀ ਸਾਂਭ-ਸੰਭਾਲ ਕਰਨ ਵਿੱਚ ਅਸਫ਼ਲ ਸਾਬਤ ਹੋਈ ਹੈ। ਜਿਸ ਨੂੰ ਕੁਝ ਸਮਾਂ ਪਹਿਲਾ ਸਮਾਜ ਸੇਵੀਆਂ ਨੇ ਇਸ ਪੁਰਾਤਨ ਗੁੰਬਦ ਨੂੰ ਅੰਦਰੋਂ ਬਾਹਰੋਂ ਸੰਭਾਲਣ ਦਾ ਉਪਰਾਲਾ ਕੀਤਾ ਸੀ। ਪ੍ਰੰਤੂ ਉਸ ਤੋਂ ਬਾਅਦ ਕਿਸੇ ਨੇ ਵੀ ਇਸ ਗੁੰਬਦ ਵੱਲ ਕੋਈ ਧਿਆਨ ਨਹੀਂ ਦਿੱਤਾ। ਇਸ ਗੁੰਬਦਨੁਮਾ ਪੁਰਾਤਨ ਇਮਾਰਤ ਦੀਆਂ 7-7 ਫੁੱਟ ਚੌੜੀਆਂ ਕੰਧਾਂ ਬਣੀਆਂ ਹੋਈਆਂ ਹਨ। ਇਸ ਆਲੀਸ਼ਾਨ ਇਮਾਰਤ ਦੇ ਚਾਰੇ ਕੋਨਿਆਂ ਤੇ ਛੋਟੇ ਗੁੰਬਦ ਬਣੇ ਹੋਏ ਸਨ। ਜੋ ਇਸ ਇਮਾਰਤ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਸਨ ਪਰ ਉਨ੍ਹਾਂ ਵਿੱਚੋਂ ਮੁੱਖ ਦਰਵਾਜ਼ੇ ਵਾਲੇ ਪਾਸੇ ਦੋ ਹੀ ਰਹਿ ਗਏ ਹਨ। ਖੰਡਰ ਦਾ ਰੂਪ ਧਾਰਨ ਕਰ ਚੁੱਕੇ ਹਨ ਜੋ ਨਿਸ਼ਾਨੀ ਵਜੋਂ ਅੱਜ ਵੀ ਮੌਜੂਦ ਹਨ। ਇਸ ਪੁਰਾਤਨ ਗੁੰਬਦ ਦੀਆਂ ਚਾਰੋ ਦਿਸ਼ਾਵਾਂ 'ਚ ਦਰਵਾਜ਼ੇ ਬਣੇ ਹੋਏ ਸਨ ਜਿਨ੍ਹਾਂ 'ਚੋਂ ਦੋ ਦਰਵਾਜ਼ਿਆਂ ਨੂੰ ਬੰਦ ਕੀਤਾ ਗਿਆ। ਗੁੰਬਦ ਨੂੰ ਅੰਦਰਲੇ ਪਾਸਿਓਂ ਤਰੇੜਾਂ ਆ ਗਈਆਂ ਹਨ। ਭਾਵੇਂ ਇਸ ਗੁੰਬਦਨੁਮਾ ਇਮਾਰਤ ਨੂੰ ਕੁਝ ਸਮਾਜ ਸੇਵੀਆਂ ਵੱਲੋਂ ਸੰਭਾਲਣ ਦਾ ਯਤਨ ਕੀਤਾ ਗਿਆ ਜਿਨ੍ਹਾਂ ਨੇ ਇਮਾਰਤ ਦੇ ਬਾਹਰਲੇ ਪਾਸੇ ਪਲੱਸਤਰ ਵੀ ਕਰਵਾ ਦਿੱਤਾ ਪਰ ਉਸ ਨਾਲ ਇਸ ਗੁੰਬਦ ਦੀ ਪੁਰਾਣੀ ਦਿੱਖ ਖ਼ਤਮ ਹੋ ਗਈ ਹੈ। ਇਸ ਇਮਾਰਤ ਅੰਦਰ ਪੀਰਾਂ ਦੀ ਦਰਗ਼ਾਹ ਬਣੀ ਹੋਈ ਹੈ। ਜਿਥੇ ਲੋਕ ਅਕਸਰ ਹੀ ਨਤਮਸਤਕ ਹੁੰਦੇ ਹਨ। ਦਰਗ਼ਾਹ ਦੇ ਸੇਵਾਦਾਰ ਰੂਪ ਸਿੰਘ ਨੇ ਦੱਸਿਆਂ ਕਿ ਇਸ ਪੁਰਾਤਨ ਗੁੰਬਦ ਵੱਲ ਪੰਜਾਬ ਸਰਕਾਰ ਤੇ ਪੁਰਾਤਤਵ ਵਿਭਾਗ ਨੇ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਇਸ ਜਗ੍ਹਾਂ 'ਤੇ ਜੇਠ ਹਾੜ ਦੇ ਮਹੀਨੇ ਜੇਠੇ ਵੀਰਵਾਰ ਨੂੰ ਭੰਡਾਰਾ ਕੀਤਾ ਜਾਂਦਾ ਹੈ ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਗੁੰਬਦਨੁਮਾ ਇਮਾਰਤ ਦੇ ਛਿਪਦੀ (ਪੱਛਮ) ਵਾਲੇ ਪਾਸੇ ਕਬਰਾਂ ਵੀ ਬਣੀਆਂ ਹੋਈਆਂ ਹਨ। ਇਸ ਜਗ੍ਹਾਂ 'ਤੇ ਅੰਮ੍ਰਿਤਸਰ ਦਾ ਇੱਕ ਪਰਿਵਾਰ ਸਾਲ ਵਿੱਚ ਦੋ ਵਾਰ ਭੰਡਾਰਾ ਕਰਦਾ ਹੈ। ਇਸ ਪੁਰਾਤਨ ਗੁੰਬਦ ਵਿੱਚ ਨਾਨਕਸ਼ਾਹੀ ਸਮੇਂ ਦੀਆਂ ਛੋਟੀਆਂ ਇੱਟਾਂ ਵੀ ਲੱਗੀਆਂ ਹੋਈਆਂ ਹਨ। ਜੇਕਰ ਇੰਨ੍ਹਾਂ ਦੀ ਪੁਰਾਤਤਵ ਵਿਭਾਗ ਵੱਲੋਂ ਸਾਂਭ ਸੰਭਾਲ ਨਾ ਕੀਤੀ ਗਈ ਤਾਂ ਇਸ ਇਤਿਹਾਸਕ ਗੁੰਬਦ ਦੀ ਹੋਂਦ ਖਤਮ ਹੋ ਜਾਵੇਗੀ। ਰੁੱਖ ਤੇ ਮਨੁੱਖ ਭਲਾਈ ਸੰਸਥਾ ਦੇ ਪ੍ਰਧਾਨ ਲਖਵਿੰਦਰ ਸਿੰਘ ਚੀਮਾ ਤੇ ਸਵਰਨਜੀਤ ਸਿੰਘ ਬਾਘਾ ਨੇ ਰਾਜ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਪੁਰਾਤਨ ਇਮਾਰਤ ਦੀ ਸੰਭਾਲ ਕੀਤੀ ਜਾਵੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਹੋਵੇ।

# ਇਕ ਵਿਲੱਖਣ ਸ਼ਖ਼ਸੀਅਤ

ਖੁਸ਼ਵੰਤ ਸਿੰਘ ਇੱਕ ਵਿਲੱਖਣ ਸ਼ਖ਼ਸੀਅਤ ਸੀ। ਨਾ ਕੇਵਲ ਅੰਗਰੇਜ਼ੀ ਹੀ ਬਲਕਿ ਪੰਜਾਬੀ ਸਮੇਤ ਹੋਰ ਕਈ ਭਾਸ਼ਾਵਾਂ ਬੋਲਨ ਤੇ ਲਿਖਣ ਵਾਲੇ ਉਸ ਦੇ ਅਨੇਕਾਂ ਪਾਠਕ ਤੇ ਪ੍ਰਸ਼ੰਸਕ ਹਨ ਪਰ ਨਾਲ ਹੀ ਆਲੋਚਕਾਂ ਦੀ ਵੀ ਘਾਟ ਨਹੀਂ। ਧਰਮ, ਜਾਤ ਅਤੇ ਇਲਾਕਾਈ ਭਿੰਨਤਾ ਤੋਂ ਪਾਰ ਉਸ ਦੀਆਂ ਚਾਸ਼ਨੀ ਲਿਖਤਾਂ ਹਰ ਵਰਗ ਅਤੇ ਉਮਰ ਦੇ ਵਿਅਕਤੀਆਂ ਦੁਆਰਾ ਪੜ੍ਹੀਆਂ ਤੇ ਸੁਣੀਆਂ ਜਾਂਦੀਆਂ ਰਹੀਆਂ ਹਨ। ਉਹ ਦਬੰਗ ਲੇਖਕ ਸੀ ਅਤੇ ਆਪਣੀਆਂ ਕੌੜੀਆਂ ਪਰ ਸੱਚੀਆਂ ਲਿਖਤਾਂ ਰਾਹੀਂ ਆਪਣੇ ਸਮੇਤ ਵੱਡੇ ਤੋਂ ਵੱਡੇ ਸਿਆਸਤਦਾਨ ਅਤੇ ਕਹਿੰਦੇ-ਕਹਾਉਂਦੇ ਪ੍ਰਤਿਸ਼ਠ ਵਿਅਕਤੀਆਂ ਦੇ ਪਾਜ ਉਧੇੜ ਕੇ ਰੱਖ ਦਿੰਦਾ ਸੀ। ਨਹਿਰੂ-ਗਾਂਧੀ ਪਰਿਵਾਰ ਬਾਰੇ ਕੁਝ ਟਿੱਪਣੀਆਂ ਕਰਕੇ ਹੀ ਉਸ ਦੀ ਸਵੈ-ਜੀਵਨੀ ਕਾਫ਼ੀ ਸਮਾਂ ਪ੍ਰਕਾਸ਼ਿਤ ਨਾ ਹੋ ਸਕੀ ਕਿਉਂਕਿ ਮੇਨਕਾ ਗਾਂਧੀ ਇਸ ਸਬੰਧੀ ਅਦਾਲਤ ਵਿੱਚ ਚਲੀ ਗਈ ਸੀ। ਉਹ ਨਾਸਤਕ ਸੀ ਪਰ ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਕਾਰਵਾਈ ਦੇ ਵਿਰੋਧ ਵਿੱਚ ਉਸ ਨੇ ਮਾਣਮੱਤਾ ਖ਼ਿਤਾਬ 'ਪਦਮ ਭੂਸ਼ਨ' ਵਾਪਸ ਕਰ ਦਿੱਤਾ ਸੀ। ਉਹ ਔਰਤਾਂ ਦਾ ਚਹੇਤਾ ਲੇਖਕ ਸੀ। ਪ੍ਰਸਿੱਧ ਪੰਜਾਬੀ ਲੇਖਕਾ ਅਜੀਤ ਕੌਰ ਨੇ ਉਸ ਨੂੰ 'ਭੋਲਾ ਬਾਦਸ਼ਾਹ' ਕਹਿ ਕੇ ਵਡਿਆਇਆ। ਪੁਸਤਕਾਂ, ਸਕਾਚ ਅਤੇ ਔਰਤਾਂ ਅੰਤ ਤਕ ਉਸ ਦੀਆਂ ਦੋਸਤ ਰਹੀਆਂ। ਖੁਸ਼ਵੰਤ ਸਿੰਘ ਸਿਰੇ ਦਾ ਜੁਗਾੜੀ ਆਦਮੀ ਸੀ ਮਜ਼ਬੂਤ ਆਰਥਿਕਤਾ ਅਤੇ ਉੱਚ-ਸਿੱਖਿਆ ਦੀ ਵੀ ਭਾਵੇਂ ਉਸ ਦੀ ਪ੍ਰਸਿੱਧੀ ਵਿੱਚ ਮੁੱਖ ਭੂਮਿਕਾ ਰਹੀ ਪਰ ਵੱਡੇ ਮੁਕਾਮ ਤਕ ਪਹੁੰਚਣ ਲਈ ਉਸ ਦੀ ਜੁਗਾੜਬੰਦੀ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਜਨਮ-ਜਾਤ ਪੰਜਾਬੀ ਹੋਣ ਕਾਰਨ ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਦਾ ਸੀ ਪਰ ਪੰਜਾਬੀ ਭਾਸ਼ਾ ਦਾ ਘੇਰਾ ਸੌੜਾ ਸਮਝਦੇ ਹੋਏ ਉਸ ਨੇ ਜੀਵਨ ਭਰ ਨਾ ਪੰਜਾਬੀ ਵਿੱਚ ਲਿਖਣ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਕਿਸੇ ਪੰਜਾਬੀ ਸਾਹਿਤਕਾਰ ਨੂੰ ਪੜ੍ਹਿਆ ਭਾਵੇਂ ਪੰਜਾਬੀ ਵਿੱਚ ਛਪਣ ਦੀ ਲਾਲਸਾ ਜ਼ਰੂਰ ਕੀਤੀ। ਖੁਸ਼ਵੰਤ ਸਿੰਘ ਛੇ ਸਾਲ ਰਾਜ ਸਭਾ ਦਾ ਮੈਂਬਰ ਰਿਹਾ ਪਰ ਉਸ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਕੁਝ ਨਾ ਕੀਤਾ। ਅਜਿਹਾ ਸ਼ਾਇਦ ਉਸ ਦੇ ਖ਼ੁਦਗਰਜ਼ ਅਤੇ ਸੁਆਰਥੀ ਸੁਭਾਅ ਕਾਰਨ ਰਿਹਾ। ਉਸ ਦੇ ਜਾਣ ਨੂੰ ਇੱਕ ਪੰਜਾਬੀ ਪਾਠਕ ਨੇ ਉਸ ਦੀਆਂ ਦੋ ਪੁਸਤਕਾਂ 'ਰੰਨਾਂ 'ਚ ਧੰਨਾ' ਅਤੇ 'ਮੌਜ ਮੇਲਾ' 'ਤੇ ਆਧਾਰਿਤ ਇਉਂ ਵਿਅਕਤ ਕੀਤਾ ਹੈ: 'ਰੰਨਾਂ 'ਚ ਧੰਨਾ', ਮੌਜ-ਮੇਲਾ ਕਰ ਕੇ ਤੁਰ ਗਿਆ।

**- ਡਾ. ਮੇਘਾ ਸਿੰਘ**

# ਮਿੰਨੀ ਕਹਾਣੀ ਲਗਾਮ



ਕੁਝ ਦਿਨ ਪਹਿਲਾਂ ਮੈਨੂੰ ਆਪਣੇ ਕੰਮਕਾਰ ਦੇ ਸਿਲਸਿਲੇ ਵਿਚ ਪਠਾਨਕੋਟ ਜਾਣਾ ਪਿਆ। ਸਫਰ ਲੰਮਾ ਸੀ ਅਤੇ ਕੁਝ ਦਿਨ ਉਥੇ ਰਹਿਣਾ ਵੀ ਪੈਣਾ ਸੀ। ਇਸ ਲਈ ਮੇਰੀ ਘਰ ਵਾਲੀ ਨੇ ਮੈਨੂੰ ਵਿਚ-ਵਿਚ ਫੋਨ ਕਰਨ ਲਈ ਕਿਹਾ ਸੀ। ਮੈਂ ਵੀ ਉਸ ਨੂੰ ਆਪਣਾ ਅਤੇ ਆਪਣੀ ਬੇਟੀ ਦਾ ਹਾਲਚਾਲ ਦੱਸਦੇ ਰਹਿਣ ਬਾਰੇ ਕਹਿ ਕੇ ਪਠਾਨਕੋਟ ਨੂੰ ਚਲ ਪਿਆ।

ਸਫ਼ਰ ਲੰਮਾ ਅਤੇ ਥਕਾਵਟ ਭਰਿਆ ਸੀ, ਉੱਤੋਂ ਗਰਮੀ ਨੇ ਅੱਤ ਮਚਾਈ ਸੀ। ਇਸ ਲਈ ਮੈਂ ਰਸਤੇ ਵਿਚ ਕੁਝ ਘੜੀ ਆਰਾਮ ਕਰਨ ਲਈ ਆਪਣੀ ਕਾਰ ਸਾਈਡ 'ਤੇ ਰੋਕ ਲਈ। ਅਜੇ ਮੈਂ ਆਪਣੇ ਨਾਲ ਲਿਆਂਦੀ ਮਿਨਰਲ ਵਾਟਰ ਦੀ ਬੋਤਲ ਵਿਚੋਂ ਪਾਣੀ ਪੀ ਹੀ ਰਿਹਾ ਸੀ ਕਿ ਪੈਦਲ ਤੁਰਦੀ ਆਉਂਦੀ ਇਕ ਕੁੜੀ, ਜਿਸ ਦੀ ਉਮਰ 15-16 ਸਾਲ ਦੇ ਕਰੀਬ, ਮੇਰੀ ਕਾਰ ਦੇ ਬਰਾਬਰ ਆ ਕੇ ਪਸੀਨਾ ਪੂੰਝਦੀ ਹੋਈ ਬੋਲੀ, 'ਅੰਕਲ ਜੀ, ਮੇਰੀ ਤਬੀਅਤ ਕੁਝ ਠੀਕ ਨਹੀਂ ਹੈ। ਮੈਨੂੰ ਅਗਲੇ ਚੌਕ ਤੱਕ ਲਿਫਟ ਚਾਹੀਦੀ ਸੀ। ਜੇ ਤੁਸੀਂ ਮਾ?ਈਂਡ ਨਾ ਕਰੋ ਤਾਂ...।'

ਮੈਂ ਧੁੱਪ ਵਿਚ ਗਰਮੀ ਦਾ ਕਹਿਰ ਪੈਂਦੇ ਹੋਏ ਉਸ ਕੁੜੀ ਨੂੰ ਕਾਰ ਦੀ ਪਿਛਲੀ ਸੀਟ ਉਤੇ ਬੈਠਣ ਦਾ ਇਸ਼ਾਰਾ ਕਰ ਦਿੱਤਾ। ਪਾਣੀ ਪੀ ਕੇ ਮੈਂ ਕਾਰ ਸਟਾਰਟ ਕੀਤੀ ਤਾਂ ਅਚਾਨਕ ਮੇਰੀ ਨਿਗ੍ਹਾ ਕਾਰ ਦੇ ਅੰਦਰ ਲੱਗੇ ਸ਼ੀਸ਼ੇ 'ਤੇ ਗਈ, ਜਿਸ ਵਿਚ ਉਸ ਕੁੜੀ ਦਾ ਚਿਹਰਾ ਸਾਫ਼ ਨਜ਼ਰ ਆ ਰਿਹਾ ਸੀ। ਉਸ ਦੀਆਂ ਤੇਜ਼ਤਰਾਰ ਅੱਖਾਂ ਮੇਰੇ ਦਿਲ ਨੂੰ ਤੁਣਕਾ ਮਾਰ ਗਈਆਂ। ਉਸ ਦੀ ਗੋਰੀ ਧੌਣ ਮੈਨੂੰ ਸ਼ਬਾਬ ਦੀ ਸੁਰਾਹੀ ਜਾਪੀ। ਇਸ ਸਭ ਨੇ ਮੈਨੂੰ ਅਜਿਹਾ ਨਸ਼ਿਆਇਆ ਕਿ ਮੈਂ ਪੂਰੇ ਦਾ ਪੂਰਾ ਉਸ ਦੇ ਚਿਹਰੇ ਵਿਚ ਹੀ ਖੁੱਭ ਗਿਆ। ਚੌਕ 15-20 ਮਿੰਟਾਂ ਦੀ ਦੂਰੀ 'ਤੇ ਸੀ। ਮੇਰੇ ਦਿਲ ਦੀ ਰਫ਼ਤਾਰ ਤੇਜ਼, ਪਰ ਕਾਰ ਦੀ ਰਫ਼ਤਾਰ ਹੌਲੀ। ਐਨੇ ਨੂੰ ਮੇਰੇ ਮੋਬਾਈਲ ਦੀ ਘੰਟੀ ਵੱਜੀ। ਫੋਨ ਮੇਰੀ ਘਰ ਵਾਲੀ ਦਾ ਸੀ। ਮੇਰਾ ਹਾਲ-ਚਾਲ ਪੁੱਛ ਕੇ ਬੋਲੀ, 'ਲੋ, ਆਪਣੀ ਬੇਟੀ ਨਾਲ ਵੀ ਗੱਲ ਕਰੋ...।'

'ਹਾਂ, ਬੇਟੀ ਜੀ...' ਅਜੇ ਮੈਂ ਐਨਾ ਹੀ ਬੋਲਿਆ ਸੀ ਕਿ ਨੈੱਟਵਰਕ ਟੁੱਟਣ ਕਰਕੇ ਫੋਨ ਕੱਟਿਆ ਗਿਆ।

'ਹਾਂ, ਅੰਕਲ ਜੀ! ਤੁਸੀਂ ਕੁਝ ਕਿਹਾ?' ਕਾਫ਼ੀ ਦੇਰ ਤੋਂ ਚੁੱਪ ਬੈਠੀ ਕੁੜੀ ਬੋਲੀ।

'ਹਾਂ... ਹਾਂ ਬੇਟੀ ਜੀ, ਤੁਸੀਂ ਕਿੱਥੇ ਉਤਰਨਾ ਹੈ?'

'ਬਸ ਅੰਕਲ ਜੀ, ਥੋੜ੍ਹਾ ਜਿਹਾ ਹੋਰ ਅੱਗੇ...'

'ਬੇਟੀ' ਸ਼ਬਦ ਮੇਰੇ ਜ਼ਿਹਨ ਵਿਚ ਆਉਂਦਿਆਂ ਹੀ ਮੇਰੇ ਅੰਦਰਲੇ ਕਾਮ ਘੋੜੇ ਦੀ ਲਗਾਮ ਖਿੱਚੀ ਗਈ ਅਤੇ ਕਾਰ ਦੀ ਰਫ਼ਤਾਰ ਤੇਜ਼ ਹੋ ਗਈ।

**-ਗੁਰਮੀਤ ਸਿੰਘ ਬਿਰਦੀ**

# ਖੰਡਰ ਬਣ ਰਹੀ ਹੈ ਦੀਵਾਨ ਟੋਡਰ ਮੱਲ ਦੀ ਇਤਿਹਾਸਕ ਹਵੇਲੀ



ਇਤਿਹਾਸਕ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸਥਿਤ ਸਿੱਖ ਜਗਤ ਦੀ ਮਹਾਨ ਧਰੋਹਰ ਦੀਵਾਨ ਟੋਡਰ ਮਲ ਦੀ ਹਵੇਲੀ ਖੰਡਰ ਬਣਦੀ ਜਾ ਰਹੀ ਹੈ। ਸਮੇਂ ਦੀਆਂ ਸਰਕਾਰਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਵੇਲੀ ਦਾ ਸੰਭਾਲ ਵੱਲ ਧਿਆਨ ਨਹੀਂ ਦਿੱਤਾ। ਇਸ ਦੀ ਇਤਿਹਾਸਕ ਦਿੱਖ ਦਿਨੋਂ ਦਿਨ ਖੁਰ ਰਹੀ ਹੈ। ਕੰਧਾ ਢਹਿ ਢੇਰੀ ਹੋ ਗਈਆਂ ਹਨ। ਇਸ ਦੀ ਇਮਾਰਤਾਂ ਡਿਗਦੀਆਂ ਜਾ ਰਹੀਆਂ ਹਨ। ਦੀਵਾਨ ਟੋਡਰ ਮੱਲ ਦੀ ਹਵੇਲੀ ਦੀ ਹੋ ਰਹੀ ਦੁਰਦਸ਼ਾ ਕਾਰਨ ਸਿੱਖ ਸੰਗਤ 'ਚ ਰੋਸ ਪਾਇਆ ਜਾ ਰਿਹਾ ਹੈ। ਸ੍ਰੀ ਜੋਤੀ ਸਰੂਪ ਸਾਹਿਬ ਦੀ ਧਰਤੀ ਦੁਨੀਆਂ ਦੀ ਸਭ ਤੋਂ ਮਹਿੰਗੀ ਧਰਤੀ ਮੰਨਿਆ ਗਿਆ ਹੈ ਕਿਉਂਕਿ ਦੀਵਾਨ ਟੋਡਰ ਮੱਲ ਨੇ ਮੁਗ਼ਲ ਹਕੂਮਤ ਦੀਆਂ ਸ਼ਰਤਾਂ 'ਤੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰ ਕੌਰ ਦਾ ਸਸਕਾਰ ਕਰਨ ਲਈ ਖੜ੍ਹੀਆਂ ਮੋਹਰਾਂ ਕਰਕੇ ਉਹ ਥਾਂ ਖਰੀਦੀ ਸੀ। ਇਸ ਕੰਮ ਲਈ ਦੀਵਾਨ ਟੋਡਰ ਮਲ ਨੇ ਆਪਣੀ ਸਾਰੀ ਜਾਇਦਾਦ ਤੇ ਦੌਲਤ ਸਿੱਖ ਕੌਮ ਦੇ ਲੇਖੇ ਲਗਾ ਦਿੱਤੀ ਸੀ। ਅੱਜ ਇਸ ਸਥਾਨ 'ਤੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸੁਸ਼ੋਭਿਤ ਹੈ। ਹਵੇਲੀ ਦੇ ਦਰਸ਼ਨਾਂ ਲਈ ਆਉਂਦੇ ਸਿੱਖ ਸ਼ਰਧਾਲੂ ਹਵੇਲੀ ਦੀ ਦੁਰਗਤੀ 'ਤੇ ਅਫ਼ਸੋਸ ਪ੍ਰਗਟ ਕਰਦੇ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਕਿ ਜਹਾਜ਼ੀ ਹਵੇਲੀ ਦੀ ਸੰਭਾਲ ਕੀਤੀ ਜਾਵੇ।

ਹਵੇਲੀ ਵੇਖਣ ਆਏ ਸ਼ਰਧਾਲੂ ਸੇਮਜੀਤ ਸਿੰਘ ਨੇ ਦੱਸਿਆ ਕਿ ਦੀਵਾਨ ਟੋਡਰ ਮੱਲ ਨੇ ਸਿੱਖ ਕੌਮ ਲਈ ਸਭ ਕੁਝ ਨਿਛਾਵਰ ਕਰ ਦਿੱਤਾ, ਪਰ ਅੱਜ ਉਨ੍ਹਾਂ ਦੀ ਹਵੇਲੀ ਦੀ ਹਾਲਤ ਖਰਾਬ ਹੋ ਰਹੀ ਹੈ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਇਸ ਹਵੇਲੀ ਵੱਲ ਧਿਆਨ ਦੇਣ ਦੀ ਬੇਨਤੀ ਕੀਤੀ। ਸ਼ਰਧਾਲੂ ਗੁਰਦੇਵ ਸਿੰਘ ਨੇ ਕਿਹਾ ਕਿ ਦੀਵਾਨ ਟੋਡਰ ਮੱਲ ਦੀ ਹਵੇਲੀ ਢੇਹ-ਢੇਰੀ ਹੋ ਰਹੀ ਹੈ ਜੋ ਕਿ ਬਹੁਤ ਮਾੜੀ ਗੱਲ ਹੈ। ਇਹ ਹਵੇਲੀ ਸ਼ਹੀਦੀ ਜੋੜ ਮੇਲੇ ਤੋਂ ਪਹਿਲਾਂ ਹੀ ਤਿਆਰ ਹੋਣੀ ਚਾਹੀਦੀ ਸੀ ਇਹ ਹਵੇਲੀ ਨਾ ਤਿਆਰ ਹੋਣ ਕਰਕੇ ਸੰਗਤਾਂ ਵਿੱਚ ਮਾਯੂਸੀ ਹੈ। ਅੰਤ੍ਰਿੰਗ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਇਸ ਜਹਾਜ਼ੀ ਹਵੇਲੀ ਨੂੰ ਸੰਭਾਲਣ ਲਈ ਸ਼੍ਰੋਮਣੀ ਕਮੇਟੀ ਯਤਨ ਕਰ ਰਹੀ ਹੈ। ਉਨ੍ਹਾਂ ਵੀ ਮਨਿਆ ਕਿ ਇਸ ਹਵੇਲੀ ਨੂੰ ਤਿਆਰ ਕਰਨ 'ਚ ਬਹੁਤ ਦੇਰ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੇ ਇਹ ਗੱਲ ਧਿਆਨ 'ਚ ਆਈ ਤਾਂ ਉਨ੍ਹਾਂ ਮਾਲਕਾਂ ਤੋਂ ਇਹ ਜਗ੍ਹਾ ਖ਼ਰੀਦ ਕੇ ਯਤਨ ਕੀਤਾ ਕਿ ਦੀਵਾਨ ਟੋਡਰ ਮੱਲ ਦੀ ਹਵੇਲੀ ਨੂੰ ਪੁਰਾਣੀ ਦਿਖ ਦਿੱਤੀ ਜਾਵੇ।

# ਗਰਮੀ ਦੀਆਂ ਛੁੱਟੀਆਂ ਦੌਰਾਨ ਦੇਸ਼ ਭਰ 'ਚ ਲੱਗਣਗੇ ਗੁਰਮਤਿ ਕੈਂਪ




ਨਵੀਂ ਦਿੱਲੀ, 15 ਮਈ (ਰਿੰਕੂ) ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਵਿੰਗ ਵੱਲੋਂ ਸਕੂਲਾਂ ਵਿੱਚ ਚੱਲ ਰਹੀਆਂ ਗਰਮੀ ਦੀਆਂ ਛੁੱਟੀਆਂ ਨੂੰ ਧਿਆਨ ਵਿੱਚ ਰੱਖਦਿਆਂ ਦੇਸ਼ ਭਰ ਦੇ ਵਿਦਿਆਰਥੀਆਂ ਲਈ ਵਿਆਪਕ ਪੱਧਰ 'ਤੇ ਗੁਰਮਤਿ ਕੈਂਪ ਲਗਾਉਣ ਦੀ ਤਿਆਰੀ ਕੀਤੀ ਗਈ ਹੈ। ਇਸ ਸਬੰਧ ਵਿੱਚ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਵੱਲੋਂ ਦਿੱਲੀ ਕਮੇਟੀ ਦੇ ਮੈਂਬਰਾਂ ਅਤੇ ਉਨ੍ਹਾਂ ਸਾਰੇ ਸੇਵਾਦਾਰਾਂ ਨਾਲ ਮੀਟਿੰਗ ਕੀਤੀ ਗਈ ਹੈ ਜੋ ਹਰ ਵਾਰੀ ਇਨ੍ਹਾਂ ਕੈਂਪਾਂ ਵਿੱਚ ਸੇਵਾ ਨਿਭਾਉਂਦੇਆ ਰਹੇ ਹਨ। ਕਰਮਸਰ ਨੇ ਦੱਸਿਆ ਕਿ ਕਮੇਟੀ ਨੇ ਦਿੱਲੀ ਸਣੇ ਉੱਤਰ ਪ੍ਰਦੇਸ਼, ਬਿਹਾਰ, ਹਰਿਆਣਾ, ਉੱਤਰਾਖੰਡ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਇਹ ਕੈਂਪ ਲਗਾਉਣ ਦੀ ਤਿਆਰੀ ਮੁਕੰਮਲ ਕਰ ਲਈ ਹੈ। ਉਨ੍ਹਾਂ ਸਿੰਘ ਸਭਾਵਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ-ਆਪਣੇ ਖੇਤਰ ਵਿੱਚ ਇਨ੍ਹਾਂ ਕੈਂਪਾਂ ਦੀ ਤਿਆਰੀ ਕਰਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਰਾਹੀਂ ਵਿਦਿਆਰਥੀਆਂ ਨੂੰ ਗੁਰਸਿੱਖੀ ਜੀਵਨ ਨਾਲ ਜੋੜਨ ਅਤੇ ਉਨ੍ਹਾਂ ਨੂੰ ਗੁਰਬਾਣੀ ਤੇ ਸਿੱਖ ਜੀਵਨ ਮੁੱਲਾਂ ਨਾਲ ਪ੍ਰੇਰਿਤ ਕਰਨ ਦੇ ਯਤਨ ਕੀਤੇ ਜਾਣਗੇ। ਹਰ ਸਾਲ ਵਾਂਗ ਹੀ ਇਸ ਵਾਰ ਵੀ ਕਮੇਟੀ ਵੱਲੋਂ ਵਿਸ਼ੇਸ਼ ਗੁਰਮਤਿ ਸਾਹਿਤ ਤਿਆਰ ਕਰਵਾਇਆ ਗਿਆ ਹੈ, ਗੁਰਮਤਿ ਅਧਿਆਪਕ ਤਿਆਰ ਹਨ, ਅਤੇ ਵਿਦਿਆਰਥੀਆਂ ਨੂੰ ਗੁਰਸਿੱਖੀ ਜੀਵਨ ਦੇ ਹਰੇਕ ਪਹਿਲੂ ਨਾਲ ਜਾਣੂ ਕਰਵਾਉਣ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ 20 ਮਈ ਤੋਂ 15 ਜੂਨ ਤੱਕ ਚੱਲਣ ਵਾਲੇ ਇਨ੍ਹਾਂ ਕੈਂਪਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਆਪਣੇ ਬੱਚਿਆਂ ਨੂੰ ਭੇਜਣ ਤਾਂ ਜੋ ਉਹ ਗੁਰਸਿੱਖੀ ਜੀਵਨ ਨਾਲ ਜੁੜ ਸਕਣ ਅਤੇ ਆਪਣਾ ਜੀਵਨ ਸਫਲ ਬਣਾ ਸਕਣ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਸ ਵਾਰ ਪਿਛਲੇ ਸਾਲ ਨਾਲੋਂ ਵੀ ਵੱਧ ਗਿਣਤੀ ਵਿੱਚ ਵਿਦਿਆਰਥੀ ਇਨ੍ਹਾਂ ਕੈਂਪਾਂ ਵਿੱਚ ਹਿੱਸਾ ਲੈਣਗੇ।

# 12ਵੀਂ ਦੇ ਨਤੀਜੇ: ਬੀਸੀਐੱਮ ਅਤੇ ਡੀਏਵੀ ਸਕੂਲ ਦੇ ਵਿਦਿਆਰਥੀ ਛਾਏ

## ਸਕੂਲਾਂ ਵੱਲੋਂ ਵਿਦਿਆਰਥੀਆਂ ਦੀ ਹੌਸਲਾ-ਅਫਜਾਈ

ਲੁਧਿਆਣਾ, 15 ਮਈ (ਪੱਤਰ ਪ੍ਰੇਰਕ)-ਸੀਬੀਐੱਸਈ ਵੱਲੋਂ ਐਲਾਨੇ ਗਏ ਦਸਵੀਂ ਅਤੇ ਬਾਰ੍ਹਵੀਂ ਦੇ ਨਤੀਜਿਆਂ 'ਚ ਬੀਸੀਐੱਮ ਆਰੀਆ ਮਾਡਲ ਸਕੂਲ, ਡੀਏਵੀ ਸਕੂਲ ਬੀਆਰਐੱਸ ਨਗਰ ਅਤੇ ਡੀਏਵੀ ਸਕੂਲ ਪੱਖੋਵਾਲ ਦੇ ਵਿਦਿਆਰਥੀਆਂ ਨੇ ਵਧੀਆ ਕਾਰਗੁਜ਼ਾਰੀ ਦਿਖਾਈ ਹੈ। ਜਾਣਕਾਰੀ ਮੁਤਾਬਕ ਬੀਸੀਐੱਮ ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ ਸ਼ਾਸਤਰੀ ਨਗਰ ਦੀ ਵਿਦਿਆਰਥਣ ਯਮੁਨਾ ਗੋਇਲ ਨੇ ਕਾਮਰਸ ਸਟਰੀਮ ਵਿੱਚ 99.4 ਫੀਸਦੀ ਨਾਲ ਸਕੂਲ ਵਿੱਚੋਂ ਪਹਿਲਾ, ਵਿਧੁਸ਼ੀ ਅਰੋੜਾ ਨੇ 99.2 ਫੀਸਦੀ ਨਾਲ ਦੂਜਾ ਅਤੇ ਸ਼ਾਮੁਲ ਅਰੋੜਾ ਨੇ 98.4 ਫੀਸਦੀ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਨਾਨ-ਮੈਡੀਕਲ ਸਟਰੀਮ ਵਿੱਚ ਹਰਸਿਮਰਨ ਨੇ 98.4 ਫੀਸਦੀ, ਅਮੋਘ ਛੁਨੇਜਾ ਨੇ 98.2, ਕਨਵ ਜੈਨ ਅਤੇ ਕਨਿਕਾ ਗਰਗ ਨੇ ਸਾਂਝੇ ਤੌਰ 'ਤੇ 97 ਫੀਸਦੀ ਅੰਕ ਹਾਸਲ ਕੀਤੇ ਹਨ, ਆਰਟਸ ਸਟਰੀਮ ਵਿੱਚੋਂ ਪ੍ਰਿਸ਼ਾ ਕਾਲੜਾ ਨੇ 98.4 ਫੀਸਦੀ, ਜਸਵੀਨ ਕੌਰ ਨੇ 98.2 ਫੀਸਦੀ ਤੇ ਧਾਨੀ ਪਾਂਡੇ ਨੇ 96.8 ਫੀਸਦੀ, ਮੈਡੀਕਲ ਸਟਰੀਮ ਵਿੱਚ ਅੰਸ਼ੀ ਬਜਾਜ, ਗੁਰਅਸੀਸ ਨੇ 96.8 ਫੀਸਦੀ, ਕੋਵਮ ਗੋਇਲ ਨੇ 96 ਫੀਸਦੀ ਅਤੇ ਵਾਨੀ ਜੈਨ ਨੇ 94.8 ਫੀਸਦੀ ਅੰਕ ਪ੍ਰਾਪਤ ਕੀਤੇ ਹਨ। ਸਕੂਲ ਦੇ ਪ੍ਰਿੰਸੀਪਲ ਅਨੁਜ ਕੌਸ਼ਲ ਨੇ ਚੰਗੇ ਅੰਕਾਂ ਨਾਲ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਡੀਏਵੀ ਸਕੂਲ ਬੀਆਰਐੱਸ ਨਗਰ ਦੀ ਰਸਲੀਨ ਕੌਰ ਨੇ ਮੈਡੀਕਲ ਸਟਰੀਮ ਵਿੱਚ 97.4 ਫੀਸਦੀ ਅੰਕ ਜਦਕਿ ਦੀਆ ਥਾਪਰ ਨੇ ਆਰਟਸ ਗਰੁੱਪ ਵਿੱਚੋਂ 98.4 ਫੀਸਦੀ ਅੰਕ ਪ੍ਰਾਪਤ ਕੀਤੇ ਹਨ। ਸੇਕਰਡ ਹਾਰਟ ਸਕੂਲ ਦੀ ਗੁਨਜੀਤ ਕੌਰ ਦੂਆ ਨੇ ਆਰਟਸ ਗਰੁੱਪ ਵਿੱਚ 98.8 ਫੀਸਦੀ ਅੰਕ ਹਾਸਲ ਕੀਤੇ ਹਨ।ਇਸੇ ਤਰ੍ਹਾਂ ਡੀਏਵੀ ਪਬਲਿਕ ਸਕੂਲ ਪੱਖੋਵਾਲ ਦੀ ਵਿਦਿਆਰਥਣ ਅਨੰਨਿਆ ਜੈਨ ਨੇ ਕਾਮਰਸ ਵਿੱਚ 98.8 ਫੀਸਦੀ, ਅਗਮਪ੍ਰੀਤ ਕੌਰ ਨੇ 97.4 ਫੀਸਦੀ ਜਦਕਿ ਹਰਸ਼ਪ੍ਰੀਤ ਕੌਰ ਅਤੇ ਤਨਰੀਤ ਕੌਰ ਨੇ ਸਾਂਝੇ ਤੌਰ 'ਤੇ 97.2 ਫੀਸਦੀ ਅੰਕਾਂ ਨਾਲ ਸਕੂਲ ਵਿੱਚੋਂ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਨਾਨ-ਮੈਡੀਕਲ ਸਟਰੀਮ ਵਿੱਚ ਸਕੂਲ ਦੇ ਰਤਿਕ ਗਰਗ ਨੇ 96 ਫੀਸਦੀ ਜਦਕਿ ਆਰਟਸ ਵਿੱਚ ਸਾਮਿਆ ਚੋਪੜਾ ਨੇ 96 ਫੀਸਦੀ ਅੰਕ ਪ੍ਰਾਪਤ ਕੀਤੇ।ਸਪਰਿੰਗ ਡੇਲ ਸਕੂਲ 'ਚ ਮੈਡੀਕਲ ਸਟਰੀਮ 'ਚੋਂ ਸਮੀਰ ਨੇਗੀ ਨੇ 95.6 ਫੀਸਦੀ, ਨਾਨ ਮੈਡੀਕਲ ਸਟਰੀਮ ਵਿੱਚੋਂ ਅਹਾਨ ਦਾਸ ਨੇ 95.6 ਫੀਸਦੀ ਅਤੇ ਕਾਮਰਸ ਸਟਰੀਮ ਵਿੱਚੋਂ ਪ੍ਰਿੰਸ ਕੁਮਾਰ ਨੇ 95 ਫੀਸਦੀ ਅੰਕਾਂ ਨਾਲ ਸਕੂਲ ਵਿੱਚੋਂ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਸਕੂਲ ਦੀ ਚੇਅਰਪਰਸਨ ਅਵਿਨਾਸ਼ ਕੌਰ ਵਾਲੀਆ, ਪ੍ਰਿੰਸੀਪਲ ਅਨਿਲ ਸ਼ਰਮਾ ਨੇ ਬੱਚਿਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਗੁਰੂ ਨਾਨਕ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਨਵਰਾਜ ਸਿੰਘ ਨੇ ਕਾਮਰਸ ਵਿੱਚ 97 ਫੀਸਦੀ, ਹਰਸਿਫਤ ਕੌਰ ਨੇ ਨਾਨ-ਮੈਡੀਕਲ 'ਚ 95 ਫੀਸਦੀ, ਅੰਮ੍ਰਿਤਪਾਲ ਸਿੰਘ ਨੇ ਆਰਟਸ ਵਿੱਚ 94.4 ਫੀਸਦੀ ਅਤੇ ਸੁਖਲੀਨ ਕੌਰ ਨੇ ਮੈਡੀਕਲ ਵਿੱਚ 92.6 ਫੀਸਦੀ ਅੰਕ ਹਾਸਲ ਕੀਤੇ।ਗ੍ਰੀਨ ਲੈਂਡ ਸਕੂਲ ਬਸਤੀ ਜੋਧਵਾਲ ਦੀ ਜਸਪ੍ਰੀਤ ਕੌਰ ਨੇ 97.6 ਫੀਸਦੀ ਅੰਕਾਂ ਨਾਲ ਸਕੂਲ ਵਿੱਚੋਂ ਪਹਿਲਾ, ਕਮਲਪ੍ਰੀਤ ਕੌਰ, ਸੁਖਬੀਰ ਸਿੰਘ, ਚਿਰਾਗ ਅਤੇ ਨਿਰਮੋਲ ਨੇ ਸਾਂਝੇ ਤੌਰ 'ਤੇ 96 ਫੀਸਦੀ ਅੰਕਾਂ ਨਾਲ ਸਕੂਲ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਚੇਅਰਮੈਨ ਡਾ. ਰਾਜੇਸ਼ ਰੁਦਰਾ ਤੇ ਪ੍ਰਿੰਸੀਪਲ ਡਾ. ਜਯੋਤੀ ਪੁਜਾਰਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸੇ ਤਰ੍ਹਾਂ ਡੀਏਵੀ ਪਬਲਿਕ ਸਕੂਲ ਪੁਲੀਸ ਲਾਈਨ ਦੇ 23 ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਹਾਸਲ ਕੀਤੇ ਹਨ। ਪ੍ਰਿੰਸੀਪਲ ਡਾ. ਅਨੂੰ ਵਰਮਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।



ਦਸਵੀਂ ਦੇ ਨਤੀਜੇ: ਬੀਸੀਐੱਮ ਸਕੂਲ ਦੀ ਜੈਨਿਕਾ ਜੈਨ ਨੇ 99.8 ਫੀਸਦੀ ਨਾਲ ਮਾਰੀ ਬਾਜੀ

ਸੀਬੀਐੱਸਈ ਵੱਲੋਂ ਅੱਜ ਬਾਅਦ ਦੁਪਹਿਰ 10ਵੀਂ ਜਮਾਤ ਦਾ ਨਤੀਜਾ ਐਲਾਨ ਦਿੱਤਾ ਗਿਆ। ਜਾਣਕਾਰੀ ਮੁਤਾਬਕ ਬੀਸੀਐੱਮ ਸਕੂਲ ਦੀ ਜੈਨਿਕਾ ਜੈਨ ਨੇ 99.8 ਫੀਸਦੀ, ਡੀਏਵੀ ਸਕੂਲ ਪੱਖੋਵਾਲ ਦੇ ਕਵਿਸ਼ ਜਿੰਦਲ ਨੇ 99.4 ਫੀਸਦੀ, ਧਨਿਕ ਗੁਪਤਾ ਅਤੇ ਗੁਰੂ ਨਾਨਕ ਇੰਟਰਨੈਸ਼ਨਲ ਸਕੂਲ ਦੀ ਗੁਰਸਿਮਰਨਪ੍ਰੀਤ ਕੌਰ ਨੇ ਦਸਵੀਂ ਜਮਾਤ ਵਿੱਚੋਂ 99.2 ਫੀਸਦੀ ਅੰਕ ਪ੍ਰਾਪਤ ਕੀਤੇ ਹਨ। ਨਤੀਜੇ ਵਿੱਚ ਬੀਸੀਐੱਮ ਆਰੀਆ ਸਕੂਲ ਸ਼ਾਸ਼ਤਰੀ ਨਗਰ ਦੀ ਜੈਨਿਕਾ ਜੈਨ ਨੇ 99.8 ਫੀਸਦੀ ਅੰਕ ਪ੍ਰਾਪਤ ਕੀਤੇ ਹਨ। ਇਸੇ ਸਕੂਲ ਦੀ ਅਸ਼ਨੂਰ ਕੌਰ, ਮਹਿਰੀਨ ਬੈਂਸ ਅਤੇ ਨਵਧਾ ਕੁਕਰੇਜਾ ਨੇ ਸਾਂਝੇ ਤੌਰ 'ਤੇ 99.4 ਫੀਸਦੀ ਜਦਕਿ ਅਧਵਿਕ ਮੌਂਗਾ ਨੇ 99 ਫੀਸਦੀ ਅੰਕ ਹਾਸਲ ਕੀਤੇ। ਸਕੂਲ ਦੇ 134 ਵਿਦਿਆਰਥੀਆਂ ਨੇ 95 ਫੀਸਦੀ ਤੋਂ ਵੱਧ ਅੰਕ ਹਾਸਲ ਕੀਤੇ ਹਨ। ਡੀਏਵੀ ਪਬਲਿਕ ਸਕੂਲ ਪੱਖੋਵਾਲ ਰੋਡ ਦਾ ਨਤੀਜਾ ਵੀ ਸ਼ਾਨਦਾਰ ਰਿਹਾ। ਸਕੂਲ ਦੇ 339 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ ਜਿਨ੍ਹਾਂ ਵਿੱਚੋਂ 128 ਵਿਦਿਆਰਥੀਆਂ ਨੇ 90 ਫੀਸਦੀ ਅਤੇ ਇਸ ਤੋਂ ਵੱਧ ਅੰਕ ਪ੍ਰਾਪਤ ਕੀਤੇ। ਸਕੂਲ ਦੇ ਵਿਦਿਆਰਥੀ ਕਵਿਸ਼ ਜਿੰਦਲ ਨੇ 99.4 ਫੀਸਦੀ, ਧਨਿਕ ਗੁਪਤਾ ਨੇ 99.2 ਫੀਸਦੀ ਨਾਲ ਕ੍ਰਮਵਾਰ ਸਕੂਲ ਵਿੱਚ ਪਹਿਲਾਂ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ ਜਦਕਿ ਅਗਮ ਮਹਾਜਨ ਅਤੇ ਅਲਮਾਸ ਆਲਮ ਨੇ ਸਾਂਝੇ ਤੌਰ 'ਤੇ 99 ਫੀਸਦੀ ਅੰਕਾਂ ਨਾਲ ਸਕੂਲ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ। ਗੁਰੂ ਨਾਨਕ ਇੰਟਰਨੈਸ਼ਨਲ ਸਕੂਲ ਦੀ ਗੁਰਸਿਮਰਨਪ੍ਰੀਤ ਕੌਰ ਨੇ 99.2 ਫੀਸਦੀ, ਸੁਪ੍ਰੀਤ ਕੌਰ ਨੇ 96.4 ਫੀਸਦੀ, ਜਸਕਰਨ ਸਿੰਘ ਨੇ 96.4 ਫੀਸਦੀ, ਸਮਰੀਤ ਕੌਰ ਨੇ 96 ਫੀਸਦੀ ਅੰਕ ਹਾਸਲ ਕੀਤੇ। ਸਕੂਲ ਦੇ 30 ਵਿਦਿਆਰਥੀਆਂ ਨੇ 90 ਜਾਂ ਇਸ ਤੋਂ ਵੱਧ ਫੀਸਦੀ ਅੰਕ ਪ੍ਰਾਪਤ ਕੀਤੇ ਹਨ।

# ਭਾਜਪਾ ਦੇ ਰਾਜ ਵਿੱਚ ਪ੍ਰਾਈਵੇਟ ਸਕੂਲਾਂ ਦੀ ਮਨਮਾਨੀ ਆਪਣੇ ਸਿ਼ਖ਼ਰ 'ਤੇ : ਸੌਰਭ ਭਾਰਦਵਾਜ




ਨਵੀਂ ਦਿੱਲੀ 15 ਮਈ (ਰਿੰਕੂ) ਪਾਰਟੀ ਹੈੱਡਕੁਆਰਟਰ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਦਿੱਲੀ ਸੂਬਾ ਕਨਵੀਨਰ ਸੌਰਭ ਭਾਰਦਵਾਜ ਨੇ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਜਦੋਂ ਤੋਂ ਦਿੱਲੀ ਵਿੱਚ ਭਾਜਪਾ ਦੀ ਸਰਕਾਰ ਬਣੀ ਹੈ, ਦਿੱਲੀ ਦੇ ਸਾਰੇ ਨਿੱਜੀ ਸਕੂਲਾਂ ਨੇ ਆਪਣੀਆਂ ਫ਼ੀਸਾਂ ਵਿੱਚ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਬੱਚਿਆਂ ਦੇ ਮਾਪਿਆਂ ਨੇ ਇਨ੍ਹਾਂ ਵਧੀਆਂ ਫੀਸਾਂ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਆਮ ਆਦਮੀ ਪਾਰਟੀ ਨੇ ਪ੍ਰੈੱਸ ਕਾਨਫਰੰਸ ਰਾਹੀਂ ਇਹ ਮੁੱਦਾ ਉਠਾਇਆ ਤਾਂ ਦਿੱਲੀ ਦੀ ਭਾਜਪਾ ਸਰਕਾਰ ਜਾਗ ਪਈ। ਉਨ੍ਹਾਂ ਕਿਹਾ ਕਿ 14 ਦਿਨ ਬੀਤ ਚੁੱਕੇ ਹਨ ਪਰ ਹੁਣ ਤੱਕ ਦਿੱਲੀ ਦੀ ਭਾਜਪਾ ਸਰਕਾਰ ਵੱਲੋਂ ਕੋਈ ਆਡਿਟ ਰਿਪੋਰਟ ਜਨਤਕ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਡੀਪੀਐੱਸ ਸਕੂਲ ਦਵਾਰਕਾ ਬੱਚਿਆਂ 'ਤੇ ਵਧੀਆਂ ਫ਼ੀਸਾਂ ਫੀਸਾਂ ਦਾ ਭੁਗਤਾਨ ਕਰਨ ਲਈ ਲਗਾਤਾਰ ਦਬਾਅ ਪਾ ਰਿਹਾ ਸੀ। ਜਿਨ੍ਹਾਂ ਬੱਚਿਆਂ ਦੇ ਮਾਪਿਆਂ ਨੇ ਵਧੀ ਹੋਈ ਫ਼ੀਸ ਨਹੀਂ ਦਿੱਤੀ, ਉਨ੍ਹਾਂ ਨੂੰ ਜਮਾਤ ਵਿੱਚ ਬੈਠਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਸੀ। ਇਸ 'ਤੇ ਦਿੱਲੀ ਸਰਕਾਰ ਨੇ ਜਾਂਚ ਲਈ ਡੀਐੱਮ ਦੀ ਅਗਵਾਈ ਹੇਠ ਕਮੇਟੀ ਬਣਾਈ। ਡੀਐੱਮ ਦੀ ਪ੍ਰਧਾਨਗੀ ਹੇਠ ਗਠਿਤ ਕਮੇਟੀ ਨੇ ਇਹ ਰਿਪੋਰਟ ਵੀ ਸਰਕਾਰ ਨੂੰ ਸੌਂਪੀ ਕਿ ਡੀਪੀਐੱਸ ਸਕੂਲ ਦਵਾਰਕਾ ਬੱਚਿਆਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ।

# ਗੁਰੂ ਹਰਿਕ੍ਰਿਸ਼ਨ ਸਕੂਲਾਂ ਦਾ ਸ਼ਾਨਦਾਰ ਨਤੀਜਾ ਕੂੜ ਪ੍ਰਚਾਰ ਕਰਨ ਵਾਲਿਆਂ ਦੇ ਮੂੰਹ 'ਤੇ ਕਰਾਰਾ ਥੱਪੜ: ਕਾਲਕਾ

ਨਵੀਂ ਦਿੱਲੀ 15 ਮਈ (ਪੱਤਰ ਪ੍ਰੇਰਕ) ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਸੀਬੀਐੱਸਈ ਵੱਲੋਂ ਐਲਾਨੇ 10ਵੀਂ ਤੇ 12ਵੀਂ ਜਮਾਤ ਦੇ ਨਤੀਜਿਆਂ ਵਿਚ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੀਆਂ ਸਾਰੀਆਂ ਬ੍ਰਾਂਚਾਂ ਦੇ ਸ਼ਾਨਦਾਰ ਨਤੀਜੇ, ਇਨ੍ਹਾਂ ਸਕੂਲਾਂ ਨੂੰ ਬਦਨਾਮ ਕਰਨ ਵਾਲੇ ਆਗੂਆਂ ਦੇ ਮੂੰਹ 'ਤੇ ਕਰਾਰੀ ਚਪੇੜ ਹਨ। ਦੋਵਾਂ ਆਗੂਆਂ ਨੇ ਕਿਹਾ ਕਿ ਕਿ ਸੀਬੀਐੱਸਈ ਵੱਲੋਂ ਐਲਾਨੇ ਨਤੀਜਿਆਂ ਵਿਚ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੀਆਂ ਸਾਰੀਆਂ ਬ੍ਰਾਂਚਾਂ ਦੇ 10ਵੇਂ ਦੇ ਨਤੀਜੇ 100 ਫੀਸਦੀ ਅਤੇ 12ਵੀਂ ਦੇ ਨਤੀਜੇ 99 ਫੀਸਦੀ ਰਹੇ ਹਨ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਨੂੰ ਸਿੱਖ ਕੌਮ ਦੀਆਂ ਇਨ੍ਹਾਂ ਸੰਸਥਾਵਾਂ ਦੀ ਇਹ ਪ੍ਰਾਪਤੀ ਬਰਦਾਸ਼ਤ ਨਹੀਂ ਹੁੰਦੀ ਤੇ ਇਨ੍ਹਾਂ ਦੇ ਸਟਾਫ ਖ਼ਿਲਾਫ਼ ਕੂੜ ਪ੍ਰਚਾਰ ਕਰਦੀਆਂ ਰਹਿੰਦੀਆਂ ਹਨ। ਉਨ੍ਹਾਂ ਇਨ੍ਹਾਂ ਸੰਸਥਾਵਾਂ ਖ਼ਿਲਾਫ਼ ਕੂੜ ਪ੍ਰਚਾਰ ਨਾ ਕਰਨ ਦੀ ਅਪੀਲ ਕੀਤੀ।

# ਦੋ ਮੁਲਜ਼ਮ 109 ਗ੍ਰਾਮ ਹੈਰੋਇਨ ਸਣੇ ਕਾਬੂ

ਯਮੁਨਾਨਗਰ, 15 ਮਈ (ਪੱਤਰ ਪ੍ਰੇਰਕ) ਕ੍ਰਾਈਮ ਬ੍ਰਾਂਚ-2 ਦੀ ਪੁਲੀਸ ਟੀਮ ਨੇ ਦੋ ਮੁਲਜ਼ਮਾਂ ਨੂੰ 4.5 ਲੱਖ ਰੁਪਏ ਦੀ ਕੀਮਤ ਦੀ 109 ਗ੍ਰਾਮ ਹੈਰੋਇਨ (ਸਮੈਕ) ਸਣੇ ਗ੍ਰਿਫ਼ਤਾਰ ਕੀਤਾ । ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਇੰਚਾਰਜ ਰਾਜਕੁਮਾਰ ਨੇ ਕਿਹਾ ਕਿ ਸੂਚਨਾ ਦੀ ਜਾਣਕਾਰੀ ਦੇ ਆਧਾਰ 'ਤੇ ਸਬ-ਇੰਸਪੈਕਟਰ ਓਮ ਪ੍ਰਕਾਸ਼, ਏਐੱਸਆਈ ਸੁਨੀਲ, ਯੋਗੇਸ਼, ਸੁਖਦੇਵ, ਚੀਫ਼ ਕਾਂਸਟੇਬਲ ਮਨੀਸ਼, ਸੁਨੀਲ ਅਤੇ ਕੁਲਦੀਪ ਦੀ ਟੀਮ ਬਣਾਈ ਗਈ । ਟੀਮ ਨੇ ਕੂੜਾ ਪਲਾਂਟ ਦੇ ਨੇੜੇ ਨਾਕੇ ਦੌਰਾਨ ਦੋ ਨੌਜਵਾਨ ਮੋਟਰਸਾਈਕਲ 'ਤੇ ਆਉਂਦੇ ਦਿਖਾਈ ਦਿੱਤੇ। ਉਨ੍ਹਾਂ ਨੂੰ ਰੋਕ ਕੇ ਪੁੱਛਗਿਛ ਕੀਤੀ ਤਾਂ ਉਨ੍ਹਾਂ ਦੀ ਪਛਾਣ ਦੋ ਭਰਾਵਾਂ ਰਵੀ ਕੁਮਾਰ ਉਰਫ ਗੋਲੂ ਉਰਫ ਚੀਕਾ ਅਤੇ ਸ਼ੁਭਮ ਉਰਫ ਯਸ਼ਪਾਲ ਵਾਸੀ ਮਾਇਆਪੁਰੀ ਬੈਂਕ ਕਲੋਨੀ ਵਜੋਂ ਹੋਈ। ਨੌਜਵਾਨਾਂ ਦੀ ਤਲਾਸ਼ੀ ਲੈਣ 'ਤੇ ਸ਼ੁਭਮ ਉਰਫ਼ ਟਿੰਕੂ ਤੋਂ 79.95 ਗ੍ਰਾਮ ਹੈਰੋਇਨ (ਸਮੈਕ) ਅਤੇ ਰਵੀ ਕੁਮਾਰ ਉਰਫ਼ ਗੋਲੂ ਤੋਂ 29.32 ਗ੍ਰਾਮ ਹੈਰੋਇਨ (ਸਮੈਕ) ਬਰਾਮਦ ਹੋਈ।

# ਭਗਵੰਤ ਮਾਨ 17 ਮਈ ਨੂੰ ਸਬ ਡਵੀਜ਼ਨਲ ਕੰਪਲੈਕਸ ਬਟਾਲਾ ਦਾ ਕਰਨਗੇ ਉਦਘਾਟਨ

ਬਟਾਲਾ, 15 ਮਈ (ਪੱਤਰ ਪ੍ਰੇਰਕ)- ਮੁੱਖ ਮੰਤਰੀ ਪੰਜਾਬ ਵਲੋਂ 17 ਮਈ ਨੂੰ ਸਬ ਡਵੀਜ਼ਨਲ ਕੰਪਲੈਕਸ ਬਟਾਲਾ ਦਾ ਉਦਘਾਟਨ ਕੀਤਾ ਜਾਵੇਗਾ। ਇਹ ਜਾਣਕਾਰੀ ਬਟਾਲਾ ਦੇ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਪੰਜਾਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ, ਦਲਵਿੰਦਰਜੀਤ ਸਿੰਘ ਵਲੋਂ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਦਿੱਤੀ ਗਈ। ਇਸ ਮੌਕੇ ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਜ), ਵਿਕਰਮਜੀਤ ਸਿੰਘ ਪਾਂਥੇ, ਐਸ.ਡੀ.ਐਮ-ਕਮ-ਕਮਿਸ਼ਨਰ ਕਾਰਪੋਰੇਸ਼ਨ, ਸ੍ਰੀਮਤੀ ਜਸਵੰਤ ਕੋਰ ਐਸ.ਪੀ (ਐੱਚ) ਅਤੇ ਚੇਅਰਮੈਨ ਮਾਨਿਕ ਮਹਿਤਾ ਵੀ ਮੋਜੂਦ ਸਨ।ਪੁਲਿਸ ਲਾਇਨ ਬਟਾਲਾ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਅਤੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਪੀ.ਡਬਲਿਊ.ਡੀ.ਸੀਵਰੇਜ ਬੋਰਡ, ਵਾਟਰ ਸਪਲਾਈ ਤੇ ਸੈਨੀਟੇਸ਼ਨ, ਕਾਰਪੋਰੇਸ਼ਨ , ਪਾਵਰਕਾਮ ਤੇ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਬ ਡਵੀਜ਼ਨਲ ਕੰਪਲੈਕਸ ਬਟਾਲਾ ਦੇ ਉਦਘਾਟਨ ਨੂੰ ਮੁੱਖ ਰੱਖਦਿਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦੇ ਕੇ ਮੁਕੰਮਲ ਕਰ ਲੈਣ। ਉਨਾਂ ਅਧਿਕਾਰੀਆਂ ਨੂੰ ਕੰਪਲੈਕਸ ਦੀ ਸਾਫ-ਸਫਾਈ ਤੇ ਫਰਨੀਚਰ ਆਦਿ ਸਬੰਧੀ ਵਿਸ਼ੇਸ ਤਵੱਜੋਂ ਦੇ ਕੇ ਤਿਆਰੀਆਂ ਕਰਨ ਲਈ ਕਿਹਾ।ਇਸ ਤੋਂ ਪਹਿਲਾ ਉਨਾਂ ਵਲੋਂ ਸਬ ਡਵੀਜ਼ਨਲ ਕੰਪਲੈਕਸ ਬਟਾਲਾ ਦਾ ਦੌਰਾ ਕੀਤਾ ਗਿਆ ਅਤੇ ਹਰੇਕ ਰੂਮ ਨੂੰ ਵੇਖਣ ਉਪਰੰਤ ਸਬੰਧਤ ਅਧਿਕਾਰੀਆਂ ਨੂੰ ਇੱਕ-ਦੋ ਦਿਨਾਂ ਦੇ ਅੰਦਰ ਜੋ ਮ ਰਿਹਾ ਗਿਆ ਹੈ, ਉਸ ਨੂੰ ਪੂਰਾ ਕਰਨ ਲਈ ਕਿਹਾ।ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਨਵੇਂ ਬਣੇ ਸਬ ਡਵੀਜ਼ਨਲ ਕੰਪਲੈਕਸ ਬਟਾਲਾ ਬਣਨ ਨਾਲ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ ਅਤੇ ਇੱਕ ਛੱਤ ਹੇਠਾਂ ਵੱਖ-ਵੱਖ ਸੇਵਾਵਾਂ ਦਾ ਲਾਭ ਮਿਲੇਗਾ।

ਇਸ ਮੌਕੇ ਅਰਜਨ ਸਿੰਘ ਗਰੇਵਾਲ ਤਹਿਸਲੀਦਾਰ ਬਟਾਲਾ, ਜਸਪ੍ਰੀਤ ਸਿੰਘ ਐਕਸੀਅਨ ਪੀ.ਡਬਲਿਊ.ਡੀ, ਨਿਰਮਲ ਸਿੰਘ ਐਸ.ਡੀ.ਓ, ਨੀਰਜ ਸ਼ਰਮਾ ਫਾਇਰ ਬ੍ਰਿਗੇਡ ਅਫਸਰ, ਇੰਜ. ਰੋਹਿਤ ਉੱਪਲ ਐਸ.ਡੀ.ਓ ਕਾਰਪੋਰੇਸ਼ਨ ਅਤੇ ਪਰਮਪਾਲ ਸਿੰਘ ਡੀ.ਐਸ.ਐਮ , ਫਰਦ ਕੇਂਦਰ ਆਦਿ ਮੋਜੂਦ ਸਨ।

# ਜੇਐੱਨਯੂ ਵੱਲੋਂ ਤੁਰਕੀ ਦੀ ਇਨੋਨੂ ਯੂਨੀਵਰਸਿਟੀ ਨਾਲ ਸਮਝੌਤਾ ਮੁਅੱਤਲ



ਨਵੀਂ ਦਿੱਲੀ, 15 ਮਈ (ਪੱਤਰ ਪ੍ਰੇਰਕ) ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇਐੱਨਯੂ) ਨੇ ਕੌਮੀ ਸੁਰੱਖਿਆ ਦਾ ਹਵਾਲਾ ਦਿੰਦਿਆਂ ਤੁਰਕੀ ਦੀ ਇਨੋਨੂ ਯੂਨੀਵਰਸਿਟੀ ਨਾਲ ਇੱਕ ਅਕਾਦਮਿਕ ਸਮਝੌਤਾ (ਐੱਮਓਯੂ) ਮੁਅੱਤਲ ਕਰ ਦਿੱਤਾ ਹੈ। ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਸਾਂਝੀ ਕੀਤੀ। ਐੱਮਓਯੂ 'ਤੇ ਤਿੰਨ ਫਰਵਰੀ ਨੂੰ ਤਿੰਨ ਸਾਲ ਦੀ ਮਿਆਦ ਲਈ ਦਸਤਖ਼ਤ ਕੀਤੇ ਗਏ ਸਨ। ਜੇਐੱਨਯੂ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ, "ਅਸੀਂ ਤੁਰਕੀ ਦੀ ਇਨੋਨੂ ਯੂਨੀਵਰਸਿਟੀ ਨਾਲ ਸਮਝੌਤਾ ਮੁਅੱਤਲ ਕਰ ਦਿੱਤਾ ਹੈ। ਸਮਝੌਤੇ ਤਹਿਤ ਫੈਕਲਟੀ ਅਤੇ ਵਿਦਿਆਰਥੀ ਆਦਾਨ-ਪ੍ਰਦਾਨ ਸਣੇ ਹੋਰ ਪ੍ਰੋਗਰਾਮਾਂ ਦੀ ਯੋਜਨਾ ਬਣਾਈ ਗਈ ਸੀ।" ਤੁਰਕੀ ਦੇ ਮਾਲਤਯਾ $ ਵਿੱਚ ਇਨੋਨੂ ਯੂਨੀਵਰਸਿਟੀ ਨੇ ਅੰਤਰ-ਸੱਭਿਆਚਾਰਕ ਖੋਜ ਅਤੇ ਵਿਦਿਆਰਥੀ ਸਹਿਯੋਗ ਨੂੰ ਉਤਸ਼ਾਹਿਤ ਕਰਨ ਦੇ ਆਪਣੇ ਯਤਨਾਂ ਦੇ ਹਿੱਸੇ ਵਜੋਂ ਇਟ" ਨਾਲ ਇੱਕ ਅਕਾਦਮਿਕ ਭਾਈਵਾਲੀ ਕੀਤੀ ਸੀ। ਐੱਮਓਯੂ ਨੂੰ ਮੁਅੱਤਲ ਕਰਨ ਦਾ ਫ਼ੈਸਲਾ ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅ ਦੇ ਮੱਦੇਨਜ਼ਰ ਲਿਆ ਗਿਆ ਹੈ। ਚਾਰ ਦਿਨ ਤੱਕ ਸਰਹੱਦ ਪਾਰ ਤੋਂ ਡਰੋਨ ਅਤੇ ਮਿਜ਼ਾਇਲ ਹਮਲਿਆਂ ਮਗਰੋਂ ਭਾਰਤ-ਪਾਕਿਸਤਾਨ ਨੇ 10 ਮਈ ਨੂੰ ਫ਼ੌਜੀ ਕਾਰਵਾਈਆਂ ਰੋਕਣ 'ਤੇ ਸਹਿਮਤੀ ਜਤਾਈ ਸੀ। ਤੁਰਕੀਆਂ ਵੱਲੋਂ ਪਾਕਿਸਤਾਨ ਦਾ ਸਮਰਥਨ ਕਰਨ ਅਤੇ ਉੱਥੇ ਅਤਿਵਾਦੀ ਕੈਂਪਾਂ 'ਤੇ ਭਾਰਤ ਦੇ ਹਾਲ ਹੀ 'ਚ ਕੀਤੇ ਹਮਲਿਆਂ ਦੀ ਨਿਖੇਧੀ ਕਰਨ ਕਾਰਨ ਭਾਰਤ ਨੇ ਤੁਰਕੀ ਨਾਲ ਵਪਾਰਕ ਸਬੰਧਾਂ 'ਚ ਤਣਾਅ ਦੀ ਸੰਭਾਵਨਾ ਹੈ। ਪਾਕਿਸਤਾਨ ਨੂੰ ਤੁਰਕੀ ਦੇ ਸਮਰਥਨ ਮਗਰੋਂ ਪੂਰੇ ਦੇਸ਼ ਵਿੱਚ ਤੁਰਕੀਆਂ ਦੇ ਸਾਮਾਨ ਅਤੇ ਸੈਰ-ਸਪਾਟੇ ਦਾ ਬਾਈਕਾਟ ਕਰਨ ਦੀਆਂ ਮੰਗਾਂ ਆ ਰਹੀਆਂ ਹਨ। ਇਸ ਤੋਂ ਇਲਾਵਾ 5 ਅਤੇ ਵਰਗੇ ਆਨਲਾਈਨ ਯਾਤਰਾ ਪਲੇਟਫਾਰਮਾਂ ਨੇ ਇਨ੍ਹਾਂ ਦੇਸ਼ਾਂ ਦੀ ਯਾਤਰਾ ਕਰਨ ਖ਼ਿਲਾਫ਼ ਐਡਵਾਇਜ਼ਰੀ ਜਾਰੀ ਕੀਤੀ ਹੈ।

# ਖੇਲੋ ਇੰਡੀਆ ਯੂਥ ਗੇਮਜ 'ਚ ਗਤਕਾ ਖੇਡ ਨੇ ਪੰਜਾਬ ਦੀ ਝੋਲੀ ਪਾਏ ਸੱਤ ਤਗਮੇ : ਡਾ. ਰਜਿੰਦਰ ਸਿੰਘ ਸੋਹਲ

ਐੱਸਏਐੱਸ ਨਗਰ , 15 ਮਈ (ਪੱਤਰ ਪ੍ਰੇਰਕ)- ਯੁਵਾ, ਖੇਡ ਮੰਤਰਾਲੇ ਅਤੇ ਭਾਰਤੀ ਖੇਡ ਅਥਾਰਟੀ ਵੱਲੋਂ ਇਸ ਵਾਰ ਬਿਹਾਰ ਰਾਜ ਦੇ ਵਿੱਚ ਖੇਲੋ ਇੰਡੀਆ ਖੇਡਾਂ ਦਾ ਆਯੋਜਨ ਕੀਤਾ ਗਿਆ। ਇਹ ਖੇਡਾਂ 5 ਮਈ ਤੋਂ ਲੈ ਕੇ 15 ਮਈ ਤਕ ਬਿਹਾਰ ਦੇ ਵੱਖ-ਵੱਖ ਸਹਿਰਾਂ ਵਿੱਚ ਕਰਵਾਈਆਂ ਜਾ ਰਹੀਆਂ ਹਨ। ਕੁੱਲ 28 ਖੇਡਾਂ ਦੇ ਆਯੋਜਨ ਤਹਿਤ ਗਤਕਾ ਖੇਡ ਬਿਹਾਰ ਦੇ ਗਯਾ ਸਹਿਰ ਵਿੱਚ ਕਰਵਾਈ ਗਈ। ਇਸ ਮੁਕਾਬਲੇ ਵਿੱਚ 19 ਰਾਜਾਂ ਦੇ 160 ਖਿਡਾਰੀਆਂ ਨੇ ਭਾਗ ਲਿਆ ਅਤੇ ਇਸ ਵਿੱਚ ਪੰਜਾਬ ਰਾਜ ਦੇ ਗਤਕਾ ਖਿਡਾਰੀਆਂ ਨੇ ਸਾਨਦਾਰ ਪ੍ਰਦਰਸਨ ਕਰਦੇ ਹੋਏ ਸੱਤ ਤਗਮੇ ਪੰਜਾਬ ਦੀ ਝੋਲੀ ਵਿੱਚ ਪਾਏ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਪੰਜਾਬ ਗਤਕਾ ਐਸੋਸੀਏਸਨ ਦੇ ਪ੍ਰਧਾਨ ਡਾ. ਰਜਿੰਦਰ ਸਿੰਘ ਸੋਹਲ ਅਤੇ ਜਨਰਲ ਸਕੱਤਰ ਬਲਜਿੰਦਰ ਸਿੰਘ ਤੂਰ ਨੇ ਦੱਸਿਆ ਕਿ ਪੰਜਾਬ ਗਤਕਾ ਐਸੋਸੀਏਸਨ ਪਿਛਲੇ ਕਈ ਸਾਲਾ ਤੋਂ ਗਤਕਾ ਖੇਡ ਨੂੰ ਇਕ ਖੇਡ ਦੇ ਰੂਪ ਵਿੱਚ ਪ੍ਰਫੁੱਲਤ ਕਰਨ ਲਈ




ਕੰਮ ਕਰ ਰਹੀ ਹੈ। ਪੰਜਾਬ ਗਤਕਾ ਐਸੋਸੀਏਸਨ ਅਤੇ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਇਹ ਸੰਭਵ ਹੋ ਸਕਿਆ ਹੈ ਕਿ ਇਕ ਹੀ ਖੇਡ ਦੇ ਵਿੱਚੋਂ ਸੱਤ ਤਗਮੇ ਪ੍ਰਾਪਤ ਕੀਤੇ ਗਏ ਹਨ। ਇਸ ਸਮੇਂ ਉਨ੍ਹਾਂ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਪੰਜਾਬ ਨੇ ਵਿਅਕਤੀਗਤ ਸਿੰਗਲ ਸੋਟੀ ਮੁਕਾਬਲੇ ਵਿੱਚ ਗੁਰਸੇਵਕ ਸਿੰਘ ਨੇ ਸੋਨੇ ਦਾ ਤਗਮਾ, ਜਸ਼ਨਦੀਪ ਸਿੰਘ ਨੇ ਚਾਂਦੀ ਦਾ ਤਗਮਾ, ਟੀਮ ਫਰੀ ਸੋਟੀ ਮੁਕਾਬਲੇ ਵਿੱਚ ਗੁਰਸੇਵਕ ਸਿੰਘ, ਜਸ਼ਨਦੀਪ ਸਿੰਘ, ਰੋਬਿਨਪ੍ਰੀਤ ਸਿੰਘ ਨੇ ਚਾਂਦੀ ਦਾ ਤਗਮਾ, ਵਿਅਕਤੀਗਤ ਫਰੀ ਸੋਟੀ ਮੁਕਾਬਲੇ ਵਿੱਚ ਜਗਦੀਪ ਸਿੰਘ ਨੇ ਚਾਂਦੀ ਦਾ ਤਗਮਾ ਹਾਸਲ ਕੀਤਾ। ਲੜਕੀਆਂ ਦੀ ਟੀਮ ਵਿੱਚ ਵਿਅਕਤੀਗਤ ਸਿੰਗਲ ਸੋਟੀ ਮੁਕਾਬਲੇ ਵਿੱਚ ਤਮੰਨਾ ਨੇ ਸੋਨੇ ਦਾ ਤਗਮਾ, ਅਵਨੀਤ ਕੌਰ ਨੇ ਕਾਂਸੀ ਦਾ ਤਗਮਾ, ਵਿਅਕਤੀਗਤ ਫਰੀ ਸੋਟੀ ਮੁਕਾਬਲੇ ਵਿੱਚ ਸੋਨੂੰ ਕੌਰ ਨੇ ਕਾਂਸੀ ਦਾ ਤਗਮਾ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਖੇਲੋ ਇੰਡੀਆ ਯੂਥ ਗੇਮਜ ਵਿੱਚ ਪੰਜਾਬ ਦੇ ਗਤਕਾ ਖਿਡਾਰੀਆਂ ਨੇ ਓਵਰਆਲ ਪਹਿਲਾ ਸਥਾਨ ਹਾਸਲ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਛੇਤੀ ਹੀ ਇਕ ਪ੍ਰੋਗਰਾਮ ਦਾ ਆਯੋਜਨ ਕਰਕੇ ਜੇਤੂ ਖਿਡਾਰੀਆਂ ਦਾ ਸਨਮਾਨ ਕੀਤਾ ਜਾਵੇਗਾ ਅਤੇ ਨਾਲ ਦੀ ਨਾਲ ਹੀ ਆਉਣ ਵਾਲੇ ਸਮੇਂ ਵਿੱਚ ਖਿਡਾਰੀਆਂ ਦੀ ਖੇਡ ਵਿੱਚ ਹੋਰ ਸੁਧਾਰ ਲਿਆਉਣ ਲਈ ਅਤੇ ਉਨ੍ਹਾਂ ਨੂੰ ਵਧੀਆ ਢਾਂਚਾ ਉਪਲਬਧ ਕਰਾਉਣ ਦੇ ਲਈ ਵੀ ਕੋਸ਼ਿਸ਼ਾਂ ਜਾਰੀ ਰਹਿਣਗੀਆਂ। ਇਸ ਸਮੇਂ ਬਲਜਿੰਦਰ ਸਿੰਘ ਤੂਰ ਵੱਲੋਂ ਗਤਕਾ ਫੈਡਰੇਸਨ ਆਫ ਇੰਡੀਆ ਦੇ ਪ੍ਰਧਾਨ ਹਰਚਰਨ ਸਿੰਘ ਭੁੱਲਰ ਦਾ ਵੀ ਵਿਸੇਸ ਤੌਰ 'ਤੇ ਧੰਨਵਾਦ ਕੀਤਾ ਗਿਆ, ਜਿਨਾਂ ਦੀ ਯੋਗ ਅਗਵਾਹੀ ਹੇਠ ਪੰਜਾਬ ਗਤਕਾ ਐਸੋਸੀਏਸਨ ਵਧੀਆ ਤਰੀਕੇ ਨਾਲ ਕੰਮ ਕਰ ਰਹੀ ਹੈ।

# ਸ਼ਾਇਰ ਰਾਜਿੰਦਰ ਬਿਆਲਾ ਨੇ ਨਜ਼ਮਾਂ ਸੁਣਾ ਕੇ ਰੰਗ ਬੰਨ੍ਹਿਆ

## ਲੇਖਿਕਾ ਰਤਨੋਤਮਾ ਦਾਸ ਨੇ ਮਾਤ ਭਾਸ਼ਾ ਦੀ ਕਹਾਣੀ ਨੂੰ ਅੰਗਰੇਜ਼ੀ ਵਿੱਚ ਸੁਣਾਇਆ




ਨਵੀਂ ਦਿੱਲੀ, 15 ਮਈ (ਰਿੰਕੂ) ਇੱਥੋਂ ਦੇ ਮੰਡੀ ਹਾਊਸ ਵਿੱਚ ਸਥਿਤ ਸਾਹਿਤ ਅਕਾਦਮੀ, ਦਿੱਲੀ ਨੇ ਆਪਣੇ ਲਿਟਰੇਰੀ ਫ਼ੋਰਮ ਦੇ ਕਰਵਾਏ ਪ੍ਰੋਗਰਾਮ ਵਿੱਚ ਸਾਹਿਤ ਦੀਆਂ ਵੰਨਗੀਆਂ ਦੇ ਕਈ ਰੰਗ ਬਿਖੇਰੇ। ਇਸ ਮੌਕੇ ਅਕਾਦਮੀ ਦੇ ਸਕੱਤਰ ਕੇ. ਸ੍ਰੀਨਿਵਾਸਰਾਉ ਹਾਜ਼ਰ ਹੋਏ। ਪ੍ਰੋਗਰਾਮ ਵਿੱਚ ਅਸਮੀ ਭਾਸ਼ਾ ਦੀ ਉੱਘੀ ਲੇਖਿਕਾ ਰਤਨੋਤਮਾ ਦਾਸ ਨੇ ਆਪਣੀ ਅਸਮੀ ਭਾਸ਼ਾ ਦੀ ਕਹਾਣੀ ਨੂੰ ਅੰਗਰੇਜ਼ੀ ਵਿੱਚ ਪੜ੍ਹ ਕੇ ਸੁਣਾਇਆ ਅਤੇ ਰੀਤਾ ਮਲਹੋਤਰਾ ਨੇ, ਆਪਣੀਆਂ ਅੰਗਰੇਜ਼ੀ ਕਵਿਤਾਵਾਂ ਪੜ੍ਹ ਕੇ ਸੁਣਾਈਆਂ। ਇਸ ਮਗਰੋਂ, ਪੰਜਾਬੀ ਭਾਸ਼ਾ ਦੇ ਬਹੁ-ਚਰਚਿਤ ਕਵੀ ਰਾਜਿੰਦਰ ਬਿਆਲਾ ਨੇ ਆਪਣੀਆਂ ਕੁੱਝ ਪਸੰਦੀਦਾ ਕਵਿਤਾਵਾਂ ਸੁਣਾਈਆਂ।

ਸਾਹਿਤ ਅਕਾਦਮੀ ਦੇ ਹਾਲ ਵਿੱਚ ਹਾਜ਼ਰ ਬਹੁਤੇ ਸਰੋਤੇ ਦੂਜੀਆਂ ਭਾਸ਼ਾਵਾਂ ਨਾਲ ਸਬੰਧਤ ਸਨ ਇਸ ਲਈ ਰਾਜਿੰਦਰ ਬਿਆਲਾ ਹੁਰਾਂ ਨੇ ਆਪਣੀਆਂ ਪੰਜਾਬੀ ਨਜ਼ਮਾਂ ਨੂੰ ਅੰਗਰੇਜ਼ੀ ਤੇ ਹਿੰਦੀ ਵਿੱਚ ਉਲਥਾ ਕੇ ਪੇਸ਼ ਕੀਤਾ ਤਾਂ ਜੋ ਨਜ਼ਮਾਂ ਦਾ ਸੰਚਾਰ ਸਹਿਜ ਹੋ ਸਕੇ।

ਉਨ੍ਹਾਂ ਨੇ ਹਾਜ਼ਰ ਪ੍ਰੋ. ਮਨਜੀਤ ਸਿੰਘ ਲਈ ਸ਼ੁਰੂ ਵਿੱਚ ਹੀ ਧੰਨਵਾਦ ਦੇ ਸ਼ਬਦ ਕਹੇ ਜਿਨ੍ਹਾਂ ਨੇ ਉਨ੍ਹਾਂ ਦੀ ਸ਼ਾਇਰੀ ਉਪਰ ਸਮੇਂ ਸਮੇਂ ਤਬਸਰਾ ਕਰਕੇ, ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਜ਼ਿਕਰਯੋਗ ਹੈ ਕਿ ਸ਼ਾਇਰ ਬਿਆਲਾ ਦੀਆਂ ਹੁਣ ਤੱਕ ਪੰਜਾਬੀ ਸ਼ਾਇਰੀ ਦੀਆਂ ਦਰਜਨ ਤੋਂ ਵੱਧ ਪੁਸਤਕਾਂ ਪ੍ਰਕਾਸ਼ਿਤ ਹੋ ਕੇ ਚਰਚਾ ਦਾ ਵਿਸ਼ਾ ਬਣ ਚੁੱਕੀਆਂ ਹੋਈਆਂ ਹਨ। ਉੜੀਆ ਭਾਸ਼ਾ ਦੇ ਚਰਚਿਤ ਲੇਖਕ ਸੰਗਰਾਮ ਮਿਸ਼ਰਾ (ਆਈਏਐੱਸ) ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਪੰਜਾਬੀ ਦੇ ਚਰਚਿਤ ਵਿਦਵਾਨ ਤੇ ਲੇਖਕ ਪ੍ਰੋ. ਮਨਜੀਤ ਸਿੰਘ ਤੇ ਹਿੰਦੀ ਭਾਸ਼ਾ ਦੇ ਸ਼ਾਇਰ ਰਾਹੁਲ ਨੇ ਵੀ ਹੋਰਨਾਂ ਤੋਂ ਇਲਾਵਾ ਇਸ ਸਾਹਿਤਕ ਸਮਾਗਮ ਵਿੱਚ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸ੍ਰੀ ਮਿਸ਼ਰਾ ਨੇ ਰਚਨਾਵਾਂ ਦੀ ਸ਼ਲਾਘਾ ਕੀਤੀ।

# ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਰੱਦ ਕਰਨ ਦਾ ਮੁੱਦਾ ਭਖਿਆ

ਨਵੀਂ ਦਿੱਲੀ, 15 ਮਈ (ਪੱਤਰ ਪ੍ਰੇਰਕ) ਦਿੱਲੀ ਦੇ ਨਿੱਜੀ ਸਕੂਲਾਂ ਵੱਲੋਂ ਫੀਸਾਂ ਵਿੱਚ ਵਾਧਾ ਕਰਨ ਦਾ ਮਾਮਲਾ ਹੁਣ ਗਰਮਾ ਗਿਆ ਹੈ ਅਤੇ ਸਰਕਾਰ ਨੂੰ ਵਿਰੋਧੀ ਦੇ ਨਾਂ ਦੇ ਨਾਲ ਨਾਲ ਮਾਪਿਆਂ ਵੱਲੋਂ ਵੀ ਘੇਰਿਆ ਜਾ ਰਿਹਾ ਹੈ। ਬੀਤੇ ਦਿਨੀਂ ਡੀਪੀਐਸ ਦਵਾਰਕਾ ਵੱਲੋਂ ਦਿੱਲੀ ਵਿੱਚ 34 ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਰੱਦ ਕਰਨ ਦਾ ਮੁੱਦਾ ਭਾਜਪਾ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਗਿਆ ਹੈ। ਮਾਪੇ ਵੀ ਡੀਪੀਐੱਸ ਦਵਾਰਕਾ ਵੱਲੋਂ ਬੱਚਿਆਂ ਦੇ ਨਾਵਾਂ ਦੀ ਰਜਿਸਟ੍ਰੇਸ਼ਨ ਰੱਦ ਕਰਨ ਦਾ ਵਿਰੋਧ ਕਰ ਰਹੇ ਹਨ। ਕੁਝ ਮਾਪਿਆਂ ਨੇ ਕਿਹਾ ਕਿ ਤਨਖਾਹ ਇੱਕ ਸਾਲ ਵਿੱਚ ਸਿਰਫ਼ 3-4 ਫ਼ੀਸਦ ਵਧਦੀ ਹੈ, ਜਦੋਂ ਕਿ ਸਕੂਲ ਨੇ 100 ਫ਼ੀਸਦ ਫੀਸਾਂ ਵਧਾਈਆਂ ਹਨ। ਇੱਕ ਮਾਂ ਨੇ ਕਿਹਾ ਕਿ ਬੱਚਿਆਂ ਨੂੰ ਲਾਇਬਰੇਰੀ ਵਿੱਚੋਂ ਬਾਹਰ ਜਾਣ ਲਈ ਰੋਕਾਂ ਲਾਈਆਂ ਜਾ ਰਹੀਆਂ ਹਨ। ਵਿਰੋਧੀ ਧਿਰ 'ਆਪ' ਨੇ ਐਕਸ 'ਤੇ ਇੱਕ ਵੀਡੀਓ ਪੋਸਟ ਕਰਕੇ ਦਿੱਲੀ ਦੀ ਭਾਜਪਾ ਸਰਕਾਰ 'ਤੇ ਵੀ ਨਿਸ਼ਾਨਾ ਸਾਧਿਆ ਹੈ। 'ਆਪ' ਨੇ ਕਿਹਾ ਕਿ ਭਾਜਪਾ ਦੇ ਸਿੱਖਿਆ ਮਾਫ਼ੀਆ ਨੇ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਦਾਖ਼ਲ ਹੋਣ ਤੋਂ ਰੋਕਣ ਲਈ ਬਾਊਂਸਰ ਤਾਇਨਾਤ ਕੀਤੇ ਹਨ। ਰਾਜਧਾਨੀ ਦਿੱਲੀ ਦੇ ਇੱਕ ਸਕੂਲਾਂ ਬਾਰੇ ਹਾਈ ਕੋਰਟ ਅਤੇ ਸਿੱਖਿਆ ਡਾਇਰੈਕਟੋਰੇਟ ਦੇ ਦਿਸ਼ਾ-ਨਿਰਦੇਸ਼ਾਂ ਦੀ ਅਣਦੇਖੀ ਕਰਨ ਦਾ ਮਾਮਲਾ ਸਾਹਮਣੇ ਆਉਣ ਦਾ ਮਾਮਲਾ ਉਦੋਂ ਸੁਰਖੀਆਂ ਵਿੱਚ ਆ ਗਿਆ ਜਦੋਂ ਦਿੱਲੀ ਪਬਲਿਕ ਸਕੂਲ (ਡੀਪੀਐੱਸ) ਦਵਾਰਕਾ ਨੇ 34 ਵਿਦਿਆਰਥੀਆਂ ਨੂੰ ਵਧੀ ਹੋਈ ਸਾਲਾਨਾ ਫੀਸ ਨਾ ਦੇਣ ਕਾਰਨ ਕੱਢ ਦਿੱਤਾ। ਵਿਦਿਆਰਥੀਆਂ ਨੂੰ ਸਕੂਲ ਵਿੱਚ ਦਾਖ਼ਲ ਹੋਣ ਤੋਂ ਰੋਕਣ ਲਈ ਬਾਊਂਸਰ ਵੀ ਤਾਇਨਾਤ ਕੀਤੇ ਗਏ ਹਨ। ਇਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਹੋਈ ਹੈ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ 'ਆਪ' ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਵੀ ਆਪਣੇ ਐਕਸ-ਅਕਾਊਂਟ 'ਤੇ ਪੋਸਟ ਪਾਈ ਅਤੇ ਪੋਸਟ ਵਿੱਚ ਲਿਖਿਆ ਕਿ ਤੁਹਾਡੇ ਸਮੇਂ ਦੌਰਾਨ ਅਜਿਹਾ ਕਦੇ ਨਹੀਂ ਹੋਣ ਦਿੱਤਾ ਗਿਆ। ਕੋਈ ਵੀ ਸਕੂਲ ਵਿਦਿਆਰਥੀਆਂ ਨੂੰ ਨਹੀਂ ਕੱਢ ਸਕਦਾ ਸੀ। 'ਆਪ' ਸਰਕਾਰ ਹਮੇਸ਼ਾ ਵਿਦਿਆਰਥੀਆਂ ਅਤੇ ਮਾਪਿਆਂ ਦੀ ਸੁਰੱਖਿਆ ਲਈ ਖੜ੍ਹੀ ਰਹੀ।

# ਗੁਰਦਾਸਪੁਰ ਵਿਚ 2500 ਹੈਕ ਰਕਬਾ ਮੱਕੀ ਦੀ ਕਾਸ਼ਤ ਹੇਠ ਲਿਆਂਦਾ ਜਾਵੇਗਾ

ਗੁਰਦਾਸਪੁਰ, 15 ਮਈ (ਪੱਤਰ ਪ੍ਰੇਰਕ)-ਗੁਰਦਾਸਪੁਰ ਜਿਲੇ ਅੰਦਰ 2500 ਹੈਕਟੇਅਰ ਰਕਬੇ ਵਿਚ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਾਉਣ ਦੇ ਉਲੀਕੇ ਗਏ ਟੀਚੇ ਦੀ ਪੂਰਤੀ ਲਈ ਅੱਜ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਨਿਯੁਕਤ ਕਿਸਾਨ ਮਿੱਤਰਾਂ ਨੂੰ ਸਿਖਲਾਈ ਦੇਣ ਲਈ ਕ੍ਰਿਸੀ ਵਿਗਿਆਨ ਕੇਂਦਰ ਦੇ ਟ੍ਰੇਨਿੰਗ ਹਾਲ ਵਿਚ ਇਕ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਜਿਲੇ ਦੇ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਕੀਤੀ। ਇਸ ਮੌਕੇ ਸਮੁੱਚੇ ਜਿਲੇ ਦੇ ਡਾਕਟਰ ਸਰਬਜੀਤ ਸਿੰਘ ਔਲਖ ਐਸੋਸੀਏਟ ਨਿਰਦੇਸਕ, ਡਾਕਟਰ ਮਨਪ੍ਰੀਤ ਸਿੰਘ , ਡਾਕਟਰ ਗੁਰਪ੍ਰੀਤ ਸਿੰਘ ,ਡਾਕਟਰ ਗਗਨਦੀਪ ਸਿੰਘ,ਡਾਕਟਰ ਪਰਮਿੰਦਰ ਕੁਮਾਰ ਸਮੂਹ ਖੇਤੀਬਾੜੀ ਅਫਸਰ ਸਮੇਤ ਸਮੂਹ ਕਿਸਾਨ ਮਿੱਤਰਾਂ ਹਾਜਰ ਸਨ ਜਿਨ੍ਹਾਂ ਨੂੰ ਸਿਖਲਾਈ ਦੇਣ ਲਈ ਕ੍ਰਿਸੀ ਵਿਗਿਆਨ ਕੇਂਦਰ ਨਾਲ ਸਬੰਧਿਤ ਖੇਤੀ ਮਾਹਿਰਾਂ ਦੀ ਟੀਮ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਮੱਕੀ ਦੀ ਕਾਸ਼ਤ ਨਾਲ ਸਬੰਧਿਤ ਅਹਿਮ ਨੁਕਤੇ ਸਾਂਝੇ ਕੀਤੇ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ ਅਮਰੀਕ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਸਾਲ 2014-15 ਦੌਰਾਨ ਤਕਰੀਬਨ 28.9 ਹੈਕਟੇਅਰ ਰਕਬੇ ਵਿੱਚ ਝੋਨੇ ਦੀ ਕਾਸ਼ਤ ਕੀਤੀ ਗਈ ਜਦ ਕਿ 60ਵੇਂ ਦਹਾਕੇ ਦੌਰਾਨ ਝੋਨੇ ਹੇਠ ਰਕਬਾ ਕੇਵਲ 2.27 ਲੱਖ ਹੈਕਟੇਅਰ ਸੀ।ਝੋਨੇ ਦੀ ਕਾਸ਼ਤ ਕਾਰਨ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਇਸ ਹੱਦ ਤੱਕ ਨੀਵਾਂ ਜਾ ਚੁੱਕਾ ਹੈ ਕਿ ਕੇਂਦਰੀ ਜ਼ਿਲਿਆਂ ਵਿੱਚ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਪੰਜਾਬ ਦੇ 141 ਬਲਾਕਾਂ ਵਿੱਚੋਂ 110 ਬਲਾਕਾਂ



ਨੂੰ ਪਹਿਲਾਂ ਹੀ ਜ਼ਮੀਨ ਦੋਜ਼ ਪਾਣੀ ਦੇ ਵਧੇਰੇ ਨਿਕਾਸੀ ਕਾਰਨ ਕਾਲੇ ਖੇਤਰ ਐਲਾਨਿਆ ਚੁੱਕਾ ਹੈ ਅਤੇ ਹੁਣੇ ਹੁਣੇ ਕੇਂਦਰੀ ਭੂ ਜਲ ਬੋਰਡ ਵੱਲੋਂ 18 ਬਲਾਕਾਂ ਨੂੰ ਕਾਲੇ ਖੇਤਰ ਵਾਲੇ ਬਲਾਕ ਐਲਾਨ ਕਰਕੇ ਹੋਰ ਟਿਊਬਵੈਲ ਲਗਾਉਣ ਤੇ ਪਾਬੰਦੀ ਲਗਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੱਕੀ ਅਜਿਹੀ ਫਸਲ ਹੈ,ਜਿਸ ਦੀ ਵਰਤੋਂ 25 ਫੀਸਦੀ ਖੁਰਾਕ,49 ਫੀਸਦੀ ਮੁਰਗੀਆਂ ਦੀ ਫੀਡ,12 ਫੀਸਦੀ ਪਸ਼ੂਆਂ ਲਈ ਚਾਰਾ,12 ਫੀਸਦੀ ਸਟਾਰਚ ਬਨਾਉਣ ਲਈ,1 ਫੀਸਦੀ ਸ਼ਰਾਬ ਬਨਾਉਣ ਲਈ ਅਤੇ 1 ਫੀਸਦੀ ਬੀਜ ਦੇ ਤੌਰ ਤੇ ਕੀਤੀ ਜਾਦੀ ਹੈ। ਪੋਲਟਰੀ ,ਪਸ਼ੂ ਖੁਰਾਕ ਅਤੇ ਸਟਾਰਚ ਉਦਯੋਗ ਦੀ ਮੰਗ ਨੂੰ ਪੂਰਿਆਂ ਕਰਨ ਲਈ ਮੱਕੀ ਹੇਠ ਰਕਬਾ 8 ਲੱਖ ਹੈਕਟੇਅਰ ਤੱਕ ਵਧਾਇਆ ਜਾ ਸਕਦਾ ਹੈ। ਉਨਾਂ ਕਿਹਾ ਕਿ ਜਿਲ੍ਹਾ ਗੁਰਦਾਸਪੁਰ ਵਿਚ ਬਲਾਕ ਦੀਨਾਨਗਰ, ਗੁਰਦਾਸਪੁਰ, ਕਾਹਨੂੰਵਾਨ, ਕਾਦੀਆਂ ਅਤੇ ਸ੍ਰੀ ਹਰਗੋਬਿੰਦ ਪੁਰ ਵਿਚ 2500 ਹੈਕ ਰਕਬੇ ਵਿੱਚ ਸਾਉਣੀ ਦੀ ਮੱਕੀ ਕਾਸਤ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਉਨਾਂ ਦਸਿਆ ਕਿ ਇਸ ਟੀਚੇ ਦੀ ਪੂਰਤੀ ਲਈ 25 ਕਿਸਾਨ ਮਿੱਤਰਾਂ ਨਿਯੁਕਤ ਕੀਤੇ ਗਏ ਹਨ ਜੋਂ ਖੇਤੀਬਾੜੀ ਅਧਿਕਾਰੀਆਂ ਅਤੇ ਕਿਸਾਨਾਂ ਵਿਚ ਕੜੀ ਦਾ ਕੰਮ ਕਰਨਗੇ ਅਤੇ ਕਿਸਾਨਾਂ ਨੂੰ ਮੱਕੀ ਦੀ ਕਾਸਤ ਕਰਨ ਲਈ ਪ੍ਰੇਰਤ ਕਰਨਗੇ।ਡਾਕਟਰ ਸਰਬਜੀਤ ਸਿੰਘ ਔਲਖ ਨੇ ਕਿਹਾ ਕਿ ਮੌਜੂਦਾ ਹਾਲਾਤਾਂ ਨੂੰ ਮੁੱਖ ਰੱਖਦਿਆਂ ਮੱਕੀ ਹੇਠ ਰਕਬਾ ਵਧਾਉਣਾ ਚਾਹੀਦਾ ਹੈ ਜਿਸ ਦੀ ਖਰੀਦ ਲਈ ਪੰਜਾਬ ਸਰਕਾਰ ਵਲੋਂ ਪਰਬੰਧ ਕਰ ਦਿੱਤਾ ਗਿਆ ਹੈ। ਫਸਲ ਵਿਗਿਆਨੀ ਡਾਕਟਰ ਖੋਖਰ ਨੇ ਜਿਥੇ ਮੱਕੀ ਦੀ ਕਾਸ਼ਤ ਨਾਲ ਸਬੰਧਿਤ ਅਹਿਮ ਜਾਣਕਾਰੀਆਂ ਸਾਂਝੀਆਂ ਕੀਤੀਆਂ। ਉਸ ਦੇ ਨਾਲ ਹੀ ਮੱਕੀ ਦੀ ਪ੍ਰਤੀ ਹੈਕਟੇਅਰ ਉਤਪਾਦਿਕਤਾ 39.0 ਕੁਇੰਟਲ ਹੈ ਜਦ ਕਿ ਦੋਗਲੀਆਂ ਕਿਸਮਾਂ ਪ੍ਰਤੀ ਹੈਕਟੇਅਰ ਤਕਰੀਬਨ 55-60 ਕੁਇੰਟਲ ਤੱਕ ਪੈਦਾਵਾਰ ਦੇਣ ਦੀ ਸਮਰੱਥਾ ਰੱਖਦੀਆਂ ਹਨ। ਉਨ੍ਹਾਂ ਕਿਹਾ ਕਿ ਮੱਕੀ ਦਾ ਚੰਗਾ ਝਾੜ ਲੈਣ ਲਈ ਖੇਤਾਂ ਦੇ ਜਲ ਨਿਕਾਸ ਦਾ ਠੀਕ ਪ੍ਰਬੰਧ ਹੋਣਾ ਬਹੁਤ ਜ਼ਰੂਰੀ ਹੈ।ਸਿੰਚਿਤ ਇਲਾਕਿਆਂ ਵਿੱਚ ਮੱਕੀ ਦੀ ਬਿਜਾਈ 25 ਮਈ ਤੋਂ 29 ਜੂਨ ਤੱਕ ਬਿਜਾਈ ਕੀਤੀ ਜਾ ਸਕਦੀ ਹੈ। ਅਗਸਤ ਮਹੀਨੇ ਵਿੱਚ ਮੱਕੀ ਦੀ ਬਿਜਾਈ ਕਰਕੇ ਵੀ ਵਧੇਰੇ ਪੈਦਾਵਾਰ ਲਈ ਜਾ ਸਕਦੀ ਹੈ। ਪ੍ਰਤੀ ਏਕੜ ਬੂਟਿਆਂ ਦੀ ਗਿਣਤੀ 33000 ਹੋਣੀ ਬਹੁਤ ਜ਼ਰੂਰੀ ਹੈ ਇਹ ਗਿਣਤੀ ਤਾਂ ਹੀ ਪੂਰੀ ਕੀਤੀ ਜਾ ਸਕਦੀ ਹੈ ਜੇਕਰ ਮੱਕੀ ਦੀ ਬਿਜਾਈ ਸਮੇਂ ਕਤਾਰ ਤੋਂ ਕਤਾਰ ਦਾ ਫਾਸਲਾ 60 ਸੈ.ਮੀ. ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈ.ਮੀ. ਹੋਵੇ । ਮੱਕੀ ਦੀ ਬਿਜਾਈ ਨੁਮੈਟਿਕ ਪਲਾਂਟਰ ਨਾਲ ਜਾਂ ਵੱਟਾਂ ਉਪਰ ਚੋਗ ਕੇ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਨੁਸਾਰ ਮੱਕੀ ਦੀ ਕਾਸ਼ਤ ਕੀਤੀ ਜਾਵੇ ਤਾਂ ਕਿਸਾਨ ਚੰਗੀ ਆਮਦਨ ਕਮਾ ਸਕਦੇ ਹਨ। ਡਾ.ਰਾਜਵਿੰਦਰ ਕੌਰ ਨੇ ਬੀਜ ਦੀ ਸੋਧ ਅਤੇ ਮੱਕੀ ਦੀ ਫਸਲ 'ਤੇ ਹਮਲਾ ਕਰਨ ਵਾਲੇ ਵੱਖ ਵੱਖ ਕੀਟ ਪਤੰਗਿਆਂ ਦੀ ਰੋਕਥਾਮ ਬਾਰੇ ਜਾਣਕਾਰੀ ਦਿੱਤੀ। ਡਾਕਟਰ ਗੁਰਪ੍ਰੀਤ ਸਿੰਘ ਨੇ ਨਦੀਨਾਂ ਦੀ ਰੋਕਥਾਮ ਲਈ, ਵੱਖ ਵੱਖ ਬੀਮਾਰੀਆਂ ਤੋ ਬਚਾਅ ਦੇ ਢੰਗ ਤਰੀਕਿਆਂ ਸਮੇਤ ਹੋਰ ਜਾਣਕਾਰੀ ਸਾਂਝੀ ਕੀਤੀ। ਇਸੇ ਤਰ੍ਹਾਂ ਮਾਹਿਰਾਂ ਨੇ ਖਾਦਾਂ ਦੀ ਵਰਤੋਂ ਬਿਜਾਈ ਅਤੇ ਕਟਾਈ ਦੇ ਢੰਗ ਤਰੀਕੇ, ਸਿੰਚਾਈ ਆਦਿ ਸਬੰਧੀ ਵੀ ਸਿਖਲਾਈ ਦਿੱਤੀ । ਸਟੇਜ ਸਕੱਤਰ ਦੇ ਫਰਜ ਡਾਕਟਰ ਮਨਪ੍ਰੀਤ ਸਿੰਘ ਨੇ ਬਾਖੂਬੀ ਨਿਭਾਏ। ਅਖੀਰ ਵਿਚ ਦੋ ਸਫਲ ਮੱਕੀ ਕਾਸਤਕਾਰਾਂ ਨੇ ਆਪਣੇ ਤਜਰਬੇ ਸਾਂਝੇ ਕੀਤੇ।

# ਸੰਜੈ ਸਿੰਘ ਵੱਲੋਂ ਭਾਜਪਾ ਮੰਤਰੀ ਵਿਜੈ ਸ਼ਾਹ ਨੂੰ ਬਰਖ਼ਾਸਤ ਕਰਨ ਦੀ ਮੰਗ

## ਰਾਜ ਸਭਾ ਮੈਂਬਰ ਵੱਲੋਂ ਕਰਨਲ ਸੋਫੀਆ ਕੁਰੈਸ਼ੀ ਨੂੰ ਅਤਿਵਾਦੀਆਂ ਦੀ ਭੈਣ ਕਹਿਣ ਦੀ ਨਿਖੇਧੀ

ਨਵੀਂ ਦਿੱਲੀ, 15 ਮਈ (ਪੱਤਰ ਪ੍ਰੇਰਕ) ਆਮ ਆਦਮੀ ਪਾਰਟੀ ਨੇ ਮੱਧ ਪ੍ਰਦੇਸ਼ ਦੇ ਭਾਜਪਾ ਮੰਤਰੀ ਵਿਜੈ ਸ਼ਾਹ ਨੂੰ ਤੁਰੰਤ ਬਰਖਾਸਤ ਕਰਨ ਅਤੇ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ, ਜਿਨ੍ਹਾਂ ਨੇ ਭਾਰਤੀ ਫੌਜ ਦੀ ਅਧਿਕਾਰੀ ਸੋਫੀਆ ਕੁਰੈਸ਼ੀ ਨੂੰ ਪਾਕਿਸਤਾਨੀ ਅਤਿਵਾਦੀਆਂ ਦੀ ਭੈਣ ਕਿਹਾ ਸੀ। ਸੀਨੀਅਰ 'ਆਪ' ਨੇਤਾ ਅਤੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਕਿਹਾ ਕਿ ਭਾਰਤੀ ਫੌਜ ਦਾ ਅਪਮਾਨ ਕਰਕੇ ਮੰਤਰੀ ਨੇ ਦੇਸ਼ ਦੇ ਸਾਹਮਣੇ ਭਾਜਪਾ ਦੀ ਦੇਸ਼ ਵਿਰੋਧੀ ਮਾਨਸਿਕਤਾ ਦਾ ਪਰਦਾਫਾਸ਼ ਕੀਤਾ ਹੈ। ਭਾਜਪਾ ਦੇਸ਼ ਨੂੰ ਸਿਰਫ਼ ਵੰਡ ਸਕਦੀ ਹੈ, ਇਹ ਕਦੇ ਵੀ ਇੱਕਜੁਟ ਨਹੀਂ ਕਰ ਸਕਦੀ। ਇਹ ਉਸ ਦਾ ਅਸਲੀ ਕਿਰਦਾਰ ਹੈ। ਅਜਿਹੇ ਮੰਤਰੀ ਨੂੰ ਤੁਰੰਤ ਬਰਖਾਸਤ ਕਰਕੇ ਗ੍ਰਿਫ਼ਤਾਰ ਕਰ ਲਿਆ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਫੌਜ ਦੇ ਅਪਮਾਨ ਦੇ ਮੁੱਦੇ 'ਤੇ ਚੁੱਪ ਨਹੀਂ ਰਹਿ ਸਕਦੇ, ਉਨ੍ਹਾਂ ਨੂੰ ਦੇਸ਼ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਉਹ ਬੁੱਧਵਾਰ ਨੂੰ ਪਾਰਟੀ ਹੈੱਡਕੁਆਰਟਰ ਵਿੱਚ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਸੰਜੈ ਸਿੰਘ ਨੇ ਕਿਹਾ ਕਿ ਭਾਰਤੀ ਫੌਜ ਦਾ ਅਪਮਾਨ ਕਰਨ ਵਾਲੇ ਮੰਤਰੀ ਵਿਜੈ ਸ਼ਾਹ ਦਾ ਪਹਿਲਾਂ ਹੀ ਮਾੜਾ ਰਿਕਾਰਡ ਹੈ। ਇਸ ਤੋਂ ਪਹਿਲਾਂ ਉਸ ਨੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਦੀ ਪਤਨੀ ਬਾਰੇ ਵੀ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ। ਭਾਜਪਾ ਨੇ ਇੱਕ ਅਜਿਹੇ ਵਿਅਕਤੀ ਨੂੰ ਮੰਤਰੀ ਬਣਾਇਆ ਹੈ ਜਿਸ ਨੇ ਔਰਤਾਂ ਵਿਰੁੱਧ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ। ਉਨ੍ਹਾਂ ਕਿਹਾ ਕਿ ਭਾਜਪਾ ਦੇ ਲੋਕ ਵਿਦੇਸ਼ ਸਕੱਤਰ ਬਿਕਰਮ ਮਿਸ਼ਰਾ ਨੂੰ ਜੰਗਬੰਦੀ ਲਈ ਜ਼ਿੰਮੇਵਾਰ ਠਹਿਰਾ ਕੇ ਉਨ੍ਹਾਂ ਨਾਲ ਬਦਸਲੂਕੀ ਕਰ ਰਹੇ ਹਨ। ਜਦੋਂ ਕਿ ਜੰਗਬੰਦੀ ਦਾ ਫੈਸਲਾ ਪ੍ਰਧਾਨ ਮੰਤਰੀ ਮੋਦੀ ਨੇ ਲਿਆ ਸੀ। ਬਿਕਰਮ ਮਿਸ਼ਰਾ ਦੀ ਇਸ ਵਿੱਚ ਕੋਈ ਭੂਮਿਕਾ ਨਹੀਂ।

# ਸੂਬੇ ਨੂੰ ਨਸ਼ਾ ਮੁਕਤ ਕਰਕੇ ਮੁੜ ਰੰਗਲਾ ਪੰਜਾਬ ਬਣਾਇਆ ਜਾਵੇਗਾ : ਸੋਨੀਆ ਮਾਨ

ਗੁਰਦਾਸਪੁਰ, 15 ਮਈ (ਪੱਤਰ ਪ੍ਰੇਰਕ)–(ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਰਾਜ ਭਰ ਵਿੱਚ ਲੜੀ ਜਾ ਰਹੀ ਲੜਾਈ ਲਈ ਘਰ-ਘਰ ਦਾ ਸਾਥ ਲੈਣ ਵਾਸਤੇ ਆਮ ਆਦਮੀ ਪਾਰਟੀ ਵੱਲੋਂ ਸ਼ੁਰੂ ਕੀਤੇ ਗਏ ਨਸਾ ਮੁਕਤੀ ਮੋਰਚਾ ਦੇ ਮਾਝਾ ਜੋਨ ਕੋਆਰਡੀਨੇਟਰ ਸੋਨੀਆ ਮਾਨ ਅਤੇ ਜਿ਼ਲ੍ਹਾ ਕੋਆਰਡੀਨੇਟਰ ਸ੍ਰੀ ਮਾਨਿਕ ਮਹਿਤਾ ਵੱਲੋਂ ਗੁਰਦਾਸਪੁਰ ਵਿਖੇ ਹਲਕਾ ਅਤੇ ਬਲਾਕ ਕੋਆਰਡੀਨੇਟਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ 16 ਮਈ ਤੋਂ ਸੁਰੂ ਹੋਣ ਜਾ ਰਹੀ ਨਸਾ ਮੁਕਤੀ ਯਾਤਰਾ ਨੂੰ ਸਫਲ ਬਣਾਉਣ ਲਈ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜੋਨ ਕੋਆਰਡੀਨੇਟਰ ਸੋਨੀਆ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨਸਿ਼ਆਂ ਵਿਰੁੱਧ ਡਟਵੀਂ ਲੜਾਈ ਲੜ ਰਹੀ ਹੈ ਅਤੇ ਇਸ ਲਈ ਸਾਡੀ ਪਾਰਟੀ ਵੀ ਸਰਕਾਰ ਦੀ ਇਸ ਮੁਹਿੰਮ ਦਾ ਸਾਥੀ ਬਣਕੇ ਪੰਜਾਬ ਦੇ ਹਰੇਕ ਘਰ ਵਿੱਚ ਦਸਤਕ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਲਈ ਪੰਜਾਬ ਨੂੰ ਪੰਜ ਜੋਨਾਂ ਵਿੱਚ ਵੰਡਿਆ ਗਿਆ ਹੈ ਅਤੇ ਸਾਡੇ ਵਲੰਟੀਅਰ ਪੰਜਾਬ ਦੇ ਹਰੇਕ ਘਰ ਵਿੱਚ ਜਾ ਕੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਰਨਗੇ। ਜੇਕਰ ਕੋਈ ਉਸ ਪਰਿਵਾਰ ਦਾ ਮੈਂਬਰ ਨਸਾ ਕਰਦਾ ਹੈ ਤਾਂ ਉਸ ਦਾ ਇਲਾਜ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਕੋਲੋਂ ਨਸਿ਼ਆਂ ਵਿਰੁੱਧ ਮੁਹਿੰਮ ਵਿੱਚ ਸਾਥ ਮੰਗਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਪਹਿਲਾਂ ਪਿੰਡਾਂ ਵਿੱਚ ਚਲਾਈ




ਜਾਵੇਗੀ, ਫਿਰ ਇਹ ਛੋਟੇ ਕਸਬਿਆਂ ਵਿੱਚ ਅਤੇ ਫਿਰ ਸਹਿਰਾਂ ਦੇ ਵਿੱਚ ਇਸ ਲੜੀ ਤਹਿਤ ਲੋਕਾਂ ਕੋਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਸਹਿਯੋਗ ਲਿਆ ਜਾਵੇਗਾ। ਮਾਝੇ ਦੇ ਕੋਆਰਡੀਨੇਟਰ ਸੋਨੀਆ ਮਾਨ ਨੇ ਕਿਹਾ ਕਿ ਸਾਡੀਆਂ ਟੀਮਾਂ ਬਿਲਕੁਲ ਤਿਆਰ ਹਨ ਅਤੇ ਅਸੀਂ ਮਾਝੇ ਵਿੱਚ ਇਸ ਕਾਰਵਾਈ ਨੂੰ ਅੰਜਾਮ ਤੱਕ ਪਹੁੰਚਾਵਾਂਗੇ। ਉਨ੍ਹਾਂ ਕਿਹਾ ਕਿ ਗੁਰੂਆਂ, ਪੀਰਾਂ ਦੀ ਇਸ ਧਰਤੀ ਨੂੰ ਲੱਗੇ ਘੁਣ ਨੂੰ ਸਾਫ ਕਰਨ ਤੱਕ ਸਾਡੀ ਮੁਹਿੰਮ ਜਾਰੀ ਰਹੇਗੀ ਅਤੇ ਅਸੀਂ ਪੰਜਾਬ ਨੂੰ ਮੁੜ ਰੰਗਲਾ ਬਣਾਵਾਂਗੇ। ਜਿ਼ਲ੍ਹਾ ਕੋਆਰਡੀਨੇਟਰ ਅਤੇ ਮਾਰਕਿਟ ਕਮੇਟੀ ਬਟਾਲਾ ਦੇ ਚੇਅਰਮੈਨ ਸ੍ਰੀ ਮਾਨਿਕ ਮਹਿਤਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨਸਿ਼ਆਂ ਦੇ ਮੁਕੰਮਲ ਖਾਤਮੇ ਲਈ ਯੁੱਧ ਨਸਿ਼ਆਂ ਵਿਰੁੱਧ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਲਕੇ 16 ਮਈ ਤੋਂ ਸੂਬੇ ਭਰ ਵਿੱਚ ਨਸਾ ਮੁਕਤੀ ਯਾਤਰਾ ਸੁਰੂ ਹੋ ਰਹੀ ਹੈ ਜਿਸ ਤਹਿਤ ਪਿੰਡਾਂ ਤੇ ਸਹਿਰਾਂ ਵਿੱਚ ਲੋਕਾਂ ਨੂੰ ਨਸਿ਼ਆਂ ਵਿਰੁੱਧ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਨੌਜਵਾਨ ਨਸਾ ਦੇ ਆਦੀ ਹਨ, ਉਨ੍ਹਾਂ ਬਾਰੇ ਪੁਲਿਸ ਨੂੰ ਸਖਤ ਹਦਾਇਤਾਂ ਹਨ ਕਿ ਉਨ੍ਹਾਂ ਵਿਰੁੱਧ ਕਾਰਵਾਈ ਨਹੀਂ, ਉਨ੍ਹਾਂ ਦਾ ਇਲਾਜ ਕਰਵਾਇਆ ਜਾਵੇ। ਇਸ ਲਈ ਸਰਕਾਰ ਵੱਲੋਂ ਨਸਾ ਛਡਾਊ ਕੇਂਦਰਾਂ ਵਿੱਚ ਉਨ੍ਹਾਂ ਦਾ ਇਲਾਜ ਕਰਵਾਉਣ ਦੇ ਪ੍ਰਬੰਧ ਕੀਤੇ ਹਨ। ਉਨ੍ਹਾਂ ਕਿਹਾ ਕਿ ਨਸੇ ਨੂੰ ਖਤਮ ਕਰਨ ਲਈ ਸਰਕਾਰ ਵੱਲੋਂ ਰੁਜਗਾਰ ਦੇ ਮੌਕੇ ਪੈਦਾ ਕਰਨ ਉੱਤੇ ਵੀ ਜੋਰ ਦਿੱਤਾ ਜਾ ਰਿਹਾ ਹੈ, ਸਰਕਾਰੀ ਨੌਕਰੀਆਂ ਵਿੱਚ ਭਰਤੀ ਚੱਲ ਰਹੀ ਹੈ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਹੁਨਰਮੰਦ ਸਿੱਖਿਆ ਦੇਣ ਦੇ ਪ੍ਰਬੰਧ ਵੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਜਿ਼ਲ੍ਹਾ ਗੁਰਦਾਸਪੁਰ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਰਾਜ ਸਰਕਾਰ ਦੀ ਯੁੱਧ ਨਸਿ਼ਆਂ ਵਿਰੁੱਧ ਮੁਹਿੰਮ ਵਿੱਚ ਆਪਣਾ ਵੱਧ-ਚੜ ਕੇ ਸਾਥ ਦੇਣ।

## ਵਧਦੀ ਗਰਮੀ ਨੂੰ ਦੇਖਦਿਆਂ ਸਕੂਲਾਂ ਦਾ ਸਮਾਂ ਬਦਲਣ ਦੀ ਮੰਗ

ਗੁਰਦਾਸਪੁਰ, 15 ਮਈ (ਪੱਤਰ ਪ੍ਰੇਰਕ)–ਅੱਤ ਦੀ ਪੈ ਰਹੀ ਗਰਮੀ ਨੂੰ ਦੇਖਦਿਆਂ ਸਿੱਖਿਆ ਵਿਭਾਗ ਪੰਜਾਬ ਅਤੇ ਜਿਲ੍ਹਾ ਪ੍ਰਸਾਸਨ ਗੁਰਦਾਸਪੁਰ ਤੋਂ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਜਿਲ੍ਹਾ ਗੁਰਦਾਸਪੁਰ ਦੇ ਆਗੂਆਂ ਕੁਲਦੀਪ ਪੁਰੋਵਾਲ, ਅਨਿਲ ਕੁਮਾਰ,ਦਿਲਦਾਰ ਭੰਡਾਲ, ਸੁਖਵਿੰਦਰ ਰੰਧਾਵਾ ਅਤੇ ਗੁਰਪ੍ਰੀਤ ਰੰਗੀਲਪੁਰ ਨੇ ਸਕੂਲਾਂ ਦਾ ਸਮਾਂ ਬਦਲਣ ਦੀ ਮੰਗ ਕੀਤੀ ਹੈ।ਆਗੂਆਂ ਕਿਹਾ ਕਿ ਪ੍ਰਾਇਮਰੀ /ਮਿਡਲ ਸਕੂਲਾਂ ਵਿੱਚ ਪੜ੍ਹਦੇ ਛੋਟੇ ਬੱਚਿਆਂ ਨੂੰ ਛੁੱਟੀ ਹੋਣ ਉਪਰੰਤ ਅੱਤ ਦੀ ਗਰਮੀ ਕਰਕੇ ਮੁਸਕਿਲ ਆ ਰਹੀ ਹੈ। ਵਿੱਦਿਆਰਥੀ ਬਿਮਾਰ ਹੋ ਰਹੇ ਹਨ। ਗਰੀਬ ਵਿਦਿਆਰਥੀਆਂ ਕੋਲ ਆਵਾਜਾਈ ਦੇ ਸਾਧਨ ਨਾ ਹੋਣ ਕਾਰਨ ਪੈਦਲ ਚਲਣ ਵਿੱਚ ਮੁਸਕਿਲ ਆ ਰਹੀ ਹੈ। ਪਿੰਡਾਂ ਦੇ ਸਕੂਲਾਂ ਵਿੱਚ ਵੀ ਬਿਜਲੀ ਘੱਟ ਆਉਣ ਕਾਰਨ ਮੁਸਕਿਲ ਵੱਧ ਰਹੀ ਹੈ।ਆਗੂਆਂ ਕਿਹਾ ਕਿ ਸਕੂਲਾਂ ਦਾ ਸਮਾਂ 7.30 ਵਜੇ ਤੋਂ 12.00ਵਜੇ ਤਕ ਕੀਤਾ ਜਾਵੇ ਤਾਂ ਕਿ ਅੱਤ ਦੀ ਗਰਮੀ ਤੋਂ ਵਿਦਿਆਰਥੀਆਂ ਦਾ ਬਚਾਅ ਹੋ ਸਕੇ ਅਤੇ ਪੜਾਈ ਵੀ ਜਾਰੀ ਰਹਿ ਸਕੇ। ਇਸ ਮੌਕੇ ਪਰਸੋਤਮ ਲਾਲ, ਅਮਨਦੀਪ ਧਾਰੀਵਾਲ,ਬਲਵਿੰਦਰ ਕੁਮਾਰ, ਮਨਜੀਤ ਸਿੰਘ, ਪਵਨ ਕੁਮਾਰ, ਸੁਖਵਿੰਦਰ ਬਟਾਲਾ, ਕਪਿਲ ਸਰਮਾ, ਬਲਕਾਰ ਸਿੰਘ,ਮੰਗਲਦੀਪ , ਗੁਰਮੀਤ ਸਿੰਘ ਬਾਜਵਾ,ਆਦਿ ਹਾਜਰ ਸਨ।

# ਸਿਹਤ ਮੰਤਰੀ ਵੱਲੋਂ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਵਿਕਾਸ ਕਾਰਜਾਂ 'ਚ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ

ਪਟਿਆਲਾ, 15 ਮਈ (ਚਰਨਜੀਤ ਚੰਨੀ)–ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਆਪਣੇ ਹਲਕੇ ਦੇ ਵਿਕਾਸ ਕਾਰਜਾਂ ਦਾ ਮੁਲੰਕਣ ਕਰਦਿਆਂ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਕਿਸੇ ਵੀ ਕੰਮ ਵਿੱਚ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ। ਉਨ੍ਹਾਂ ਨੇ ਅੱਜ ਆਪਣੇ ਹਲਕੇ ਵਿੱਚ ਕਰੀਬ 9 ਕਰੋੜ ਰੁਪਏ ਦੇ ਰੰਗਲਾ ਪੰਜਾਬ ਪ੍ਰੋਜੈਕਟਾਂ ਦੀ ਯੋਜਨਾਬੰਦੀ ਤਹਿਤ ਇਨ੍ਹਾਂ ਉਪਰ ਚਰਚਾ ਅਤੇ ਪ੍ਰਾਜੈਕਟਾਂ ਨੂੰ ਅੰਤਿਮ ਰੂਪ ਦੇਣ ਲਈ ਪਟਿਆਲਾ ਦਿਹਾਤੀ ਹਲਕੇ ਦੇ 2 ਦਰਜਨ ਤੋਂ ਵਧੇਰੇ ਪਿੰਡਾਂ ਦੇ ਨੁਮਾਇੰਦਿਆਂ ਨਾਲ ਮੈਰਾਥਨ ਮੀਟਿੰਗਾਂ ਕੀਤੀਆਂ। ਇਸ ਮੌਕੇ ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਸਰਕਾਰ ਰੰਗਲਾ ਪੰਜਾਬ ਤਹਿਤ ਸਿੱਖਿਆ, ਸਿਹਤ ਤੇ ਵਾਤਾਵਰਣ ਵੱਲ ਕੇਂਦਰਤ ਹੈ। ਪਟਿਆਲਾ ਹਲਕੇ ਦੇ ਵਿਕਾਸ 'ਚ ਸਾਰੇ ਲੋਕਾਂ ਦੇ ਯੋਗਦਾਨ ਨੂੰ ਦਿਸ਼ਾ ਦੇਣ ਲਈ ਸਿਹਤ ਮੰਤਰੀ ਨੇ ਅੱਜ ਸਵੇਰ ਤੋਂ ਸ਼ਾਮ ਤੱਕ ਆਪਣੇ ਹਲਕੇ ਦੇ ਪਿੰਡਾਂ ਰੋਹਟੀ ਛੰਨਾ, ਰੋਹਟਾ, ਰੋਹਟੀ ਮੌੜਾਂ, ਰੋਹਟੀ ਬਸਤਾ ਸਿੰਘ, ਇੱਛੇਵਾਲ, ਰਾਮਗੜ੍ਹ ਛੰਨਾ, ਲਾਲੌਂਦਾ, ਘਮਰੌਦਾ, ਮੰਡੌੜ, ਸ਼ਮਲਾ, ਰੋਹਟੀ ਖਾਸ,



ਹਿਆਣਾ ਕਲਾਂ, ਹਿਆਣਾ ਖੁਰਦ, ਧੰਗੇੜਾ, ਕੈਦੂਪੁਰ, ਲੰਗ, ਰੌਂਗਲਾ, ਕਿਸ਼ਨਗੜ੍ਹ, ਸਿੰਬੜੋਂ, ਲੌਟ, ਸਿਓਣਾ, ਵਿਕਾਸ ਨਗਰ, ਬਾਬੂ ਸਿੰਘ ਕਲੋਨੀ, ਸਿੱਧੂਵਾਲ, ਰਣਜੀਤ ਨਗਰ ਆਦਿ ਪਿੰਡਾਂ ਦੇ ਨੁਮਾਇੰਦਿਆਂ ਨਾਲ ਮੈਰਾਥਨ ਮੀਟਿੰਗਾਂ ਕੀਤੀਆਂ।ਉਨ੍ਹਾਂ ਕਿਹਾ ਕਿ ਉਹ ਖ਼ੁਦ ਵਿਕਾਸ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ ਤੇ ਜੇਕਰ ਕਿਸੇ ਵੀ ਕੰਮ ਵਿੱਚ ਊਣਤਾਈ ਪਾਈ ਗਈ ਤਾਂ ਸਬੰਧਤ ਅਧਿਕਾਰੀਆਂ ਖ਼ਿਲਾਫ਼ ਮਿਸਾਲੀ ਕਾਰਵਾਈ ਕੀਤੀ ਜਾਵੇਗੀ। ਸਥਾਨਕ ਨੁਮਾਇੰਦਿਆ ਨੇ ਆਪਣੇ ਪਿੰਡਾਂ ਦੀਆਂ ਸਮੱਸਿਆਵਾਂ, ਮੰਗਾਂ ਤੇ ਸੁਝਾਓ ਮੰਤਰੀ ਦੇ ਸਨਮੁੱਖ ਰੱਖੇ, ਜਿਨ੍ਹਾਂ 'ਤੇ ਸਿਹਤ ਮੰਤਰੀ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਲਈ ਹਦਾਇਤਾਂ ਕੀਤੀਆਂ। ਉਹਨਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪਿੰਡਾਂ ਦੀਆਂ ਬੁਨਿਆਦੀ ਲੋੜਾਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕੀਤਾ ਜਾਵੇਗਾ। ਸਿਹਤ ਮੰਤਰੀ ਨੇ ਪਾਣੀ ਨਾਲ ਜੁੜੀਆਂ ਸਮੱਸਿਆਵਾਂ ਨੂੰ ਮੁੱਖ ਮਸਲਾ ਮੰਨਦੇ ਹੋਏ ਭਰੋਸਾ ਦਿਵਾਇਆ ਕਿ ਸਰਕਾਰ ਵੱਲੋਂ ਜਲਦ ਹੀ ਪਾਣੀ ਦੀ ਨਿਕਾਸੀ ਲਈ ਢਾਂਚਾਗਤ ਸੁਧਾਰ ਕੀਤੇ ਜਾਣਗੇ ਤੇ ਨਾਲ ਹੀ ਪੰਚਾਇਤੀ ਅਤੇ ਡਰੇਨੇਜ਼ ਵਿਭਾਗ ਨਾਲ ਮਿਲ ਕੇ ਪਿੰਡ ਪੱਧਰ 'ਤੇ ਰੋਡ ਮੈਪ ਤਿਆਰ ਕਰਕੇ, ਬਰਸਾਤੀ ਪਾਣੀ ਦੀ ਸੁਚੱਜੀ ਨਿਕਾਸੀ ਯਕੀਨੀ ਬਣਾਈ ਜਾਵੇਗੀ ਤੇ ਪੁਰਾਣੀਆਂ ਨਿਕਾਸੀ ਲਾਈਨਾਂ ਦੀ ਸਫਾਈ ਤੇ ਮੁਰੰਮਤ ਵੀ ਕਰਵਾਈ ਜਾਵੇਗੀ। ਡਾ. ਬਲਬੀਰ ਸਿੰਘ ਨੇ ਸਿੱਖਿਆ ਖੇਤਰ ਨਾਲ ਜੁੜੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਕਿਹਾ ਕਿ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ, ਜਿੱਥੇ ਕਮਰਿਆਂ ਦੀ ਘਾਟ ਹੈ, ਉੱਥੇ ਨਵੇਂ ਕਮਰੇ ਬਣਵਾ ਕੇ ਦੇਣ ਸਮੇਤ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਦਾ ਸਮੁੱਚਾ ਵਿਕਾਸ ਕਰਵਾਇਆ ਜਾਵੇਗਾ। ਉਹਨਾਂ ਭਰੋਸਾ ਦਿਵਾਇਆ ਕਿ ਹੁਣ ਕਾਮਰਸ ਤੇ ਮੈਡੀਕਲ ਸਟਰੀਮ ਵੀ ਪਿੰਡਾਂ ਦੇ ਸਕੂਲਾਂ ਵਿੱਚ ਸ਼ੁਰੂ ਕੀਤੀਆਂ ਜਾਣਗੀਆਂ ਤਾਂ ਜੋ ਪਿੰਡਾਂ ਦੇ ਬੱਚਿਆ ਨੂੰ ਵੱਡੇ ਸ਼ਹਿਰ ਜਾਂ ਦੂਰ ਦੇ ਪਿੰਡਾਂ ਵਿੱਚ ਸਿਖਿਆ ਲੈਣ ਲਈ ਜਾਣਾ ਨਾ ਪਵੇ। ਸਿਹਤ ਮੰਤਰੀ ਨੇ ਸਿਵਲ ਸਰਜਨ ਨੂੰ ਪਿੰਡ ਪੱਧਰ 'ਤੇ ਨਿਯਮਿਤ ਸਿਹਤ ਕੈਂਪ ਲਗਾਉਣ ਦੀ ਹਦਾਇਤ ਕਰਦਿਆਂ ਬਜੁਰਗਾਂ ਲਈ ਮੁਫ਼ਤ ਐਨਕਾਂ, ਨਜ਼ਰ ਤੇ ਬੀ.ਪੀ. ਜਾਂਚ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਕਿਹਾ।ਇਸ ਤੋਂ ਇਲਾਵਾ ਉਹਨਾਂ ਪਿੰਡਾਂ ਵਿੱਚ ਖੇਡ ਦੇ ਮੈਦਾਨ, ਪਾਰਕਾਂ ਦੀ ਵਿਵਸਥਾ, ਸੋਲਰ ਲਾਈਟਾਂ ਲਗਵਾਉਣ ਅਤੇ ਖੇਡਾਂ ਲਈ ਬੁਨਿਆਦੀ ਢਾਂਚਾ ਤਿਆਰ ਕਰਨ ਦਾ ਵੀ ਭਰੋਸਾ ਦਵਾਇਆ। ਡਾ. ਬਲਬੀਰ ਸਿੰਘ ਨੇ ਵਾਤਾਵਰਣ ਸੰਭਾਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਵਾਤਾਵਰਣ ਦੀ ਸੰਭਾਲ ਸਾਡੇ ਸਾਰਿਆਂ ਦੀ ਸਾਂਝੀ ਜੁੰਮੇਵਾਰੀ ਹੈ, ਇਸੇ ਤਹਿਤ ਪੁਰਾਣੇ ਦਰਖ਼ਤਾਂ ਦੀ ਛਟਾਈ ਕਰਕੇ ਉਹਨਾਂ ਦੀ ਸੰਭਾਲ ਕੀਤੀ ਜਾਵੇ ਅਤੇ ਨਵੇਂ ਰੁੱਖ ਲਗਾ ਕੇ ਦੇਖਭਾਲ ਕੀਤੀ ਜਾਵੇ। ਬੈਠਕ ਦੌਰਾਨ ਏ.ਡੀ.ਸੀ (ਜ) ਇਸ਼ਾ ਸਿੰਗਲ, ਏ.ਡੀ.ਸੀ. ਦਿਹਾਤੀ ਵਿਕਾਸ ਅਮਰਿੰਦਰ ਸਿੰਘ ਟਿਵਾਣਾ, ਐਸ.ਪੀ. ਪਲਵਿੰਦਰ ਸਿੰਘ ਚੀਮਾ, ਐਸ.ਡੀ.ਐਮ ਨਾਭਾ ਡਾ. ਇਸਮਤ ਵਿਜੇ ਸਿੰਘ, ਆਰ.ਟੀ.ਏ. ਬਬਨਦੀਪ ਸਿੰਘ ਵਾਲੀਆ, ਡੀ.ਐਸ.ਪੀ ਮਨੋਜ ਗੋਰਸੀ, ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ, ਜਸਵੀਰ ਗਾਂਧੀ, ਸੁਰੇਸ਼ ਰਾਏ, ਜ਼ਿਲ੍ਹਾ ਪ੍ਰੀਸ਼ਦ ਦੇ ਡਿਪਟੀ ਸੀਈਓ ਅਮਨਦੀਪ ਕੌਰ, ਡੀ.ਡੀ.ਪੀ.ਓ ਸ਼ਵਿੰਦਰ ਸਿੰਘ, ਬੀਡੀਪੀਓ ਬਲਜੀਤ ਸਿੰਘ ਸੋਹੀ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਪੰਚਾਇਤ ਮੈਂਬਰ ਹਾਜ਼ਰ ਸਨ ।

# ਭਾਰਤ ਦੀ ਬੇਟੀ ਸੋਫੀਆ ਕੁਰੈਸ਼ੀ ਖਿਲਾਫ ਭਾਜਪਾ ਦੇ ਮੰਤਰੀ ਵਿਜੈ ਸ਼ਾਹ ਦੀ ਟਿੱਪਣੀ ਨਿੰਦਣਯੋਗ: ਬਲਬੀਰ ਸਿੱਧੂ

ਮੋਹਾਲੀ, 15 ਮਈ (ਪੱਤਰ ਪ੍ਰੇਰਕ)–ਸਾਬਕਾ ਸਿਹਤ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਨੇ ਕਰਨਲ ਸੋਫੀਆ ਕੁਰੈਸੀ ਵਿਰੁੱਧ ਭਾਜਪਾ ਦੇ ਮੰਤਰੀ ਵਿਜੈ ਸ਼ਾਹ ਵਲੋਂ ਕੀਤੀ ਗਈ ਅਪਮਾਨਜਨਕ ਟਿੱਪਣੀ ਦੀ ਸਖਤ ਨਿਖੇਧੀ ਕੀਤੀ ਅਤੇ ਉਸਨੂੰ ਅਪਮਾਨਜਨਕ ਆਖਦੇ ਹੋਏ ਕਿਹਾ, " ਭਾਰਤ ਦੀ ਬੇਟੀ ਦੀ ਧਾਰਮਿਕ ਪਛਾਣ ਨੂੰ ਪਾਕਿਸਤਾਨੀ ਅਤੇ ਅੱਤਵਾਦੀਆਂ ਨਾਲ ਜੋੜਨਾ ਬਹੁਤ ਹੀ ਸਰਮਨਾਕ ਹੈ ਅਤੇ ਨਫਰਤ ਫੈਲਾਉਣ ਦੀ ਇਹ ਕੋਸਿ਼ਸ ਭਾਜਪਾ ਦੀ ਫਿ਼ਤਰਤ ਨੂੰ ਚੰਗੀ ਤਰ੍ਹਾਂ ਬਿਆਨ ਕਰ ਰਹੀ ਹੈ। ਕਰਨਲ ਸੋਫੀਆ ਕੁਰੈਸੀ ਜੋ ਕਿ ਭਾਰਤ ਦੀ ਫੌਜ ਦੀ ਸਾਨ ਹਨ, ਉਨ੍ਹਾਂ ਦੀ ਧਾਰਮਿਕ ਪਛਾਣ ਦੇ ਆਧਾਰ 'ਤੇ ਉਨ੍ਹਾਂ ਨੂੰ ਅੱਤਵਾਦ ਨਾਲ ਜੋੜਨਾ ਕੇਵਲ ਸ਼ਰਮਨਾਕ ਨਹੀਂ, ਸਗੋਂ ਭਾਜਪਾ ਦੇ ਮੰਤਰੀ ਦੀ ਨੀਚ ਹਰਕਤ ਦੀ ਨਿਸਾਨੀ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਭਾਰਤੀ ਜਨਤਾ ਪਾਰਟੀ, ਜੋ ਆਮ ਤੌਰ 'ਤੇ ਰਾਸ਼ਟਰਵਾਦ ਦੀ ਚਾਦਰ ਓੜ ਕੇ ਘੁੰਮਦੀ ਹੈ, ਉਹ ਅਜਿਹੀ ਗੰਭੀਰ ਟਿੱਪਣੀ ਉੱਤੇ ਚੁੱਪ ਕਿਉਂ ਹੈ? ਇਹ ਚੁੱਪੀ ਨਾ ਸਿਰਫ ਨਿੰਦਣਯੋਗ ਹੈ, ਸਗੋਂ ਦੇਸ ਦੀ ਏਕਤਾ, ਭਾਈਚਾਰੇ ਅਤੇ ਫੌਜੀ ਨੈਤਿਕਤਾ ਵਾਸਤੇ



ਖਤਰਨਾਕ ਸੰਕੇਤ ਵੀ ਹੈ, ਜੋ ਅਸੀਂ ਕਿਸੇ ਵੀ ਕੀਮਤ 'ਚ ਬਰਦਾਸਤ ਨਹੀਂ ਕਰਾਂਗੇ। ਉਨ੍ਹਾਂ ਇਹ ਵੀ ਕਿਹਾ ਕਿ ਭਾਜਪਾ ਦੇ ਨੇਤਾਵਾਂ ਵਲੋਂ ਕੀਤੀ ਜਾ ਰਹੀ ਇਹੋ ਜਿਹੀ ਅਪਮਾਨਜਨਕ ਟਿੱਪਣੀ ਭਾਜਪਾ ਸਰਕਾਰ ਦੀ ਫਿਰਕਾਵਦੀ ਘਟੀਆ ਮਾਨਸਿਕਤਾ ਨੂੰ ਚੰਗੀ ਤਰ੍ਹਾਂ ਬਿਆਨ ਕਰ ਰਹੀ ਹੈ। ਆਪ੍ਰੇਸਨ ਸਿੰਦੂਰ ਬਾਰੇ ਗੱਲ ਕਰਦਿਆਂ ਸਿੱਧੂ ਨੇ ਕਿਹਾ, "ਇਹ ਲੜਾਈ ਕਿਸੇ ਧਰਮ ਦੀ ਨਹੀਂ ਸੀ, ਬਲਕਿ ਦੇਸ ਦੀ ਸੀ, ਅੱਤਵਾਦ ਖਿਲਾਫ ਸੀ ਅਤੇ ਇਸ 'ਤੇ ਭਾਜਪਾ ਦੇ ਮੰਤਰੀ ਦੇ ਇਹੋ ਜਿਹੇ ਬੋਲ ਭਾਰਤ ਵਿੱਚ ਭਾਈਚਾਰਕ ਸਾਂਝ ਨੂੰ ਵਿਗਾੜਨ ਦੀ ਕੋਸਿ਼ਸ ਹੈ, ਲੇਕਿਨ ਉਹ ਜਿੰਨੀ ਮਰਜੀ ਕੋਸਿ਼ਸ ਕਰ ਲਵੇ ਕਾਂਗਰਸ ਪਾਰਟੀ ਅਤੇ ਪੂਰਾ ਦੇਸ ਉਨ੍ਹਾਂ ਦੀ ਇਸ ਘਿਣਾਉਣੀ ਸਾਜਿਸ ਨੂੰ ਕਿਸੇ ਵੀ ਕੀਮਤ 'ਚ ਪੂਰਾ ਨਹੀਂ ਹੋਣ ਦੇਵੇਗਾ।" ਸਿੱਧੂ ਨੇ ਦੂਜੇ ਪਾਸੇ ਅੱਜ ਬਿਹਾਰ ਵਿੱਚ ਸ੍ਰੀ ਰਾਹੁਲ ਗਾਂਧੀ ਜੀ ਨੂੰ ਭਾਜਪਾ ਸਰਕਾਰ ਵਲੋਂ ਰੋਕਣ ਦੀ ਘਟਨਾ 'ਤੇ ਟਿੱਪਣੀ ਕਰਦਿਆਂ ਕਿਹਾ , "ਅੱਜ ਬਿਹਾਰ ਵਿਖੇ ਦਲਿਤ ਵਿਦਿਆਰਥੀਆਂ ਦੀ ਅਵਾਜ ਨੂੰ ਸੁਣਨ ਲਈ, ਸ੍ਰੀ ਰਾਹੁਲ ਗਾਂਧੀ ਜੀ ਨੂੰ ਅੰਬੇਡਕਰ ਹੋਸਟਲ ਵਿੱਚ ਪਹੁੰਚਣ ਤੋਂ ਰੋਕਿਆ ਗਿਆ। ਇੱਕ ਤਰਫ ਜਿੱਥੇ ਭਾਜਪਾ ਸਰਕਾਰ ਵਲੋਂ ਵਿਰੋਧੀ ਧਿਰ ਦੇ ਨੇਤਾ ਨੂੰ ਦੇਸ ਦੇ ਹੱਕ ਵਿੱਚ ਆਪਣੀ ਆਵਾਜ ਚੁੱਕਣ ਤੋਂ ਰੋਕਿਆ ਜਾ ਰਿਹਾ ਹੈ, ਉਥੇ ਹੀ ਦੂਜੀ ਤਰਫ ਆਪਣੀ ਹੀ ਪਾਰਟੀ ਦੇ ਮੰਤਰੀਆਂ ਵਲੋਂ ਦੇਸ ਦੇ ਖਿਲਾਫ ਵਰਤੀ ਜਾ ਰਹੀ ਟਿੱਪਣੀ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ, ਇਹ ਬਹੁਤ ਹੀ ਘਿਣਾਉਣੀ ਅਤੇ ਸਰਮਨਾਕ ਗੱਲ ਹੈ।" ਸਿੱਧੂ ਨੇ ਭਾਜਪਾ ਸਰਕਾਰ ਨੂੰ ਸਵਾਲ ਕਰਦਿਆਂ ਪੁੱਛਿਆ, "ਦੇਸ ਦੇ ਹੱਕ 'ਚ ਆਵਾਜ ਚੁੱਕਣ ਵਾਲੇ ਵਿਰੋਧੀ ਨੇਤਾਵਾਂ ਉੱਤੇ ਤਾਂ ਕਾਰਵਾਈ ਹੁੰਦੀ ਹੈ, ਪਰ ਦੇਸ ਖਿਲਾਫ ਜਿਹੜੇ ਮੰਤਰੀ ਟਿੱਪਣੀਆਂ ਕਰ ਰਹੇ ਹਨ, ਉਨ੍ਹਾਂ ਉੱਤੇ ਭਾਜਪਾ ਦੀ ਚੁੱਪੀ ਕਿਉਂ? ਜਿਹੜੀ ਭਾਜਪਾ ਸਰਕਾਰ ਛੋਟੀਆਂ ਛੋਟੀਆਂ ਗੱਲਾਂ ਉੱਤੇ ਵਿਰੋਧੀ ਧਿਰ ਦੇ ਨੇਤਾਵਾਂ ਖਿ਼ਲਾਫ ਕਾਰਵਾਈ ਕਰਨ ਲੱਗ ਜਾਂਦੀ ਹੈ, ਉਹ ਅੱਜ ਦੇਸ ਦੀ ਬੇਟੀ ਖਿਲਾਫ ਆਪਣੇ ਹੀ ਨੇਤਾ ਵਲੋਂ ਕੀਤੀ ਗਈ ਟਿੱਪਣੀ 'ਤੇ ਚੁੱਪ ਕਿਉਂ ਹੈ? ਉਨ੍ਹਾਂ ਨੂੰ ਬਰਖਾਸਤ ਕਿਉਂ ਨਹੀਂ ਕੀਤਾ ਜਾ ਰਿਹਾ? ਸਿੱਧੂ ਨੇ ਅੰਤ ਵਿੱਚ ਕਿਹਾ ਪ੍ਰਧਾਨਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਮੱਧ ਪ੍ਰਦੇਸ ਦੇ ਸੀਨੀਅਰ ਮੰਤਰੀ ਵਲੋਂ ਸੋਫੀਆ ਕੁਰੈਸੀ ਬਾਰੇ ਕੀਤੀ ਗਈ ਭੱਦੀ ਟਿੱਪਣੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਉਸ ਵਿਰੁੱਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ, ਤਾਂ ਜੋ ਦੇਸ ਵਿੱਚ ਆਪਸੀ ਭਾਈਚਾਰਾ ਅਤੇ ਸਦਭਾਵਨਾ ਨਾ ਵਿਗੜੇ।

# ਡੋਨਾਲਡ ਟਰੰਪ ਨੇ ਟਿਮ ਕੁੱਕ ਨੂੰ ਭਾਰਤ ਵਿੱਚ ਆਈਫੋਨ ਨਾ ਬਣਾਉਣ ਲਈ ਕਿਹਾ

ਨਵੀਂ ਦਿੱਲੀ, 15 ਮਈ (ਪੱਤਰ ਪ੍ਰੇਰਕ)–ਡੋਨਾਲਡ ਟਰੰਪ ਨੇ ਐਪਲ ਦੇ ਮਾਲਕ ਟਿਮ ਕੁੱਕ ਨੂੰ ਪੁੱਛਿਆ ਕਿ ਉਹ ਭਾਰਤ ਵਿੱਚ ਕਿਉਂ ਸੈੱਟਅੱਪ ਕਰਨਾ ਚਾਹੁੰਦੇ ਹਨ ਕਿਉਂਕਿ ਭਾਰਤ ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਟੈਰਿਫ ਹਨ ਅਤੇ ਉੱਥੇ ਕਾਰੋਬਾਰ ਕਰਨਾ ਸਭ ਤੋਂ ਮਹਿੰਗਾ ਹੈ। ਟਰੰਪ ਦੇ ਬਿਆਨ ਦਾ ਭਾਰਤ ਲਈ ਕੀ ਅਰਥ ਹੈ ? ਟਰੰਪ ਦੀ ਸਥਿਤੀ ਭਾਰਤ ਦੀਆਂ ਇੱਕ ਗਲੋਬਲ ਤਕਨੀਕੀ ਨਿਰਮਾਣ ਹੱਬ ਬਣਨ ਦੀਆਂ ਇੱਛਾਵਾਂ ਨੂੰ ਰੋਕ ਸਕਦੀ ਹੈ, ਭਾਵੇਂ ਕਿ ਐਪਲ ਆਈਫੋਨ ਅਸੈਂਬਲੀ ਨੂੰ ਵਧਾ ਰਿਹਾ ਹੈ ਅਤੇ ਦੇਸ ਵਿੱਚ ਆਪਣੀ ਸਪਲਾਈ ਲੜੀ ਦਾ ਵਿਸਤਾਰ ਕਰ ਰਿਹਾ ਹੈ। ਰਾਸਟਰਪਤੀ ਟਰੰਪ ਨੇ ਕਤਰ ਦੀ ਆਪਣੀ ਫੇਰੀ ਦੌਰਾਨ ਅਜਿਹਾ ਬਿਆਨ ਦਿੱਤਾ ਹੈ। ਟਰੰਪ ਨੇ ਕਿਹਾ ਕਿ ਅਸੀਂ ਸਾਲਾਂ ਤੱਕ ਚੀਨ ਵਿੱਚ ਬਣੀਆਂ ਤੁਹਾਡੀਆਂ ਫੈਕਟਰੀਆਂ ਨੂੰ ਬਰਦਾਸਤ ਕੀਤਾ। ਹੁਣ ਅਸੀਂ ਨਹੀਂ ਚਾਹੁੰਦੇ ਕਿ ਤੁਸੀਂ ਭਾਰਤ ਵਿੱਚ ਨਿਰਮਾਣ ਕਰੋ। ਭਾਰਤ ਆਪਣਾ ਧਿਆਨ ਰੱਖ



ਸਕਦਾ ਹੈ। ਉਹ ਬਹੁਤ ਵਧੀਆ ਕਰ ਰਹੇ ਹਨ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਅਮਰੀਕਾ ਵਿੱਚ ਕਾਮਯਾਬ ਹੋਵੋ। ਟਰੰਪ ਦੇ ਅਨੁਸਾਰ, ਐਪਲ ਹੁਣ ਅਮਰੀਕਾ ਵਿੱਚ 500 ਬਿਲੀਅਨ ਡਾਲਰ ਦੇ ਨਿਵੇਸ ਨਾਲ ਉਤਪਾਦਨ ਵਧਾਏਗਾ। ਮੈਂ ਕੱਲ੍ਹ ਟਿਮ ਕੁੱਕ ਨਾਲ ਗੱਲ ਕੀਤੀ, ਮੈਂ ਕਿਹਾ, ਟਿਮ, ਅਸੀਂ ਤੁਹਾਡੇ ਨਾਲ ਬਹੁਤ ਵਧੀਆ ਵਿਵਹਾਰ ਕਰ ਰਹੇ ਹਾਂ। ਤੁਸੀਂ 500 ਬਿਲੀਅਨ ਡਾਲਰ ਦੀ ਕੰਪਨੀ ਬਣਾ ਰਹੇ ਹੋ, ਪਰ ਹੁਣ ਮੈਂ ਸੁਣਿਆ ਹੈ ਕਿ ਤੁਸੀਂ ਭਾਰਤ ਵਿੱਚ ਫੈਕਟਰੀਆਂ ਬਣਾ ਰਹੇ ਹੋ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਭਾਰਤ ਵਿੱਚ ਕਾਮਯਾਬ ਹੋਵੇਂ। ਜੇ ਤੁਸੀਂ ਭਾਰਤ ਦੀ ਮਦਦ ਕਰਨਾ ਚਾਹੁੰਦੇ ਹੋ, ਤਾਂ ਇਹ ਠੀਕ ਹੈ, ਪਰ ਭਾਰਤ ਦੁਨੀਆ ਦੇ ਸਭ ਤੋਂ ਵੱਧ ਟੈਰਿਫ ਵਾਲੇ ਦੇਸਾਂ ਵਿੱਚੋਂ ਇੱਕ ਹੈ। ਉੱਥੇ ਵੇਚਣਾ ਔਖਾ ਹੈ। ਭਾਰਤ ਨੇ ਸਾਨੂੰ ਇੱਕ ਸੌਦਾ ਦਿੱਤਾ ਹੈ ਜਿਸ ਵਿੱਚ ਉਨ੍ਹਾਂ ਨੇ ਸਾਡੇ ਸਾਮਾਨ 'ਤੇ ਕੋਈ ਟੈਰਿਫ ਨਾ ਲਗਾਉਣ ਦਾ ਵਾਅਦਾ ਕੀਤਾ ਹੈ। ਰਾਸਟਰਪਤੀ ਟਰੰਪ ਦਾ ਬਿਆਨ ਉਨ੍ਹਾਂ ਦੀ 'ਅਮਰੀਕਾ ਫਸਟ' ਨੀਤੀ ਨੂੰ ਸਪੱਸਟ ਤੌਰ 'ਤੇ ਦਰਸਾਉਂਦਾ ਹੈ। ਜਦੋਂ ਕਿ ਟਰੰਪ ਦਾ ਇਹ ਬਿਆਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਮੇਕ ਇਨ ਇੰਡੀਆ' ਪਹਿਲਕਦਮੀ ਲਈ ਚੁਣੌਤੀ ਹੋ ਸਕਦਾ ਹੈ। ਉਹ ਚਾਹੁੰਦੇ ਹਨ ਕਿ ਐਪਲ ਵਰਗੇ ਵੱਡੇ ਬ੍ਰਾਂਡ ਅਮਰੀਕਾ ਵਿੱਚ ਨਿਵੇਸ ਕਰਨ। ਤਾਂ ਜੋ ਉੱਥੇ ਨੌਕਰੀਆਂ ਵਧ ਸਕਣ। ਐਪਲ ਪਹਿਲਾਂ ਹੀ ਫੌਕਸਕੌਨ ਅਤੇ ਟਾਟਾ ਦੇ ਸਹਿਯੋਗ ਨਾਲ ਭਾਰਤ ਵਿੱਚ ਆਈਫੋਨ ਬਣਾਉਂਦਾ ਹੈ। 2025 ਵਿੱਚ ਭਾਰਤ ਵਿੱਚ ਬਣੇ 15% ਆਈਫੋਨ ਅਮਰੀਕਾ ਭੇਜੇ ਜਾ ਰਹੇ ਹਨ।

## ਲਾਂਸ ਨਾਇਕ ਮਨੋਜ ਕੁਮਾਰ ਦੀ ਮੌਤ ਤੇ ਹਰਿਆਣਾ ਸਰਕਾਰ ਦਾ ਵੱਡਾ ਐਲਾਨ

ਚੰਡੀਗੜ੍ਹ, 15 ਮਈ (ਪੱਤਰ ਪ੍ਰੇਰਕ)–ਚਰਖੀ ਦਾਦਰੀ (ਹਰਿਆਣਾ) ਦੇ ਪਿੰਡ ਸਮਸਪੁਰ ਦੇ 34 ਸਾਲਾ ਲਾਂਸ ਨਾਇਕ ਮਨੋਜ ਕੁਮਾਰ ਦੀ ਪੰਜਾਬ ਦੇ ਕਪੂਰਥਲਾ ਵਿੱਚ ਡਿਊਟੀ ਦੌਰਾਨ ਗੋਲੀ ਲੱਗਣ ਕਾਰਨ ਮੌਤ ਹੋ ਗਈ। ਉਹ 10 ਦਿਨ ਪਹਿਲਾਂ ਛੁੱਟੀ ਪੂਰੀ ਕਰਕੇ ਵਾਪਸ ਆਇਆ ਸੀ। ਹਾਲਾਂਕਿ, ਫੌਜ ਵੱਲੋਂ ਹਜੇ ਤੱਕ ਗੋਲੀ ਲੱਗਣ ਦੇ ਕਾਰਨ ਦੀ ਪੁਸਟੀ ਨਹੀਂ ਹੋਈ। ਮਨੋਜ 2011 ਵਿੱਚ ਗ੍ਰੇਨੇਡੀਅਰ ਰੈਜੀਮੈਂਟ ਵਿੱਚ ਭਰਤੀ ਹੋਇਆ ਸੀ। ਉਸਦੇ ਪਰਿਵਾਰ ਵਿੱਚ ਮਾਂ, ਪਤਨੀ, ਇੱਕ ਧੀ ਅਤੇ ਇੱਕ ਪੁੱਤਰ ਹਨ। ਮਨੋਜ ਦੀ ਮੌਤ ਨਾਲ ਪਰਿਵਾਰ ਅਤੇ ਪਿੰਡ ਵਿੱਚ ਸੋਗ ਦਾ ਮਾਹੌਲ ਹੈ। ਇਸ ਮਾਮਲੇ ਸਬੰਧੀ ਮੁੱਖ ਮੰਤਰੀ ਨਾਇਬ ਸੈਣੀ ਨੇ ਆਖਿਆ ਕਿ ਸਹੀਦ ਲਾਵਾਂਸ ਨਾਇਕ ਦਿਨੇਸ ਕੁਮਾਰ ਦੇ ਪਰਿਵਾਰ ਨੂੰ 4 ਕਰੋੜ ਦੀ ਸਹਾਇਤਾ, ਪਿੰਡ ਦਾ ਨਾਮ "ਦਿਨੇਸਪੁਰ" ਅਤੇ 'ਸੰਚਾਲਨ ਸਿੰਦੂਰ ਦਿਨੇਸ ਕੁਮਾਰ ਪਾਰਕ' ਰੱਖਣ ਅਤੇ ਹੋਰ ਸਰਕਾਰੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

# ਜ਼ਹਿਰੀਲੀ ਸ਼ਰਾਬ ਪੀਣ ਕਾਂਡ: ਅਕਾਲੀ ਆਗੂ ਬਬਲੀ ਢਿੱਲੋਂ ਨੇ ਸਰਕਾਰ ਦੀ ਕੀਤੀ ਨਿਖੇਧੀ

ਬਠਿੰਡਾ,, 15 ਮਈ (ਪੱਤਰ ਪ੍ਰੇਰਕ)–ਅਬਦਾਲੀਆਂ ਤੋਂ ਬਾਅਦ, ਭਗਵੰਤ ਮਾਨ ਸਰਕਾਰ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਲੁੱਟਣ ਲਈ ਦਿੱਲੀ ਵਾਲਿਆਂ ਦੇ ਹਵਾਲੇ ਕਰ ਦਿੱਤਾ ਹੈ। ਪੰਜਾਬ ਵਿੱਚ ਸਰਕਾਰ ਨਾਮ ਦੀ ਕੋਈ ਚੀਜ ਨਹੀਂ ਹੈ ਅਤੇ ਪੰਜਾਬ ਦੀ ਵਾਗਡੋਰ ਭਗਵੰਤ ਮਾਨ ਨੇ ਦਿੱਲੀ ਦੀ ਜਨਤਾ ਕੋਲੋਂ ਨਕਾਰੇ ਆਕਾਵਾਂ ਨੂੰ ਸੌਂਪ ਕੇ ਪੰਜਾਬ ਦੇ ਲੋਕਾਂ ਨਾਲ ਇੱਕ ਤੋਂ ਬਾਅਦ ਇੱਕ ਧੋਖਾ ਕਰਨਾ ਸੁਰੂ ਕਰ ਦਿੱਤਾ ਹੈ। ਸ੍ਰੋਮਣੀ ਅਕਾਲੀ ਦਲ ਦੇ ਵਿਧਾਨ ਸਭਾ ਹਲਕਾ ਬਠਿੰਡਾ ਸਹਿਰੀ ਦੇ ਇੰਚਾਰਜ ਇਕਬਾਲ ਸਿੰਘ ਬਬਲੀ ਢਿੱਲੋਂ ਨੇ ਇੱਕ ਪ੍ਰੈਸ ਬਿਆਨ ਜਾਰੀ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦਿੱਤਾ ਹੈ। ਪੰਜਾਬ ਦੀ ਵਾਗਡੋਰ ਦਿੱਲੀ ਦੇ ਲੋਕਾਂ ਵੱਲੋਂ ਨਕਾਰੇ ਗਏ ਆਗੂਆਂ ਨੂੰ ਸੌਂਪ ਦਿੱਤੀ ਹੈ, ਜਿਨ੍ਹਾਂ ਨੇ ਹਰ ਵਿਭਾਗ 'ਤੇ ਕਬਜਾ ਕਰ ਲਿਆ ਹੈ ਅਤੇ ਜਿਨ੍ਹਾਂ ਦਾ ਇੱਕੋ ਇੱਕ ਉਦੇਸ ਪੰਜਾਬ ਨੂੰ ਲੁੱਟਣਾ ਅਤੇ ਪੰਜਾਬ ਵਾਸੀਆਂ ਨੂੰ ਬਰਬਾਦ ਕਰਨਾ ਹੈ। ਜਿਨ੍ਹਾਂ ਨੂੰ ਭਗਵੰਤ ਮਾਨ ਨੇ ਆਪਣੀ ਮਰਜੀ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ। ਅਕਾਲੀ ਆਗੂ ਨੇ ਕਿਹਾ ਕਿ ਦੋ ਦਿਨ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ



ਦੇ ਮਜੀਠਾ ਵਿੱਚ ਜਹਿਰੀਲੀ ਸਰਾਬ ਪੀਣ ਨਾਲ 12 ਲੋਕਾਂ ਦੀ ਮੌਤ ਹੋ ਗਈ ਸੀ। ਉਕਤ ਸਰਕਾਰ ਦੇ ਕਾਰਜਕਾਲ ਦੌਰਾਨ ਜਹਿਰੀਲੀ ਸਰਾਬ ਕਾਰਨ ਹੋਇਆ ਇਹ ਤੀਜਾ ਵੱਡਾ ਹਾਦਸਾ ਹੈ। ਹਲਕਾ ਇੰਚਾਰਜ ਢਿੱਲੋਂ ਨੇ ਕਿਹਾ ਕਿ ਭਗਵੰਤ ਮਾਨ ਨੂੰ ਆਪਣੇ ਪੁਰਾਣੇ ਬਿਆਨ ਯਾਦ ਰੱਖਣੇ ਚਾਹੀਦੇ ਹਨ, ਜਦੋਂ ਉਹ ਖੁਦ ਕਹਿੰਦੇ ਸਨ ਕਿ ਜਹਿਰੀਲੀ ਸਰਾਬ ਦਾ ਗੈਰ-ਕਾਨੂੰਨੀ ਕਾਰੋਬਾਰ ਸਰਕਾਰ ਅਤੇ ਪ੍ਰਸਾਸਨ ਦੇ ਸਮਰਥਨ ਨਾਲ ਚੱਲਦਾ ਹੈ, ਅਜਿਹੇ ਵਿੱਚ ਇਹ ਸਪੱਸਟ ਹੈ ਕਿ ਭਗਵੰਤ ਮਾਨ ਸਰਕਾਰ ਉਕਤ ਸਰਾਬ ਮਾਫੀਆ ਨਾਲ ਮਿਲੀਭੁਗਤ ਵਿੱਚ ਹੈ, ਜਿਸ ਕਾਰਨ ਸਰਕਾਰ ਦੇ ਕਾਰਜਕਾਲ ਦੌਰਾਨ ਇਹ ਤੀਜਾ ਵੱਡਾ ਹਾਦਸਾ ਹੋਇਆ ਹੈ। ਇਕਬਾਲ ਸਿੰਘ ਬਬਲੀ ਢਿੱਲੋਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਨਸਿ਼ਆਂ ਦੀ ਤਸਕਰੀ ਸਿ਼ਖਰਾਂ 'ਤੇ ਪਹੁੰਚ ਗਈ ਹੈ, ਚਿੱਟੇ ਕਾਰਨ ਪੰਜਾਬ ਵਿੱਚ ਹਰ ਰੋਜ ਕਿਤੇ ਨਾ ਕਿਤੇ ਨੌਜਵਾਨ ਮਰ ਰਹੇ ਹਨ। ਕਾਨੂੰਨ ਵਿਵਸਥਾ ਦੀ ਸਥਿਤੀ ਵਿਗੜ ਗਈ ਹੈ। ਬਠਿੰਡਾ ਵਿੱਚ ਲੁੱਟ ਖਸੁੱਟ, ਚੋਰੀ ਦੀਆਂ ਘਟਨਾਵਾਂ ਲਗਾਤਾਰ ਘਟਿਤ ਹੋ ਰਹੀਆਂ ਹਨ, ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗੇ ਹਨ। ਬਬਲੀ ਢਿੱਲੋਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਨੈਤਿਕ ਆਧਾਰ 'ਤੇ ਅਸਤੀਫਾ ਦੇ ਦੇਣਾ ਚਾਹੀਦਾ ਹੈ।

# ਸਰਹੱਦੀ ਪਿੰਡਾਂ ਦੇ ਲੋਕਾਂ ਨੇ ਢਾਲ ਬਣੀ ਫੌਜ ਦਾ ਕੀਤਾ ਧੰਨਵਾਦ

ਫਾਜ਼ਿਲਕਾ, 15 ਮਈ (ਪੱਤਰ ਪ੍ਰੇਰਕ)–ਪਾਕਿਸਤਾਨ ਨਾਲ ਤਨਾਅ ਉਪਰੰਤ ਦੋਹਾਂ ਮੁਲਕਾਂ ਵਿਚ ਸੀਜਫਾਇਰ ਹੋਣ ਤੋਂ ਬਾਅਦ ਸਰਹੱਦ ਦੇ ਨਾਲ ਲੱਗਦੇ ਪਿੰਡਾਂ ਵਿਚ ਜੀਵਨ ਮੁੜ ਪਟੜੀ ਤੇ ਮੁੜ ਆਇਆ ਹੈ। ਲੋਕ ਜੰਗ ਦਾ ਡਰ ਭੁਲਾ ਆਮ ਵਾਂਗ ਆਪਣੇ ਕੰਮ ਧੰਦੇ ਲੱਗ ਗਏ ਹਨ। ਪਰ ਇਸ ਸਾਰੇ ਸਮੇਂ ਦੌਰਾਨ ਜਿੱਥੇ ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਦੇ ਲੋਕਾਂ ਦੀ ਬਹਾਦਰੀ ਅਤੇ ਦੇਸ਼ ਪ੍ਰੇਮ ਦੀ ਮਿਸਾਲ ਵੇਖਣ ਨੂੰ ਮਿਲੀ ਉਥੇ ਹੀ ਲੋਕ ਸਾਡੀ ਬਹਾਦਰ ਸੈਨਾ ਦਾ ਵੀ ਧੰਨਵਾਦ ਕਰ ਰਹੇ ਹਨ ਜਿੰਨ੍ਹਾਂ ਨੇ ਇਸ ਪਾਸੇ ਆਏ ਡਰੋਨ ਹਮਲੇ ਨੂੰ ਨਾਕਾਮ ਕੀਤਾ। ਸਰਹੱਦੀ ਪਿੰਡਾਂ ਦੇ ਲੋਕ ਇਕ ਜੁਬਾਨ ਫੌਜ ਦਾ ਸੁਕਰਾਨਾ ਕਰਦੇ ਵਿਖਾਈ ਦਿੱਤੇ ਜਿੰਨ੍ਹਾਂ ਵੱਲੋਂ ਲੋਕਾਂ ਨੂੰ ਆਂਚ ਨਹੀਂ ਆਉਣ ਦਿੱਤੀ ਗਈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਲੋਕਾਂ ਨਾਲ ਸੰਪਰਕ ਰੱਖਿਆ ਗਿਆ ਅਤੇ ਹਰੇਕ ਤਰਾਂ ਦੀ ਸੂਚਨਾ ਉਨ੍ਹਾਂ ਤੱਕ ਪੁੱਜਦੀ ਕਰਨ ਦੇ ਨਾਲ ਇਸ ਵਾਰ ਲੋਕਾਂ ਨੂੰ ਘਰ ਖਾਲੀ ਕਰਨ ਲਈ ਨਹੀਂ ਕਿਹਾ ਗਿਆ ਸੀ ਕਿਉਂਕਿ ਸਾਡੀ ਫੌਜ ਦੀ ਕਾਬਲੀਅਤ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਪਿੰਡ ਜੋਧਾ ਭੈਣੀ ਦੇ ਨੌਜਵਾਨ ਬੱਬੂ ਸਿੰਘ ਆਖਦਾ ਹੈ ਕਿ ਸਾਡਾ ਪਿੰਡ ਬਿਲਕੁਲ ਜੀਰੋ ਲਾਇਨ ਦੇ ਨਾਲ ਪੈਂਦਾ ਹੈ ਅਤੇ ਸਾਨੂੰ ਆਪਣੀ ਫੌਜ ਤੇ ਦ੍ਰਿੜ



ਭਰੋਸਾ ਸੀ। ਅਸੀਂ ਪਿੰਡ ਵਿਚ ਹੀ ਡਟੇ ਰਹੇ। ਜਦ ਭਾਰਤੀ ਆਰਮੀ ਬਾਰਡਰ ਤੇ ਹੋਵੇ ਤਾਂ ਸਾਨੂੰ ਕਿਸੇ ਗੱਲ ਦਾ ਡਰ। ਜ਼ਿਲ੍ਹਾ ਪ੍ਰਸ਼ਾਸਨ ਤੋਂ ਵੀ ਸਾਨੂੰ ਹਰ ਪ੍ਰਕਾਰ ਦੇ ਜਰੂਰੀ ਦਿਸ਼ਾ ਨਿਰਦੇਸ਼ ਸਮੇਂ ਸਮੇਂ ਤੇ ਮਿਲਦੇ ਰਹਿੰਦੇ ਸਨ। ਜਿਕਰਯੋਗ ਹੈ ਕਿ ਇਸ ਤਨਾਅ ਵਾਲੇ ਸਮੇਂ ਦੌਰਾਨ ਫਾਜ਼ਿਲਕਾ ਵੱਲ ਵੀ ਦੁਸ਼ਮਣ ਵੱਲੋਂ ਡਰੋਨ ਹਮਲਾ ਕੀਤਾ ਗਿਆ ਸੀ ਪਰ ਸਾਡੀ ਫੌਜ ਨੇ ਇਸ ਨੂੰ ਹਵਾ ਵਿਚ ਹੀ ਨਾਕਾਮ ਕਰ ਦਿੱਤਾ ਅਤੇ ਕੋਈ ਨੁਕਸਾਨ ਨਹੀਂ ਹੋਣ ਦਿੱਤਾ ਗਿਆ। ਫਾਜ਼ਿਲਕਾ ਦੇ ਲੋਕ ਆਪਣੀ ਫੌਜ ਨਾਲ ਹਮੇਸਾ ਹੀ ਜੁੜ ਕੇ ਕੰਮ ਕਰਦੇ ਹਨ ਅਤੇ 1971 ਦੀ ਜੰਗ ਵਿਚ ਵੀ ਜਿਸ ਤਰਾਂ ਸਾਡੀ ਮਹਾਨ ਸੈਨਾ ਨੇ ਆਪਣੇ ਜਵਾਨਾਂ ਦੀ ਕੁਰਬਾਨੀ ਦੇ ਕੇ ਫਾਜ਼ਿਲਕਾ ਨੂੰ ਬਚਾਇਆ ਸੀ ਉਸ ਦੀ ਯਾਦ ਵਿਚ ਇੱਥੋਂ ਦੇ ਲੋਕਾਂ ਨੇ ਆਸਫਵਾਲਾ ਵਿਚ ਇਕ ਜੰਗੀ ਯਾਦਗਾਰ ਬਣਾ ਕੇ ਹਮੇਸਾ ਇਸ ਨੂੰ ਸਿਜਦਾ ਕੀਤਾ ਜਾਂਦਾ ਹੈ ਅਤੇ ਇਕ ਵਾਰ ਫਿਰ ਇਸ ਵਾਰ ਦੇਸ਼ ਦੇ ਰਖਵਾਲਿਆਂ ਦਾ ਫਾਜ਼ਿਲਕਾ ਜ਼ਿਲ੍ਹੇ ਦੇ ਲੋਕ ਦਿਲੋਂ ਧੰਨਵਾਦ ਕਰਦੇ ਵਿਖਾਈ ਦਿੰਦੇ ਹਨ। ਪਾਕਿ ਸਰਹੱਦ ਤੋਂ ਸਿਰਫ ਇਕ ਕਿਲੋਮੀਟਰ ਦੂਰ ਵਸੇ ਪਿੰਡ ਖਾਨ ਵਾਲਾ ਦੇ ਸੰਜੈ ਕੁਮਾਰ ਆਖਦੇ ਹਨ ਜਦੋਂ ਵੀ ਇੱਥੇ ਫੌਜ ਆਉਂਦੀ ਹੈ ਤਾਂ ਲੋਕਾਂ ਵਿਚ ਆਤਮਵਿਸ਼ਵਾਸ਼ ਹੋਰ ਵੱਧ ਜਾਂਦਾ ਹੈ। ਉਨ੍ਹਾਂ ਨੇ ਕਿਹਾ ਸਾਰੇ ਮੁਲਕ ਵਾਂਗ ਸਾਨੂੰ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਆਪਣੀ ਫੌਜ ਤੇ ਮਾਣ ਹੈ ਅਤੇ ਵਰਤਮਾਨ ਹਲਾਤ ਵਿਚ ਸਾਡੀ ਰਾਖੀ ਲਈ ਅਸੀਂ ਫੌਜ ਦੇ ਧੰਨਵਾਦੀ ਹਾਂ। ਉਹ ਬਾਰਡਰ ਤੇ ਹੁੰਦੇ ਹਨ ਤਾਂ ਆਮ ਲੋਕ ਆਰਾਮ ਨਾਲ ਸੌਂਦੇ ਹਨ। ਇਸੇ ਤਰਾਂ ਦਾ ਉਤਸਾਹ ਪਿੰਡ ਪੱਕਾ ਚਿਸਤੀ ਦੇ ਲੋਕਾਂ ਦਾ ਵਿਖਾਈ ਦਿੱਤਾ। ਸੱਥ ਵਿਚ ਬੈਠੇ ਲੋਕ ਆਖਦੇ ਹਨ, ਭਾਰਤੀ ਫੌਜ ਹੈ ਤਾਂ ਅਸੀਂ ਸੁਰੱਖਿਅਤ ਹਾਂ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਆਖਦੇ ਹਨ ਕਿ ਫਾਜ਼ਿਲਕਾ ਦੇ ਲੋਕਾਂ ਨੇ ਪ੍ਰਸ਼ਾਸਨ ਅਤੇ ਫੌਜ ਦਾ ਬਹੁਤ ਸਹਿਯੋਗ ਕੀਤਾ ਹੈ ਅਤੇ ਜਿੱਥੋਂ ਦੇ ਲੋਕ ਫੌਜ ਤੇ ਪ੍ਰਸ਼ਾਸਨ ਨਾਲ ਇਸ ਕਦਰ ਇਕਸੁਰ ਹੋ ਕੇ ਕੰਮ ਕਰਦੇ ਹਨ ਉਸ ਦੇਸ਼ ਦੀਆਂ ਸਰਹੱਦਾਂ ਵੱਲੋਂ ਕੋਈ ਦੁਸ਼ਮਣ ਵੇਖ ਵੀ ਨਹੀਂ ਸਕਦਾ ਹੈ।


